# ਪੰਜਾਬੀ ਬਾਰਾਂਮਾਹ—ਇੱਕ ਅਧਿਐਨ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਨੂੰ

ਪੀ-ਐਚ. ਡੀ. ਦੀ ਡਿਗਰੀ ਲਈ

ਪ੍ਰਸਤੁਤ ਕੀਤਾ

**ਸ਼ੋਧ-ਪ੍ਰਬੰਧ**

**1980**


ਨਿਗਰਾਨ :

**ਡਾ: ਤਰਲੋਕ ਸਿੰਘ ਕੰਵਰ**

ਅਧਿਅਕਸ਼,

ਪੰਜਾਬੀ ਵਿਭਾਗ,

ਕੁਰੂਕਸ਼ੇਤਰਾ ਯੂਨੀਵਰਸਿਟੀ,

ਕੁਰੂਕਸ਼ੇਤਰਾ।

ਪ੍ਰੀਖਿਆਰਥੀ :

**ਗੁਰਦੇਵ ਸਿੰਘ ਪੰਦੋਹਲ**

ਪਰਮਾਣਿਤ ਕੀਤਾ ਜਾਂਦਾ ਹੈ ਕਿ ਸ੍ਰ. ਗੁਰਦੇਵ ਸਿੰਘ ਪੰਦੋਹਲ ਪ੍ਰੀਖਿਆਰਥੀ ਪੀ-ਐਚ.ਡੀ. ਨੇ "ਪੰਜਾਬੀ ਬਾਰਾਂਮਾਹ-ਇਕ ਅਧਿਐਨ" ਵਿਸ਼ੇ ਤੇ ਸ਼ੋਧ-ਪ੍ਰਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਉਸਦਾ ਮੌਲਿਕ ਕੰਮ ਹੈ। ਮੈਂ ਸਮਝਦਾ ਹਾਂ ਕਿ ਇਹ ਸ਼ੋਧ-ਪ੍ਰਬੰਧ ਪੰਜਾਬ ਯੂਨੀਵਰਸਿਟੀ ਦੀ ਪੀ-ਐਚ.ਡੀ. ਦੀ ਉਪਾਧੀ ਲਈ ਪੇਸ਼ ਕਰਨ ਯੋਗ ਹੈ।

(ਡਾ.ਤਰਲੋਕ ਸਿੰਘ ਕੰਵਰ)
ਅਧਿਅਕਸ਼
ਪੰਜਾਬੀ ਵਿਭਾਗ,
ਕੁਰੂਕਸ਼ੇਤਰਾ ਯੂਨੀਵਰਸਿਟੀ,
ਕੁਰੂਕਸ਼ੇਤਰਾ।

## ਵਿਸ਼ੇ-ਸੂਚੀ


ਭੂਮਿਕਾ I-XI

ਅਧਿਆਇ ਪਹਿਲਾ 1-16

ਪੰਜਾਬੀ ਲੋਕ ਸਭਿਆਚਾਰ ਵਿਚ ਰੁੱਤਾਧਾਰੀ ਲੋਕ-ਰੂੜ੍ਹੀਆਂ

ਰੁੱਤਾਂ, ਥਿੱਤਾਂ, ਵਾਰ, ਬਾਰਾਂਮਾਹ ਦਾ ਤੁਲਨਾਤਮਕ ਪਰਿਪੇਖ - ਲੋਕ ਸਭਿਆਚਾਰ ਦੀ ਪਰੀਭਾਸ਼ਾ - ਲੋਕ ਸਭਿਆਚਾਰ ਦੀ ਬੁਨਿਆਦੀ ਵਿਧੀ ਅਤੇ ਉਸ ਵਿਧੀ ਉਪਰ ਆਧਾਰਤ ਸੰਚਾਰ-ਜੁਗਤਾਂ ( Communicative Devices ) ਦਾ ਅਧਿਐਨ ਤੇ ਇਸ ਅਧਿਐਨ ਦੇ ਆਧਾਰ ਉਪਰ ਹੀ ਰੁੱਤਾਧਾਰੀ ਰੂੜ੍ਹੀਆਂ ਦੀ ਸਾਰਥਿਕਤਾ।

ਅਧਿਆਇ ਦੂਜਾ 17-31

ਮੋਟਿਫ਼ ਤੇ ਥੀਮ ਅਧਿਐਨ

ਭਾਸ਼ਾਗਤ ਸਾਰਥਿਕਤਾ ਤੇ ਲੋਕ-ਸਭਿਆਚਾਰਕ ਸਾਰਥਿਕਤਾ ਪ੍ਰਸਪਰ ਸੰਬੰਧਾਂ ਵਿਚ -ਭਾਸ਼ਾਈ ਵਾਕ-ਪਰਬੰਧ ਦੀ ਸਾਰਥਿਕਤਾ ਦੀਆਂ ਇਕਾਈਆਂ ਤੇ ਬਾਰਾਂਮਾਹ ਦੀ ਸਾਰਥਿਕਤਾ ਅਤੇ ਇਸ ਸਾਰਥਿਕਤਾ ਦੀਆਂ ਅਰਥਯੁਕਤ ਇਕਾਈਆਂ -ਭਾਸ਼ਾਈ ਪ੍ਰਬੰਧ ਦੀ ਥੀਮ ਦਾ ਲੋਕਸਭਿਆਚਾਰ ਵਿਚ ਰੂਪਾਂਤ੍ਰਣ - ਬਾਰਾਂਮਾਹ ਦੇ ਥੀਮਕ ਅਧਿਐਨ ਵਿਚ ਕਾਵਿ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ।

ਅਧਿਆਇ ਤੀਜਾ 32-60

ਬਾਰਾਂਮਾਹ ਪੰਜਾਬੀ ਦੇ ਅਧਿਆਤਮਕ ਤੇ ਰਹੱਸਵਾਦੀ ਕਾਵਿ ਦੇ ਅੰਤਰਗਤ

ਬਾਰਾਂਮਾਹ ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਦੇ ਸੰਦਰਭ ਵਿਚ — ਇਨ੍ਹਾਂ ਦੋਵਾਂ ਪਰਨਾਲੀਆਂ ਵਿਚ ਬਾਰਾਂਮਾਹ ਦੀ ਸਾਰਥਿਕਤਾ ।

ਅਧਿਆਇ ਚੌਥਾ: 61 - 82

<u>ਬਾਰਾਂਮਾਹ ਪੰਜਾਬੀ ਕਿੱਸਾਕਾਵਿ ਦੇ ਅੰਤਰਗਤ</u>

ਪੰਜਾਬੀ ਸਭਿਆਚਾਰ ਦੇ ਗਲਪ-ਪ੍ਰਬੰਧ ਵਿਚ ਬਾਰਾਂਮਾਹ ਦੇ ਵਿਸ਼ੇਸ਼ ਪਰਯੋਜਨ ਉਪਰ ਵਿਚਾਰ – ਪੰਜਾਬੀ ਕਿੱਸਿਆਂ ਵਿਚ ਪੰਜਾਬੀ ਸਭਿਆਚਾਰ ਦਾ ਚਿੱਤਰ, ਇਸ ਵਿਚਲੀ ਗਲਪ ਰਚਨਾਤਮਕਤਾ ,ਇਨ੍ਹਾਂ ਦੇ ਅੰਤਰਗਤ ਬਾਰਾਂਮਾਹ ਦਾ ਰੋਲ।

<u>ਅਧਿਆਇ ਪੰਜਵਾਂ</u> 83- 92

<u>ਬਾਰਾਂਮਾਹ ਦੀ ਹੋਂਦ-ਵਿਧੀ</u>

ਬਾਰਾਂਮਾਹ ਇਕ ਸਭਿਆਚਾਰਕ ਬਣਤਰ - ਸਮਾਜਕ ਤੇ ਸਭਿਆਚਾਰਕ ਵਿਰਸੇ ਵਿਚ ਬਾਰਾਂਮਾਹ ਦੀ ਕਾਰਜ-ਸ਼ੀਲਤਾ – ਸਮਾਜਕ ਪਰਾਪਤੀ ਦੀ ਸਾਰਥਿਕਤਾ ਵਿਚ ਬਾਰਾਂਮਾਹ ਦਾ ਰੋਲ – ਭਾਸ਼ਾ-ਵਿਗਿਆਨ ਮਾਡਲ, ਬਾਰਾਂਮਾਹ ਦੀ ਬਣਤਰ ਤੇ ਸਭਿਆਚਾਰ ਦਾ ਪ੍ਰਸਪਰ ਸੰਬੰਧ – ਸਮਾਜ-ਸਿਸਟਮ ਤੇ ਬਾਰਾਂਮਾਹ – ਬਾਰਾਂਮਾਹ ਦੀ ਭਾਸ਼ਕ ਤੇ ਚਿਹਨਕ ਸਾਰਥਿਕਤਾ – ਬਾਰਾਂਮਾਹ ਸੁਗਠਿਤ ਪ੍ਰਬੰਧ ਅਤੇ ਬਾਰਾਂਮਾਹ ਅਤਿਰਿਕਤ

(ਓ ਪ੍ਰਬੰਧ –(ਪੰਜਾਬ ਦੀ ਕਾਵਿ-ਰਚਨਪ੍ਰਕ੍ਰਿਆ ਵਿਚ ਬਾਰਾਂਮਾਹ ਇਕ ਰੌਚਨ-ਸੰਸਕਾਰ ਦੇ ਅਰਥਾਂ ਵਿਚ – ਇਸ ਆਧਾਰ ਤੇ ਬਾਰਾਂਮਾਹ ਦੀ ਹੋਂਦ-ਵਿਧੀ ਦਾ ਚਰਿਤ੍ਰ।)

ਨਿਸ਼ਕਰਸ਼ 93–95

ਅੰਤਿਕਾ 96–197

ਪੁਸਤਕ -ਸੂਚੀ 198–205

ਸੁੱਧੀ-ਪੱਤਰ

## ਭੂਮਿਕਾ

"ਪੰਜਾਬੀ ਬਾਰਾਂਮਾਹ-ਇਕ ਅਧਿਐਨ" ਹਥੱਲੇ ਸ਼ੋਧ-ਪ੍ਰਬੰਧ ਦਾ ਸਿਰਲੇਖ ਹੈ। ਇਸ ਸਿਰਲੇਖ ਤੋਂ ਸ਼ੋਧ-ਪ੍ਰਬੰਧ ਦਾ ਵਿਸ਼ਾ ਪੂਰੀ ਤਰ੍ਹਾਂ ਸਪਸ਼ਟ ਨਹੀਂ। ਇਸਲਈ ਇਹ ਜ਼ਰੂਰੀ ਬਣਦਾ ਹੈ ਕਿ ਇਸ ਵਿਸ਼ੇ ਦੀ ਭਰਪੂਰ ਵਿਆਖਿਆ ਤੋਂ ਪਹਿਲਾਂ ਇਸਦੀ ਬੁਨਿਆਦੀ ਧਾਰਨਾ ਤੇ ਅਧਿਐਨ-ਦਿਸ਼ਾ ਨੂੰ ਸਪਸ਼ਟ ਕੀਤਾ ਜਾਵੇ। ਐਸੇ ਉਦੇਸ਼ ਦੇ ਅਧੀਨ ਭੂਮਿਕਾ ਵਜੋਂ ਕੁਝ ਕਹਿਣਾ ਜ਼ਰੂਰੀ ਬਣਦਾ ਹੈ।

ਬਾਰਾਂਮਾਹ ਜਿਸਨੂੰ ਅਸੀਂ ਸਾਧਾਰਨ ਭਾਸ਼ਾ ਵਿਚ ਸਾਲ ਦੇ ਬਾਰਾਂ ਮਹੀਨਿਆਂ ਨਾਲ ਜੋੜ ਸਕਦੇ ਹਾਂ, ਸਾਡੇ ਕਾਵਿ-ਸਾਹਿਤ ਦੀ ਪਰੰਪਰਾ ਵਿਚ ਇਕ ਪਛਾਨਣਯੋਗ ਰੂਪ-ਵਿਧੀ( Pattern ) ਬਣ ਗਈ ਜਾਪਦੀ ਹੈ। ਪੰਜਾਬੀ ਕਾਵਿ ਦੇ ਮੱਧਕਾਲੀ ਸਮੇਂ ਤੋਂ ਲੈਕੇ ਹੁਣ ਤੀਕ ਦੇ ਜ਼ਮਾਨੇ ਵਿਚ ਇਸ ਰੂਪ-ਵਿਧੀ ਦੀ ਵਰਤੋਂ ਨਿਰੰਤਰ ਹੁੰਦੀ ਆਈ ਹੈ। ਗੁਰੂ ਨਾਨਕ ਨੇ ਤੁਖਾਰੀ ਰਾਗ ਵਿਚ ਅਪਣਾ ਬਾਰਾਂਮਾਹ ਰਚਿਆ ਜਿਸਦਾ ਅੰਤਮ ਉਦੇਸ਼ ਤਾਂ ਭਾਵੇਂ ਅਧਿਆਤਮਕਤਾ ਹੈ, ਪਰੰਤੂ ਇਸ ਬਾਰਾਂਮਾਹ ਦੀ ਬਣਤਰ ਵਿਚ ਕਈ ਹੋਰ ਪ੍ਰਕਾਰ ਦੇ ਅਨੁਭਵਾਂ ਦਾ ਮਿਸ਼ਰਣ ਵੀ ਮੌਜੂਦ ਹੈ। ਵਿਸ਼ੇਸ਼ ਕਰਕੇ ਇਸ ਵਿਚ ਪ੍ਰਕ੍ਰਿਤੀ ਦੇ ਬਦਲਦੇ ਸਰੂਪ ਦਾ ਭਰਪੂਰ ਚਿਤ੍ਰਣ ਤੇ ਇਸ ਚਿਤ੍ਰਣ ਦੇ ਅਨੁਰੂਪ ਬ੍ਰਿਹਨ ਦੀ ਮਨੋਅਵਸਥਾ ਵਰਨਣਯੋਗ ਹਨ। ਐਸੇ ਤਰ੍ਹਾਂ ਗੁਰੂ ਅਰਜਨ ਦਾ ਰਾਗ ਮਾਝ ਵਿਚ ਲਿਖਿਆ ਬਾਰਾਂਮਾਹ ਅਧਿਆਤਮਕਤਾ ਨੂੰ ਪ੍ਰਗਟਾਉਣ ਵਾਲਾ ਬਾਰਾਂਮਾਹ ਹੈ। ਬਾਰਾਂਮਾਹ ਨੂੰ ਗੁਰੂਆਂ ਤੋਂ ਉਪਰੰਤ ਸੂਫ਼ੀਆਂ ਨੇ ਵੀ ਅਪਣੇ ਕਾਵਿ

ਵਿਚ ਵਿਸ਼ੇਸ਼ ਥਾਂ ਦਿੱਤੀ ਹੈ। ਕਿੱਸਾਕਾਰ ਕਵੀਆਂ ਨੇ ਵੀ ਬਾਰਾਂਮਾਹ ਦੀ ਵਰਤੋਂ ਸਪਸ਼ਟ ਜਾਂ ਲੁਕਵੇਂ ਰੂਪ ਵਿਚ ਕੀਤੀ ਹੈ। ਆਧੁਨਿਕ ਯੁੱਗ ਵਿਚ ਵੀ ਬਾਰਾਂਮਾਹ ਲਿਖੇ ਗਏ ਹਨ। ਭਾਵੇਂ ਆਰੰਭ ਵਿਚ ਬਹੁਤੇ ਬਾਰਾਂਮਾਹ ਰਵਾਇਤੀ ਕਿਸਮ ਦੇ ਹੀ ਹਨ ਪਰੰਤੂ ਆਧੁਨਿਕ ਸੰਵੇਦਨਾ ਦੀ ਪ੍ਰਤੀਨਿਧਤਾ ਕਰਨ ਵਾਲੇ ਕਵੀਆਂ ਨੇ ਨਵੀਆਂ ਸਮੱਸਿਆਵਾਂ ਨੂੰ ਆਧਾਰ ਬਣਾਕੇ ਵੀ ਬਾਰਾਂਮਾਹ ਲਿਖੇ ਹਨ। ਇਸ ਵਿਚ ਅਸੀਂ ਵਿਸ਼ੇਸ਼ ਕਰਕੇ ਪਾਕਿਸਤਾਨੀ ਪੰਜਾਬੀ ਕਵੀ ਮੌਲਾ ਬਖਸ਼ ਕੁਸ਼ਤਾ ਅਤੇ ਭਾਰਤੀ ਪੰਜਾਬੀ ਕਵਿਤਰੀ ਅੰਮ੍ਰਿਤਾ-ਪ੍ਰੀਤਮ ਦਾ ਨਾਂ ਵਿਸ਼ੇਸ਼ ਕਰਕੇ ਲੈ ਸਕਦੇ ਹਾਂ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਰਾਂਮਾਹ ਇਕ ਨਿਰਲਿਪਤ ਰੂਪ ਵਾਂਗ ਪੰਜਾਬੀ ਕਾਵਿ ਦੀ ਪਰੰਪਰਾ ਵਿਚ ਵਰਤਿਆ ਜਾਂਦਾ ਰਿਹਾ ਹੈ। ਇਹ ਬਾਰਾਂਮਾਹ ਦੀ ਅਧਿਆਤਮਕਤਾ ਨੂੰ ਸਿੱਧ ਕਰਨ ਵਾਲੀ ਵਿਸ਼ੇਸ਼ਤਾ ਹੈ। ਪਰੰਤੂ ਜਦੋਂ ਅਸੀਂ ਬਾਰਾਂਮਾਹ ਦੀ ਸਾਹਿਤਕ ਰੂਪ-ਵਿਧੀ ਤੋਂ ਰਤਾ ਕੁ ਪਿਛੇਰੇ ਜਾਣ ਦਾ ਪਰਯਾਸ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਮੂਲ ਰੂਪ ਵਿਚ ਬਾਰਾਂਮਾਹ ਇਕ ਲੋਕ-ਰੂੜ੍ਹੀ ਹੈ। ਲੋਕ-ਰੂੜ੍ਹੀ ਤੋਂ ਭਾਵ ਇਕ ਐਸੀ ਪਰਪੱਕ ਬਣਤਰ ਤੋਂ ਹੈ ਜਿਸਦੀ ਮਦਦ ਨਾਲ ਲੋਕ-ਭਾਈਚਾਰਾ ਜੀਵਨ ਦੇ ਕਿਸੇ ਪਹਿਲੂ ਨੂੰ ਸਾਰਥਕ ਸੰਗਠਨ ਦੇ ਸਕਣ ਦੇ ਯੋਗ ਹੁੰਦਾ ਹੈ। ਲੋਕ-ਭਾਈਚਾਰੇ ਵਿਚ ਬਾਰਾਂਮਾਹ ਤੋਂ ਬਿਨਾਂ ਕਈ ਹੋਰ ਅਜਿਹੀਆਂ ਰੂੜ੍ਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਰਾਹੀਂ ਵੱਖਰੇ ਵੱਖਰੇ ਪ੍ਰਕਾਰ ਦੇ ਅਰਥਾਂ ਦੇ ਸੰਗਠਨ ਸਾਹਮਣੇ ਆਉਂਦੇ ਹਨ। ਬਾਰਾਂਮਾਹ ਅਜਿਹੇ ਸੰਗਠਨਾਂ ਦੇ ਅੰਤਰਗਤ ਆਪਣਾ ਵੱਖਰਾ ਚ੍ਰਿੱਤਰ ਰਖਦਾ ਹੈ। ਮੂਲ ਰੂਪ ਵਿਚ ਬਾਰਾਂਮਾਹ ਪ੍ਰਕ੍ਰਿਤੀ ਦੇ ਪਰੀਵਰਤਨ ਨਾਲ ਸੰਬੰਧਤ ਗੱਲਾਂ ਦਾ ਵਰਨਣ ਕਰਦਾ ਹੈ ਅਤੇ ਇਸ ਵਰਨਣ ਰਾਹੀਂ ਕੋਈ ਵੀ ਭਾਈਚਾਰਾ ਅਪਣੇ ਨਿਤਾਪ੍ਰਤੀ ਜੀਵਨ ਨੂੰ ਕਾਲ ਦੇ ਹਿਸਾਬ ਨਾਲ ਸੁਨਿਯਮਤ ਕਰਦਾ ਹੈ। ਸਭਿਆਚਾਰ ਦਾ ਵਿਕਾਸ ਇਹ ਦਸਦਾ ਹੈ ਕਿ

ਲੋਕ-ਭਾਈਚਾਰੇ ਵਿਚ ਸਥਿਤ ਹੋ ਚੁਕੀਆਂ ਰੂੜ੍ਹੀਆਂ ਹੀ ਸਭਿਆਚਾਰ ਦੇ ਵੱਖ ਵੱਖ ਪੜਾਵਾਂ ਉਪਰ ਨਵੇਂ ਅਰਥ ਗ੍ਰਹਿਣ ਕਰਦੀਆਂ ਹਨ। ਇਸ ਧਾਰਨਾ ਦੇ ਅਧੀਨ ਜਦੋਂ ਅਸੀਂ ਬਾਰਾਂਮਾਹ ਨੂੰ ਰੱਖਕੇ ਵੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਬਾਰਾਂਮਾਹ ਲੋਕ-ਰੂੜ੍ਹੀ ਤੋਂ ਤੁਰ ਕੇ ਉਚੇਰੀਆਂ ਸਾਹਿਤਕ ਪ੍ਰਾਪਤੀਆਂ ਦਾ ਭਾਗ ਬਣਦਾ ਹੈ। ਸਾਹਿਤਕ ਸਭਿਆਚਾਰ ਵਿਚ ਇਹ ਇਕ ਬੜੀ ਮੁੱਲਵਾਨ ਪ੍ਰਾਪਤੀ ਹੈ। ਇਸ ਰਾਹੀਂ ਕਿਸੇ ਪ੍ਰਚਲਤ ਪਰਵਿਰਤੀ ਨੂੰ ਦੁਜੈਲੇ ਅਰਥ -ਪ੍ਰਸੰਗ ਵਿਚ ਪੇਸ਼ ਕੀਤਾ ਜਾਂਦਾ ਹੈ। ਦੁਜੈਲਾ ਅਰਥ-ਪ੍ਰਬੰਧ ਮੂਲ ਤੋਂ ਕਿਤੇ ਵੱਖਰਾ ਹੁੰਦਾ ਹੈ ਅਤੇ ਉਸ ਵਿਚ ਅਗ੍ਹਾਂ ਮੌਲਣ ਤੇ ਵਿਗਸਣ ਦੀਆਂ ਕਈ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਬਾਰਾਂਮਾਹ ਦੇ ਥੀਮਕ ਪਹਿਲੂ ਵਿਚ ਵੀ ਇਸ ਤਰ੍ਹਾਂ ਦਾ ਵਿਕਾਸ ਆਉਂਦਾ ਗਿਆ ਹੈ। ਮੂਲ ਰੂਪ ਵਿਚ ਬਾਰਾਂਮਾਹ ਮਹੀਨਿਆਂ ਦਾ ਵਰਨਣ ਹੈ, ਪਰੰਤੂ ਦੁਜੈਲੇ ਰੂਪ ਵਿਚ ਬਾਰਾਂਮਾਹ ਮਹੀਨਿਆਂ ਦੇ ਪਰੀਵਰਤਨ ਦੇ ਨਾਲ ਨਾਲ ਬ੍ਰਿਹਨ ਦੇ ਮਨ ਦੀ ਵਿਵਸਥਾ ਨੂੰ ਵੀ ਜ਼ਾਹਰ ਕਰਨਾ ਸ਼ੁਰੂ ਕਰਦਾ ਹੈ। ਇਹ ਇਕ ਨਿਸਚੇ ਹੀ ਨਵੀਂ ਪ੍ਰਕਾਰ ਦੀ ਪ੍ਰਾਪਤੀ ਹੈ। ਇਸਤੋਂ ਉਪਰੰਤ ਬਾਰਾਂਮਾਹ ਦੀ ਸਾਰੀ ਸ਼ਕਤੀ ਨੂੰ ਅਧਿਆਤਮਕਤਾ ਦੇ ਅਧੀਨ ਵਰਤਣ ਦੀ ਪਰਵਿਰਤੀ ਸਾਹਮਣੇ ਆਉਂਦੀ ਹੈ। ਇਸ ਪ੍ਰਸੰਗ ਵਿਚ ਬਾਰਾਂਮਾਹ ਅਪਣੀ ਪੂਰਬਲੀ ਪ੍ਰਾਪਤੀ ਨੂੰ ਅਧਿਆਤਮਕਤਾ ਦੇ ਅਰਥਾਂ ਨੂੰ ਸੰਗਠਨ ਦੇਣ ਲਈ ਵਰਤਦਾ ਹੈ। ਇਥੋਂ ਹੀ ਅਸੀਂ ਅਰਥਾਂ ਦੇ ਦੁਜੈਲੇ ਪਾਸਾਰ ਦੀ ਸਾਰਥਕਤਾ ਨੂੰ ਉਘੜਦਾ ਵੇਖਦੇ ਹਾਂ। ਇਸਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਬਾਰਾਂਮਾਹ ਨੂੰ ਅਪਣੇ ਮੂਲ ਤੋਂ ਵੱਖਰੀ ਸਾਰਥਕਤਾ ਦੇ ਪ੍ਰਗਟਾਉਣ ਲਈ ਵਰਤਿਆ ਜਾ ਰਿਹਾ ਹੈ। ਪਰੰਤੂ ਇਥੇ ਇਕ ਸਮੱਸਿਆ ਪੈਦਾ ਹੋ ਜਾਂਦੀ ਹੈ। ਇਹ ਸਮੱਸਿਆ ਮੂਲ ਸਾਰਥਕਤਾ ਤੇ ਦੁਜੈਲੀ ਸਾਰਥਕਤਾ ਦਾ ਦੁਵੈਤ ਹੈ। ਬਾਰਾਂਮਾਹ ਆਪਣੇ ਮੂਲ ਵਿਚ ਲੋਕ-ਰੂੜ੍ਹੀ ਹੈ ਜਿਸ ਵਿਚ ਪ੍ਰਕ੍ਰਿਤੀ-ਪਰੀਵਰਤਨ ਅਤੇ ਬ੍ਰਿਹਨ ਦੀ ਮਨੋਅਵਸਥਾ

ਦਾ ਚਿਤ੍ਰਣ ਹੁੰਦਾ ਹੈ ਅਤੇ ਅਧਿਆਤਮਕਤਾ ਆਪਣੇ ਅੰਤਿਮ ਅਰਥਾਂ ਵਿਚ ਪਾਰਲੌਕਿਕ ਹੈ। ਲੌਕਿਕਤਾ ਤੇ ਪਾਰ-ਲੌਕਿਕਤਾ ਇਸ ਤਰ੍ਹਾਂ ਬਾਰਾਂਮਾਹ ਦੀ ਰੂਪ-ਵਿਧੀ ਵਿਚ ਦੋ ਪ੍ਰਸਪਰ ਵਿਰੋਧੀ ਤੇ ਅਸੰਗਤ ਪਰਵਿਰਤੀਆਂ ਵਾਂਗ ਸ਼ਾਮਿਲ ਹੋ ਜਾਂਦੇ ਹਨ। ਇਹ ਵੇਖਣ ਨੂੰ ਇਕ ਐਸਾ ਦੁਵੈਤ ਜਾਪਦਾ ਹੈ ਜੋ ਦੋ ਸਾਰਥਕਤਾਵਾਂ ਨੂੰ ਆਪੋ ਵਿਚ ਉਲਝਾਣ ਵਾਲਾ ਹੈ, ਪਰੰਤੂ ਰਤਾ ਕੁ ਡੂੰਘੀ ਨੀਝ ਨਾਲ ਵੇਖਿਆਂ ਪਤਾ ਲਗਦਾ ਹੈ ਕਿ ਸਾਰਥਕਤਾ ਦੇ ਪ੍ਰਗਟਾਉਣ ਲਈ ਐਸੇ ਤਰ੍ਹਾਂ ਦੀਆਂ ਵਿਰੋਧੀ ਪਰਵਿਰਤੀਆਂ ਵਾਲੀਆਂ ਰੂਪ-ਵਿਧੀਆਂ ਮਨੁੱਖੀ ਸਮਾਜ ਵਿਚ ਕੰਮ ਕਰਦੀਆਂ ਹਨ। ਇਨ੍ਹਾਂ ਦੇ ਵਿਰੋਧੀ ਵਿਚ ਜੋ ਸੰਬੰਧ ਹੁੰਦਾ ਹੈ ਉਹ ਸਮਾਜਕ ਮਰਯਾਦਾ ਦੇ ਆਧਾਰ ਤੇ ਨਿਸ਼ਚਿਤ ਹੁੰਦਾ ਹੈ। ਇਹ ਸੰਬੰਧ ਨਾਂ ਤਾਂ ਪ੍ਰਾਕ੍ਰਿਤਕ ਹੁੰਦਾ ਹੈ ਤੇ ਨਾਂ ਹੀ ਕਾਰਜ-ਕਾਰਨ ਯੁਕਤ। ਸਗੋਂ ਇਸ ਸੰਬੰਧ ਨੂੰ ਸਮਾਜਕ ਮਰਯਾਦਾ ਦਾ ਦੁਹਰਾਓ ਹੀ ਬਣਾਉਂਦਾ ਤੇ ਪਰਪੱਕ ਕਰਦਾ ਹੈ। ਇਸ ਗੱਲ ਨੂੰ ਸਮਝਣ ਲਈ ਅਸੀਂ ਭਾਸ਼ਾ ਦੀ ਮਿਸਾਲ ਲੈ ਸਕਦੇ ਹਾਂ। ਭਾਸ਼ਾ ਵਿਚਲਾ ਹਰ ਸ਼ਬਦ ਕਿਸੇ ਵਸਤੂ ਦਾ ਨਾਮ ਹੁੰਦਾ ਹੈ। ਪਰੰਤੂ ਵਸਤੂ ਤੇ ਨਾਮ ਵਿਚ ਕੋਈ ਪ੍ਰਾਕ੍ਰਿਤਕ, ਪਦਾਰਥਕ ਜਾਂ ਕਾਰਜ-ਕਾਰਨ-ਯੁਕਤ ਸੰਬੰਧ ਨਹੀਂ ਹੁੰਦਾ। ਇਹ ਸੰਬੰਧ ਆਪ ਹੁਦਰਾ ਹੁੰਦਾ ਹੈ ਅਤੇ ਇਸ ਨੂੰ ਨਿਸ਼ਚਿਤ, ਸਮਾਜਕ ਮਰਯਾਦਾ ਹੀ ਕਰਦੀ ਹੈ, ਇਸਦਾ ਸਪਸ਼ਟ ਅਰਥ ਇਹ ਹੈ ਕਿ ਭਾਸ਼ਾ ਪਦਾਰਥਕ ਵਸਤਾਂ ਨੂੰ ਸਾਰਥਕ ਸੰਗਠਨ ਵਿਚ ਬੰਨ੍ਹਦੀ ਹੈ। ਇਹ ਵਸਤਾਂ ਦਾ ਅਨੁਕਰਨ ਨਹੀਂ ਕਰਦੀ ਸਗੋਂ ਵਸਤਾਂ ਬਾਰੇ ਚਿਹਨਾਂ ਦਾ ਇਕ ਪ੍ਰਬੰਧ ਬਣਾਉਂਦੀ ਹੈ। ਐਸੇ ਤਰ੍ਹਾਂ ਮਨੁੱਖ ਜਿਉਂ ਜਿਉਂ ਸਾਰਥਕਤਾ ਦੀਆਂ ਦੂਸਰੀਆਂ ਤੇ ਉਪਰੀਆਂ ਪ੍ਰਾਪਤੀਆਂ ਵਲ ਵਧਦਾ ਹੈ, ਉਹ ਭਾਸ਼ਾ ਦੀ ਚਿਹਨਕੀ ਪਰਵਿਰਤੀ ਦੇ ਅਧੀਨ ਚਿਹਨਕਾਰੀ ਦਾ ਕੰਮ ਹੀ ਕਰਦਾ ਹੈ। ਚਿਹਨਕਾਰੀ ਪ੍ਰਾਕ੍ਰਿਤਕ ਜਾਂ ਕਾਰਜ-ਕਾਰਨ-ਯੁਕਤ ਸੰਬੰਧਾਂ ਦੀ ਥਾਂ ਮਸਨੂਈ ਸੰਬੰਧ ਸਥਾਪਤ ਕਰਕੇ ਅਮੂਰਤ ਵਿਚਾਰਾਂ ਤੇ ਅਰਥਾਂ ਨੂੰ ਸੰਗਠਨ ਦੇਣ ਦਾ ਵਸੀਲਾ ਬਣਦੀ

ਹੈ। ਇਸ ਪਰਵਿਰਤੀ ਦੇ ਅਧੀਨ ਮਨੁੱਖ ਅਪਣੀ ਹਰ ਪ੍ਰਾਪਤੀ ਨੂੰ ਰੂਪਆਤਮਕ ਇਕਾਗਰਤਾ ਵਜੋਂ ਵਸਤੂ ਤੇ ਸਾਮਗਰੀ ਤੋਂ ਖ਼ਾਲੀ ਕਰ ਲੈਂਦਾ ਹੈ ਅਤੇ ਇਸ ਸੱਖਣੇ ਰੂਪ-ਪ੍ਰਬੰਧ ਨੂੰ ਵਸਤੂ, ਸਾਮਗਰੀ ਜਾਂ ਵਿਸ਼ੇ ਤੋਂ ਨਿਰਲਿਪਤ ਕਰਕੇ ਇਕ ਵਿਆਪਕ ਮਾਡਲ ਬਣਾ ਲੈਂਦਾ ਹੈ। ਜਿਵੇਂ ਅਸੀਂ ਭਾਸ਼ਾ ਰਾਹੀਂ ਤਰ੍ਹਾਂ ਤਰ੍ਹਾਂ ਦੇ ਵਿਸ਼ਿਆਂ ਨੂੰ ਪਰਗਟਾ ਸਕਣ ਦੇ ਯੋਗ ਹੁੰਦੇ ਹਾਂ, ਐਸੇ ਤਰ੍ਹਾਂ ਅਸੀਂ ਹੋਰ ਚਿਹਨਕੀ ਪ੍ਰਾਪਤੀਆਂ ਰਾਹੀਂ ਵੀ ਭਿੰਨ ਭਿੰਨ ਪ੍ਰਕਾਰ ਦੇ ਵਿਸ਼ਿਆਂ ਨੂੰ ਸੰਗਠਨ ਦੇਣ ਦੇ ਯੋਗ ਹੋ ਸਕਦੇ ਹਾਂ। ਪੰਜਾਬੀ ਜਗਤ ਵਿਚ ਬਾਰਾਂਮਾਹ ਵੀ ਇਕ ਐਸੀ ਹੀ ਪਰਵਿਰਤੀ ਵਜੋਂ ਕੰਮ ਕਰਦਾ ਨਜ਼ਰ ਆਉਂਦਾ ਹੈ। ਸਾਡੇ ਗੁਰੂਆਂ, ਸੂਫ਼ੀਆਂ, ਕਿੱਸਾਕਾਰਾਂ ਆਦਿ ਨੇ ਬਾਰਾਂਮਾਹ ਨੂੰ ਇਕ ਸਖਣੇ ਤੇ ਵਿਆਪਕ ਰੂਪ ਵਜੋਂ ਵਰਤਿਆ ਹੈ। ਇਸ ਤਰ੍ਹਾਂ ਬਾਰਾਂਮਾਹ ਨੂੰ ਉਸਦੇ ਨਿਰੋਲ ਪ੍ਰਾਕ੍ਰਿਤਕ ਪਰਪੰਚ ਤੋਂ ਆਜ਼ਾਦ ਕਰ ਦਿੱਤਾ ਹੈ। ਬਾਰਾਂਮਾਹ ਪ੍ਰਕ੍ਰਿਤੀ ਵੱਲ ਸੰਕੇਤ ਕਰਦਾ ਹੋਇਆ ਵੀ ਪ੍ਰਾਕ੍ਰਿਤਕ ਨਹੀਂ ਰਿਹਾ ਸਗੋਂ ਇਹ ਤਾਂ ਇਕ ਐਸਾ ਸੱਖਣਾ ਰੂਪ ਬਣ ਗਿਆ ਹੈ ਜਿਸ ਰਾਹੀਂ ਅਸੀਂ ਕਈ ਪ੍ਰਕਾਰ ਦੇ ਪਰਸੰਗਾਂ ਦੀ ਸਾਰਥਕਤਾ ਨੂੰ ਅਪਣੀ ਪਕੜ ਵਿਚ ਲੈ ਸਕਣ ਦੇ ਯੋਗ ਹੁੰਦੇ ਹਾਂ। ਐਸੇ ਦਿਸ਼ਾ ਵਿਚ ਹੀ ਸਾਡੇ ਹਥੱਲੇ ਸ਼ੋਧ-ਪ੍ਰਬੰਧ ਵਿਚ ਪੰਜਾਬੀ ਬਾਰਾਂਮਾਹ ਬਾਰੇ ਵਿਚਾਰ ਕੀਤੀ ਗਈ ਹੈ।

ਇਸ ਪਰਸੰਗ ਵਿਚ ਬਾਰਾਂਮਾਹ ਜਿਹਾ ਕਿ ਉਪਰ ਵੀ ਕਿਹਾ ਜਾ ਚੁੱਕਿਆ ਹੈ ਇਕ ਸੱਖਣੇ ਰੂਪ ਦੇ ਅਰਥ ਦੇਂਦਾ ਹੈ। ਬਾਰਾਂਮਾਹ ਦੀ ਇਸ ਪਰਵਿਰਤੀ ਨੂੰ ਉਘੜਵੇਂ ਅਰਥਾਂ ਵਿਚ ਪਛਾਨਣ ਲਈ ਸਾਨੂੰ ਇਸਦੇ ਨਾਲ ਲਗਦੀਆਂ ਦੂਜੀਆਂ ਪਰਵਿਰਤੀਆਂ ਦਾ ਜਾਇਜ਼ਾ ਲੈਣਾ ਵੀ ਜ਼ਰੂਰੀ ਬਣਦਾ ਹੈ। ਮੱਧਕਾਲੀ ਪੰਜਾਬੀ ਕਾਵਿ ਵਿਚ ਹੋਰ ਵੀ ਐਸੇ ਸਖਣੇ ਰੂਪ ਮਿਲ ਜਾਂਦੇ ਹਨ। ਉਨ੍ਹਾਂ ਵਿਚ ਵੀ ਮੂਲ ਵਿਸ਼ੇ ਅਤੇ ਦੁਜੈਲੇ

ਅਰਥਾਂ ਦੇ ਦਵੈਤ ਦੀ ਵਿਧੀ ਕੰਮ ਕਰਦੀ ਦਿਸਦੀ ਹੈ। ਇਸ ਪਰਸੰਗ ਵਿਚ ਅਸੀਂ ਵਾਰਾਂ, ਘੋੜੀਆਂ, ਅਲਾਹੁਣੀਆਂ ਆਦਿਕ ਦਾ ਜ਼ਿਕਰ ਕਰ ਸਕਦੇ ਹਾਂ। ਵਾਰ ਅਪਣੇ ਲੌਕਿਕ ਰੂਪ ਵਿਚ ਜੋਧਿਆਂ ਬਹਾਦਰਾਂ ਦੀਆਂ ਲੜਾਈਆਂ ਦਾ ਵਰਨਣ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਸਮਾਜਕ ਤੇ ਅਧਿਆਤਮਕ ਹਨ। ਇਸਦਾ ਅਰਥ ਇਹ ਹੈ ਕਿ ਗੁਰੂਆਂ ਨੇ ਇਨ੍ਹਾਂ ਵਾਰਾਂ ਨੂੰ ਪੂਰਬਲੇ ਪਰਸੰਗਾਂ ਤੋਂ ਤੋੜ ਕੇ ਨਵੇਂ ਪਰਸੰਗਾਂ ਨਾਲ ਜੋੜਿਆ ਹੈ। ਇਹ ਵਾਰ ਨੂੰ ਇਕ ਸੰਖਣੇ ਰੂਪ ਵਜੋਂ ਵਰਤ ਸਕਣ ਦੀ ਸਮਰੱਥਾ ਦਾ ਪਰਮਾਣ ਹੈ। ਏਸੇ ਤਰ੍ਹਾਂ ਘੋੜੀ ਲੋਕ-ਭਾਈਚਾਰੇ ਵਿਚ ਵਿਆਹ ਦਾ ਗੀਤ ਹੈ। ਪਰੰਤੂ ਗੁਰੂਆਂ ਨੇ ਇਸ ਨੂੰ ਵੀ ਅਧਿਆਤਮਕਤਾ ਨਾਲ ਜੋੜਿਆ ਹੈ। ਅਲਾਹੁਣੀਆਂ ਵੀ ਭਾਵੇਂ ਮੂਲ ਰੂਪ ਵਿਚ ਰੁਦਨ-ਗੀਤ ਹਨ, ਗੁਰੂਆਂ ਤੇ ਸੂਫ਼ੀਆਂ ਨੇ ਇਨ੍ਹਾਂ ਨੂੰ ਵੀ ਅਧਿਆਤਮਕ ਅਰਥਾਂ ਦੇ ਸੰਗਠਨ ਲਈ ਵਰਤਿਆ ਹੈ। ਇਸ ਪਰਵਿਰਤੀ ਦੇ ਅਧੀਨ ਹੀ ਬਾਰਾਂਮਾਹ ਦੀ ਵਰਤੋਂ ਵੀ ਹੋਈ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਾਡੀ ਕਾਵਿ-ਪਰੰਪਰਾ ਵਿਚ ਗਿਆਨ-ਸ਼ਾਸਤਰੀ ਦ੍ਰਿਸ਼ਟੀ ਵੀ ਅਚੇਤ ਪੱਧਰ ਉਤੇ ਨਾਲੋ ਨਾਲ ਚਲਦੀ ਜਾ ਰਹੀ ਹੈ। ਰਚਨਾ ਤੇ ਰਚਨਾ ਪ੍ਰਤੀ ਗਿਆਨਸ਼ਾਸਤਰੀ ਦ੍ਰਿਸ਼ਟੀ ਦਾ ਆਪਸੀ ਸੰਬੰਧ ਸੁਚੇਤ ਸੰਦੇਸ਼ ਤੇ ਅਚੇਤ ਨੇਮ ਦਾ ਸੰਬੰਧ ਹੈ। ਕੋਈ ਵੀ ਸਾਰਥਕ ਸੰਦੇਸ਼ ਬੋਧਗਮ ਤਾਂ ਹੀ ਹੁੰਦਾ ਹੈ ਜੇ ਉਹ ਅੰਦਰੋਂ ਕਿਸੇ ਨੇਮ-ਪ੍ਰਬੰਧ ਉਪੱਰ ਆਧਾਰਤ ਹੋਵੇ। ਇਸ ਤਰ੍ਹਾਂ ਅਸੀਂ ਸਿੱਟੇ ਵਜੋਂ ਇਸ ਪ੍ਰਸਤਾਵ ਤੇ ਪੁੱਜਦੇ ਹਾਂ ਕਿ ਸਾਡੀ ਮੱਧਕਾਲੀ ਕਾਵਿ-ਪਰੰਪਰਾ ਵਿਚ ਸਾਡੇ ਕਾਵਿ-ਰਚੈਤਾ ਕਾਵਿ-ਰਚਨਾ ਦੇ ਨਾਲੋ ਨਾਲ ਉਸਦੇ ਨੇਮ-ਵਿਧਾਨ ਸੰਬੰਧੀ ਵੀ ਚੇਤੰਨ ਹਨ। ਦੂਜੇ ਸ਼ਬਦਾਂ ਵਿਚ ਉਹ ਕਾਵਿ ਦੇ ਨਾਲ ਨਾਲ ਕਾਵਿ-ਸ਼ਾਸਤਰ ਵੀ ਦੇਈ

ਜਾਂਦੇ ਹਨ। ਅੱਜ ਜਦੋਂ ਅਸੀਂ ਪੁਰਾਣੇ ਕਾਵਿ ਦੀ ਪਰੰਪਰਾ ਨੂੰ ਅਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਸਾਡੇ ਲਈ ਇਹ ਅਨੁਵਾਰੀ ਹੋ ਜਾਂਦਾ ਹੈ ਕਿ ਅਸੀਂ ਇਸ ਕਵਿਤਾ ਦੀ ਪਰੰਪਰਾ ਵਿਚ ਕੰਮ ਕਰਦੇ ਨੇਮ-ਵਿਧਾਨ ਨੂੰ ਨਿਖਾਰ ਕੇ ਅਪਣੇ ਸਾਹਮਣੇ ਕਰ ਲਈਏ ਤਾਂ ਜੋ ਭਾਸ਼ਾ ਦੀ ਗਰਾਮਰ ਦੇ ਅਨੁਰੂਪ ਅਸੀਂ ਅਪਣੇ ਕਾਵਿ ਦੀ ਗਰਾਮਰ ਵੀ ਸਥਾਪਤ ਕਰ ਸਕੀਏ। ਯਾਦ ਰਖਣਾ ਚਾਹੀਦਾ ਹੈ ਕਿ ਜਦੋਂ ਅਸੀਂ ਨੇਮ-ਵਿਧਾਨ ਦੀ ਭਾਲ ਵਿਚ ਤੁਰਦੇ ਹਾਂ, ਮਾਨੋ ਜੀਵਨ ਦੇ ਕਿਸੇ ਪੱਖ ਦੀ ਗਰਾਮਰ ਸਥਾਪਤ ਕਰਨਾ ਚਾਹੁੰਦੇ ਹਾਂ ਤਾਂ ਉਦੋਂ ਸਾਡੀ ਯਾਤ੍ਰਾ ਪਰਪੰਚੀ ਖਿਲਾਰ ਤੋਂ ਸੁਗਠੱਤ ਪ੍ਰਬੰਧ ਵੱਲ ਦੀ ਹੁੰਦੀ ਹੈ। ਜਿਉਂ ਜਿਉਂ ਸਾਡੀ ਸੁਗਠੱਤ ਪ੍ਰਬੰਧ ਵਾਲੀ ਚੇਤੰਤਾ ਜ਼ੋਰ ਪਕੜਦੀ ਹੈ ਤਿਉਂ ਤਿਉਂ ਪਰਪੰਚੀ ਵਾਸਤਵਿਕਤਾ ਅਪਣੇ ਵਸਤੂ ਨੂੰ ਤਿਆਗਦੀ ਚਲੀ ਜਾਂਦੀ ਹੈ ਅਤੇ ਰੂਪ ਵਿਚ ਸਥਿਤ ਹੁੰਦੀ ਜਾਂਦੀ ਹੈ ਅਤੇ ਅੰਤਮ ਪ੍ਰਾਪਤੀ ਵਜੋਂ ਇਕ ਸੱਖਣੇ ਰੂਪ ਦੀ ਨਿਰਲਿਪਤ ਵਿਆਪਕਤਾ ਦਾ ਚਿਤ੍ਰੱਰ ਧਾਰਨ ਕਰ ਲੈਂਦੀ ਹੈ ਐਨ ਇਸੇ ਤਰ੍ਹਾਂ ਜਿਵੇਂ ਭਾਸ਼ਾ ਦਾ ਵਾਕ ਹੋਵੇ। ਭਾਸ਼ਾ ਦਾ ਵਾਕ ਅਨਿਕ ਪ੍ਰਕਾਰ ਦੀ ਸੂਚਨਾ ਨੂੰ ਪੇਸ਼ ਕਰਨ ਦਾ ਮਾਡਲ ਤੇ ਮਾਧਿਅਮ ਹੈ। ਪਰ ਹਰ ਹਾਲ ਵਿਚ ਇਹ ਕਾਵ ਅਪਣੀ ਰੂਪਆਤਮਕ ਇਕਾਗਰਤਾ ਨੂੰ ਇਕੋ ਜਿਹਾ ਰੱਖਦਾ ਹੈ। ਅਰਥਾਤ ਇਸਦੀ ਵਿਆਕਰਣਕ ਬਣਤਰ ਹਰ ਸਮੇਂ ਇਕੋ ਜਿਹੀ ਰਹਿੰਦੀ ਹੈ ਅਤੇ ਇਹ ਮਾਨਵ-ਜੀਵਨ ਦੀ ਹਰ ਕ੍ਰਿਆ ਪ੍ਰਕ੍ਰਿਆ ਨੂੰ ਬਿਨਾਂ ਹੀਲ ਹੁਜੱਤ ਪ੍ਰਗਟਾਉਣ ਲਈ ਤੇ ਸੰਚਾਰਨ ਲਈ ਤਿਆਰ ਰਹਿੰਦਾ ਹੈ। ਇਹੀ ਸੱਖਣੇ ਰੂਪ ਦਾ ਚ੍ਰਿਤੱਰ ਹੈ। ਜਦੋਂ ਅਸੀਂ ਬਾਰਾਂਮਾਹ ਨੂੰ ਇੱਕ ਸੱਖਣਾ ਰੂਪ ਕਹਿੰਦੇ ਹਾਂ ਤਾਂ ਉਦੋਂ ਸਾਡਾ ਭਾਵ ਇਹੀ ਹੁੰਦਾ ਹੈ ਕਿ ਬਾਰਾਂਮਾਹ ਅਪਣੇ ਵਿਸ਼ੇਸ਼ ਪ੍ਰਬੰਧ ਦੀ ਸੀਮਾਂ ਦੇ ਅੰਤਰਗਤ ਅਨਿਕ ਪ੍ਰਕਾਰ ਦੇ ਵਿਸ਼ਿਆਂ ਨੂੰ ਸਮੇਟ ਕੇ ਸੰਗਠਨ

ਦੇਣ ਦੇ ਯੋਗ ਹੈ। ਇਸੇ ਦਿਸ਼ਾ ਵਿਚ ਸਾਡਾ ਸਾਰਾ ਸ਼ੋਧ-ਪ੍ਰਬੰਧ ਕਾਰਜਸ਼ੀਲ ਹੈ।

ਸ਼ੋਧ-ਪ੍ਰਬੰਧ ਦੀ ਸਾਰੀ ਸਾਮਗੱਰੀ ਨੂੰ ਸਿਲਸਿਲੇਵਾਰ ਅਤੇ ਕੇਂਦਰੀ ਤਰਕ-ਪੱਧਤੀ ਉਪਰ ਆਧਾਰਤ ਕਰਕੇ ਪੇਸ਼ ਕਰਨ ਲਈ ਇਸਨੂੰ ਕਈ ਅਧਿਆਵਾਂ ਵਿਚ ਵੰਡਿਆ ਗਿਆ ਹੈ। ਸ਼ੋਧ-ਪ੍ਰਬੰਧ ਦੀ ਧਾਤੂ ਬਾਰਾਂਮਾਹ ਨੂੰ ਲੋਕ ਸਭਿਆਚਾਰ ਦੇ ਅੰਤਰਗਤ ਰੱਖਦੇ ਅਗਲੇਰੀਆਂ ਪ੍ਰਾਪਤੀਆਂ ਦੀ ਅਭਿਵਿਅਕਤੀ ਲਈ ਕਾਰਜਸ਼ੀਲ ਹੈ।

ਇਹ ਸ਼ੋਧ-ਪ੍ਰਬੰਧ ਅੱਜ ਤੋਂ ਤਿੰਨ ਸਾਲ ਪਹਿਲਾਂ ਆਰੰਭ ਕੀਤਾ ਗਿਆ ਸੀ ਜੋ ਲਗਾਤਾਰ ਮਿਹਨਤ ਤੇ ਘਾਲਣਾ ਨਾਲ ਅੱਜ ਸਿਰੇ ਚੜ੍ਹਦਾ ਪ੍ਰਤੀਤ ਹੋ ਰਿਹਾ ਹੈ। ਸ਼ੋਧ-ਪ੍ਰਬੰਧ ਵਿਚ ਜਿਸ ਵਿਸ਼ੇਸ਼ ਗੱਲ ਵੱਲ ਧਿਆਨ ਰਖਿਆ ਗਿਆ ਹੈ ਉਹ ਵਿਸ਼ੇ ਦੀ ਤਰਕਯੁਗਤ ਪ੍ਰਸਤੁਤੀ ਨਾਲ ਸੰਬੰਧਤ ਹੈ। ਇਹੀ ਕਾਰਨ ਹੈ ਕਿ ਸ਼ੋਧ-ਪ੍ਰਬੰਧ ਦੇ ਆਕਾਰ ਨੂੰ ਛੋਟਾ ਰਖਿਆ ਗਿਆ ਹੈ। ਯਤਨ ਇਸ ਗੱਲ ਦਾ ਹੈ ਕਿ ਮਾਨਵੀ ਸਭਿਆਚਾਰ ਤੇ ਸਾਹਿਤ ਬਾਰੇ ਅੰਤਰਰਾਸ਼ਟਰੀ ਪੱਧਰ ਤੇ ਸਾਹਮਣੇ ਆਏ ਨਵੇਂ ਪਰਿਪੇਖ ਵਿਚੋਂ ਪ੍ਰੇਰਨਾ ਲੈ ਕੇ ਹਥਲੀ ਸਮੱਸਿਆ ਨੂੰ ਵਿਚਾਰਿਆ ਜਾਵੇ। ਇਸੇ ਲਈ ਸ਼ੋਧ-ਪ੍ਰਬੰਧ ਵਿਚ ਲੋਕ-ਸਭਿਆਚਾਰ ਤੋਂ ਲੈ ਕੇ ਉਚੇਰੀਆਂ ਤੇ ਨਵੀਨ ਕਾਵਿਕ-ਪ੍ਰਾਪਤੀਆਂ ਦੇ ਅੰਤਰਗਤ ਬਾਰਾਂਮਾਹ ਦੇ ਕਾਵਿ-ਸ਼ਾਸਤਰੀ ਸੰਗਠਨ ਨੂੰ ਨਿਸ਼ਚਿਤ ਕਰਨ ਦੀ ਗੱਲ ਕੀਤੀ ਗਈ ਹੈ।

ਅੰਤ ਵਿਚ ਮੈਂ ਇਕ ਗੱਲ ਹੋਰ ਕਹਿਣੀ ਜ਼ਰੂਰੀ ਸਮਝਦਾ ਹਾਂ। ਮੈਂ ਆਪਣੇ ਸ਼ੋਧ-ਪ੍ਰਬੰਧ ਦੇ ਪਾਠ ਵਿਚ ਬਾਰਾਂਮਾਹ ਦੀਆਂ ਕੋਈ ਪੰਕਤੀਆਂ ਜਾਂ ਉਦਾਹਰਨਾਂ ਦੇਣ ਤੋਂ ਗੁਰੇਜ਼ ਕੀਤਾ ਹੈ। ਅਜਿਹਾ ਕਰਨ ਤੋਂ ਮੇਰਾ ਪਰਯੋਜਨ ਸ਼ੋਧ-ਪ੍ਰਬੰਧ ਦੇ ਕੇਂਦਰੀ ਤਰਕ ਨੂੰ ਨਿਰੰਤਰ ਬਰਕਰਾਰ ਰੱਖਣਾ ਦਾ ਹੈ। ਇਸ ਘਾਟ ਨੂੰ ਪੂਰਿਆਂ ਕਰਨ ਲਈ ਮੈਂ

ਆਪਣੇ ਸ਼ੋਧ-ਪ੍ਰਬੰਧ ਦੀ ਇਕ ਸੰਤਿਕਾ ਤਿਆਰ ਕੀਤੀ ਹੈ। ਇਸ ਸੰਤਿਕਾ ਵਿਚ ਮੈਂ ਕੁਝ ਪ੍ਰਤੀਨਿਧ ਬਾਰਾਂਮਾਹ ਪੂਰੇ ਦੇ ਪੂਰੇ ਦੇ ਦਿੱਤੇ ਹਨ। ਇਨ੍ਹਾਂ ਚੋਂ ਬਹੁਤੇ ਬਾਰਾਂਮਾਹ ਤਾਂ ਅਜਿਹੇ ਹਨ ਜੋ ਲਿਖਤੀ ਰੂਪ ਵਿਚ ਪਹਿਲੀ ਵਾਰ ਹੀ ਸਾਹਮਣੇ ਆਏ ਹਨ ਅਤੇ ਕੁਝ ਕੁ ਅਜਿਹੇ ਹਨ ਜੋ ਆਪਣੇ ਰੂਪ ਤੇ ਵਿਸ਼ੇ ਕਰਕੇ ਵਿਸ਼ੇਸ਼ ਹਨ। ਇਨ੍ਹਾਂ ਤੋਂ ਇਸ ਗੱਲ ਦੀ ਵੀ ਪਰੋੜਤਾ ਹੋ ਜਾਏਗੀ ਕਿ ਬਾਰਾਂਮਾਹ ਕਾਵਿ-ਰੂਪ ਨੇ ਮਾਨਵੀ ਜੀਵਨ ਦੇ ਨਾਨਾ ਪਰਕਾਰ ਦੇ ਵਿਸ਼ਿਆਂ ਨੂੰ ਅਪਣੀ ਪਕੜ ਵਿਚ ਲਿਆ ਹੋਇਆ ਹੈ।

ਮੇਰਾ ਵਿਸ਼ਾ ਬੁਨਿਆਦੀ ਤੌਰ ਤੇ ਲੋਕ-ਯਾਨ ਨਾਲ ਸੰਬੰਧਤ ਹੈ। ਇਸ ਲਈ ਮੈਂ ਲੋਕ-ਯਾਨ ਨਾਲ ਸੰਬੰਧਤ ਪੁਸਤਕਾਂ ਤੋਂ ਉਪਰੰਤ ਪੰਜਾਬੀ ਵਿਚ ਲੋਕਯਾਨ ਸੰਬੰਧੀ ਹੋਏ ਅਧਿਐਨ ਤੇ ਖੋਜਕਾਰਾਂ ਤੋਂ ਵੀ ਥਾਂ ਪਰ ਥਾਂ ਪ੍ਰੇਰਨਾ ਲਈ ਹੈ। ਇਸ ਸੰਬੰਧ ਵਿਚ ਡਾ.ਮਹਿੰਦਰ ਸਿੰਘ ਰੰਧਾਵਾ, ਦੇਵਿੰਦਰ ਸਤਿਆਰਥੀ ਤੇ ਗਿ.ਗੁਰਦਿੱਤ ਸਿੰਘ ਦੀਆਂ ਪੁਸਤਕਾਂ ਨੂੰ ਵਾਚਿਆ ਹੈ ਅਤੇ ਇਨ੍ਹਾਂ ਤੋਂ ਲੋੜੀਂਦੀ ਸਾਮਗ੍ਰੀ ਵੀ ਪ੍ਰਾਪਤੀ ਕੀਤੀ ਹੈ। ਇਸ ਲਈ ਮੈਂ ਇਨ੍ਹਾਂ ਵਿਅਕਤੀਆਂ ਦਾ ਆਭਾਰੀ ਹਾਂ।

ਲੋਕਯਾਨ ਦੇ ਖੇਤਰ ਵਿਚ ਨਵੀਂ ਖੋਜ ਕਰਨ ਵਾਲੇ ਪੰਜਾਬੀ ਦੇ ਦੋ ਵਿਦਵਾਨ ਹਨ – ਡਾ. ਸੁਹਿੰਦਰ ਸਿੰਘ ਬੇਦੀ ਅਤੇ ਡਾ. ਕਰਨੈਲ ਸਿੰਘ ਥਿੰਦ। ਡਾ.ਬੇਦੀ ਦੀਆਂ ਲੋਕਯਾਨ ਦੇ ਵਿਸ਼ੇ ਨਾਲ ਸੰਬੰਧਤ ਕਈ ਪੁਸਤਕਾਂ ਹਨ। ਇਨ੍ਹਾਂ ਪੁਸਤਕਾਂ ਵਿਚੋਂ ਮੈਨੂੰ ਥਾਂ ਪਰ ਥਾਂ ਬਾਰਾਂਮਾਹ ਸੰਬੰਧੀ ਸਾਮਗ੍ਰੀ ਵੀ ਪ੍ਰਾਪਤੀ ਹੋਈ ਹੈ ਅਤੇ ਕਈ ਬੜੇ ਸਹਾਇਕ ਵਿਚਾਰ ਵੀ ਮਿਲੇ ਹਨ। ਸੋ, ਮੈਂ ਡਾ. ਬੇਦੀ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ। ਡਾ.ਥਿੰਦ ਦੀ ਪੁਸਤਕ 'ਲੋਕ-ਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ' ਤਾਂ ਲੋਕਯਾਨ ਸੰਬੰਧੀ ਅਤੇ ਖੋਜ-ਸੰਬੰਧੀ ਇਕ ਬਹੁਤ ਕੀਮਤੀ ਪ੍ਰਾਪਤੀ ਹੈ। ਇਸ ਪੁਸਤਕ

ਨੇ ਮੈਨੂੰ ਜਿਥੇ ਲੋਕਯਾਨ ਸੰਬੰਧੀ ਭਰਪੂਰ ਵਾਕਫ਼ੀਅਤ ਦਿੱਤੀ ਹੀ ਹੈ, ਉਥੇ ਮੇਰੀ ਵਿਸ਼ੇਸ਼ ਅਗਵਾਈ ਖੋਜ-ਵਿਧੀ ਦੇ ਪੱਖੋਂ ਵੀ ਕੀਤੀ ਹੈ। ਮੈਂ ਇਸ ਵਿਦਵਾਨ ਦਾ ਵੀ ਵਿਸ਼ੇਸ਼ ਤੌਰ ਤੇ ਹਾਰਦਿਕ ਰਿਣੀ ਹੂੰਾਂ।

~~xxxxxxxxxxx~~ ਮੈਨੂੰ ਸ਼ੋਧਕਾਰਜ ਲਈ ਪ੍ਰੇਰਨਾ ਤੇ ਉਤਸ਼ਾਹ ਦੇਣ ਵਾਲੇ ਡਾ. ਸੁਰਿੰਦਰ ਸਿੰਘ ਕੋਹਲੀ (ਭੂਤਪੂਰਵ ਪ੍ਰੋਫੈਸਰ ਅਤੇ ਅਧਿਅਕਸ਼, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਹਨ। ਇਨ੍ਹਾਂ ਦੀ ਅਗਵਾਈ ਤੇ ਪ੍ਰੇਰਨਾ ਅਧੀਨ ਹੀ ਮੈਂ ਅੱਜ ਤੋਂ ਤਿੰਨ ਸਾਲ ਪਹਿਲਾਂ ਪੀ.ਐਚ.ਡੀ. ਲਈ ਰਜਿਸਟਰ ਹੋ ਸਕਿਆ ਸਾਂ। ਇਸ ਲਈ ਮੈਂ ਇਨ੍ਹਾਂ ਨੂੰ ਵੀ ਅਪਣਾ ਦਿਲੀ ਧੰਨਵਾਦ ਅਰਪਣ ਕਰਦਾ ਹਾਂ।

ਪ੍ਰੋ. ਵੀ.ਐਨ.ਤ੍ਰਿਵਾੜੀ, ਚੇਅਰਮੈਨ, ਪੰਜਾਬੀ ਅਧਿਐਨਸ਼ਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੀ ਮੈਨੂੰ ਗਾਹੇ ਬਗਾਹੇ ਉਤਸ਼ਾਹਤ ਕਰਦੇ ਰਹੇ ਹਨ। ਮੈਂ ਇਨ੍ਹਾਂ ਦਾ ਵੀ ਦਿਲੀ ਇਹਸਾਨਮੰਦ ਹਾਂ।

ਸਤਿਕਾਰ ਯੋਗ ਡਾ. ਤਰਲੋਕ ਸਿੰਘ ਕੰਵਰ, ਹੈਡ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਪਿਛਲੇ ਤਿੰਨ ਵਰ੍ਹਿਆਂ ਤੋਂ ਆਰੰਭੇ ਮੇਰੇ ਇਸ ਖੋਜ-ਕਾਰਜ ਦੇ ਨਿਗਰਾਨ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਲੋਕਯਾਨ ਦੇ ਸ਼ੁਹੁਸਾਗਰ ਵਿਚ ਕੁੱਦ ਕੇ ਜੇ ਮੈਂ ਕੁਝ ਪ੍ਰਾਪਤ ਕਰ ਸਕਿਆ ਹਾਂ ਤਾਂ ਇਹ ਕੇਵਲ ਇਨ੍ਹਾਂ ਦੀ ਹੀ ਸੁਚੱਜੀ ਅਗਵਾਈ ਦਾ ਸਿੱਟਾ ਹੈ। ਇਸ ਕਾਰਜ ਵਿਚ ਜਿੰਨੇ ਪਿਆਰ ਤੇ ਉਤਸ਼ਾਹ ਭਰਪੂਰ ਢੰਗ ਨਾਲ ਇਹ ਮੈਨੂੰ ਨਵਾਜ਼ ਕੇ ਸੋਧ ਦੇਂਦੇ ਰਹੇ ਹਨ, ਮੈਨੂੰ ਸ਼ਬਦ ਨਹੀਂ ਔੜ ਰਹੇ ਕਿ ਜਿਨ੍ਹਾਂ ਰਾਹੀਂ ਮੈਂ ਇਨ੍ਹਾਂ ਦਾ ਸ਼ੁਕਰੀਆ ਅਦਾ ਕਰ ਸਕਾਂ। ਮੇਰਾ ਰੋਮ ਰੋਮ ਇਸ ਵਿਦਵਾਨ ਦਾ ਇਹਸਾਨਮੰਦ ਹੈ।

ਇਸ ਤੋਂ ਉਪਰੰਤ ਮੈਂ ਅਪਣੇ ਉਨ੍ਹਾਂ ਸਾਥੀਆਂ( Colleagues) ਦੋਸਤਾਂ ਮਿਤ੍ਰਾਂ ਅਤੇ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਵਾਨ ਅਧਿਆਪਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਖੋਜਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਅਪਣੇ ਕੀਮਤੀ ਮਸ਼ਵਰਿਆਂ ਨਾਲ ਮੇਰੀ ਸਹਾਇਤਾ ਕੀਤੀ।

ਇਸ ਖੋਜ-ਪ੍ਰਬੰਧ ਨੂੰ ਟਾਈਪ ਕਰਨ ਤੇ ਇਸਦਾ ਮੂੰਹ ਮੱਥਾ ਨਿਖਾਰਨ ਲਈ ਸ੍ਰ. ਹਰਸਿਮਰਨ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਅਪਣਾ ਕੀਮਤੀ ਸਮਾਂ ਦਿੱਤਾ ਹੈ, ਮੈਂ ਉਨ੍ਹਾਂ ਦਾ ਵੀ ਮਸ਼ਕੂਰ ਹਾਂ।

ਖੋਜ ਦਾ ਤਿੰਨ ਵਰ੍ਹੇ ਲੰਬਾ ਇਹ ਕਾਰਜ ਕਦੀ ਵੀ ਨੇਪਰੇ ਨਾ ਚੜ੍ਹਦਾ ਜੇ ਸਰਦਾਰਨੀ ਨਸੀਬ ਕੌਰ ਬਾਠ ਮੇਰੀਆਂ ਸਾਰੀਆਂ ਘਰੇਲੂ ਜ਼ੁੰਮੇਵਾਰੀਆਂ ਨੂੰ ਅਪਣੇ ਮੋਢਿਆਂ ਤੇ ਰੱਖਕੇ ਮੈਨੂੰ ਇਨ੍ਹਾਂ ਤੋਂ ਮੁਕਤ ਨਾਂ ਕਰਦੀ। ਨਿਸ਼ਚਿੰਤ ਹੋ ਕੇ ਖੋਜ ਕਰਨ ਲਈ ਉਸ ਵਲੋਂ ਪ੍ਰਾਪਤ ਹੋਈ ਵਿਹਲ ਲਈ ਮੈਂ ਉਸਦਾ ਨਿਹਾਇਤ ਸ਼ੁਕਰਗੁਜ਼ਾਰ ਹਾਂ।

ਅੰਤ ਵਿਚ ਮੈਂ ਸਾਰੇ ਉਨ੍ਹਾਂ ਵਿਦਵਾਨਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਨੂੰ ਮੈਂ ਅਪਣੀ ਖੋਜ ਦੇ ਦੌਰਾਨ ਪੜ੍ਹਿਆ ਤੇ ਵਾਚਿਆ ਹੈ।

ਗੁਰਦੇਵ ਸਿੰਘ ਪੰਦੋਹਲ

(ਗੁਰਦੇਵ ਸਿੰਘ ਪੰਦੋਹਲ)

ਅਧਿਆਇ ਪਹਿਲਾ

*

*

*

*

*

*

*

*

## ਬਾਰਾਂਮਾਹ ਪੰਜਾਬੀ ਲੋਕ ਸਭਿਆਚਾਰ ਵਿਚ ਰੁੱਤਾਧਾਰੀ ਲੋਕ-ਰੂੜ੍ਹੀਆਂ

ਰੁੱਤਾਂ, ਥਿੱਤਾਂ, ਵਾਰ, ਬਾਰਾਂਮਾਹ ਦਾ ਤੁਲਨਾਤਮਕ ਪਰਿਪੇਖ — ਲੋਕ ਸਭਿਆਚਾਰ ਦੀ ਪਰੀਭਾਸ਼ਾ— ਲੋਕ ਸਭਿਆਚਾਰ ਦੀ ਬੁਨਿਆਦੀ ਵਿਧੀ - ਅਤੇ ਉਸ ਵਿਧੀ ਉਪਰ ਆਧਾਰਤ ਸੰਚਾਰ-ਜੁਗਤਾਂ( Communicative Devices) ਦਾ ਅਧਿਐਨ ਤੇ ਇਸ ਅਧਿਐਨ ਦੇ ਆਧਾਰ ਉਪਰ ਹੀ ਰੁੱਤਾਧਾਰੀ ਰੂੜ੍ਹੀਆਂ ਦੀ ਸਾਰਥਿਕਤਾ।

*****

## ਅਧਿਆਇ ਪਹਿਲਾ

## ਪੰਜਾਬੀ ਲੋਕ-ਸਭਿਆਚਾਰ ਵਿਚ ਰੁੱਤਾਧਾਰੀ ਲੋਕ-ਰੂੜ੍ਹੀਆਂ

ਇਸ ਗੱਲ ਤੋਂ ਕਿਸੇ ਨੂੰ ਵੀ ਇਨਕਾਰ ਨਹੀਂ ਹੋ ਸਕਦਾ ਕਿ ਮਨੁੱਖ ਪ੍ਰਕ੍ਰਿਤੀ ਦੀ ਸਭ ਤੋਂ ਉੱਤਮ ਦੇਣ ਤੇ ਰਚਨਾ ਹੈ। ਪ੍ਰੋ. ਸੀਤਾ ਰਾਮ ਬਾਹਰੀ ਦੇ ਵਿਚਾਰ ਵਿਚ " ਪ੍ਰਕ੍ਰਿਤੀ ਅਨਾਦੀ ਕਾਲ ਤੋਂ ਹੀ ਮਨੁੱਖ ਦੀ ਸਾਥਣ ਰਹੀ ਹੈ। ਮਨੁੱਖੀ ਬੁਧੀ ਜਿਉਂ ਜਿਉਂ ਗੰਭੀਰ ਹੁੰਦੀ ਗਈ, ਉਹ ਪ੍ਰਕ੍ਰਿਤੀ ਦੇ ਭਿੰਨ ਭਿੰਨ ਰੂਪਾਂ ਉਤੇ ਮੋਹਿਤ ਹੁੰਦਾ ਗਿਆ। ਇਸ ਤਰ੍ਹਾਂ ਪ੍ਰਕ੍ਰਿਤੀ ਤੇ ਮਨੁੱਖ ਵਿਚ ਇਕ ਅਟੁੱਟ ਸੰਬੰਧ ਬਣ ਗਿਆ। ਮਨੁੱਖ ਨੇ ਆਪਣੇ ਸੁਖ ਵਿਚ ਪ੍ਰਕ੍ਰਿਤੀ ਨੂੰ ਵੀ ਹਸਦਾ ਖੇਲ੍ਹਦਾ ਵੇਖਿਆ ਅਤੇ ਆਪਣੇ ਦੁਖ ਵਿਚ ਉਸ ਨੂੰ ਵੀ ਉਦਾਸ ਪਾਇਆ। ਇਸ ਪ੍ਰਕਾਰ ਮਨੁੱਖ ਦੀਆਂ ਅਨੇਕਾਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿਚ ਪ੍ਰਕ੍ਰਿਤੀ ਦੇ ਚਿਤ੍ਰਣ ਨਾਲ ਬੜੀ ਸਹਾਇਤਾ ਮਿਲਦੀ ਹੈ।"[1] ਕਪਲ ਮੁਨੀ ਦੇ 'ਸਾਂਖ ਸ਼ਾਸਤਰ' ਅਨੁਸਾਰ ਸਾਰੀ ਸ੍ਰਿਸ਼ਟੀ ਹੀ ਪ੍ਰਕ੍ਰਿਤੀ ਹੈ। ਇਸ ਵਿਚ ਸਾਡਾ ਬਾਹਰਲਾ ਵਾਤਾਵਰਣ ਅਤੇ ਮੰਨ, ਬੁੱਧੀ ਤੇ ਗਿਆਨ-ਇੰਦਰੀਆਂ, ਸਭ ਪ੍ਰਕ੍ਰਿਤੀ ਦੇ ਵਲਗਣ ਵਿਚ ਹੀ ਹਨ। ਇਥੋਂ ਤਕ ਕਿ ਸਤ, ਰਜ, ਤਮ ਦੀ ਸਮਾਨ ਅਵਸਥਾ ਵੀ ਪ੍ਰਕ੍ਰਿਤੀ ਵਿਚ ਸ਼ਾਮਲ ਹੈ।" 'ਸ਼ੰਕਰ' ਅਨੁਸਾਰ 'ਪ੍ਰਕ੍ਰਿਤੀ ਅਨਿਰਵਚਨੀ ਅਰਥਾਤ ਜਿਸ ਬਾਰੇ ਵਰਨਣ ਨਹੀਂ ਕੀਤਾ ਜਾ ਸਕਦਾ', ਹੈ। ਪਰ ਫੇਰ ਵੀ ਟੈਗੋਰ ਅਨੁਸਾਰ

---

1. ਸੀਤਾ ਰਾਮ ਬਾਹਰੀ, (ਡੀ.), ਸਾਹਿਤ ਮੰਥਨ, ਪੰਨਾ 223, ਇੰਦਰਾ ਪਬਲਿਸ਼ਰਜ਼, ਜਲੰਧਰ, 1966.

'ਕਲਾਕਾਰ ਪ੍ਰਕ੍ਰਿਤੀ ਦਾ ਪ੍ਰੇਮੀ ਹੈ। ਇਸ ਲਈ ਇਹ ਉਸਦਾ ਦਾਸ ਵੀ ਹੈ ਤੇ ਸਾਈਂ ਵੀ।"[2]

ਕਿਉਂਕਿ ਕਲਾਕਾਰ ਪ੍ਰਕ੍ਰਿਤੀ ਦੇ ਹੀ ਪਰਭਾਵ ਦੀ ਉਪਜ ਹੁੰਦਾ ਹੈ, ਇਸ ਲਈ ਉਹਨੇ ਕਦੀ ਸਾਈਂ ਦੇ ਤੇ ਕਦੀ ਦਾਸ ਦੇ ਰੂਪ ਵਿਚ ਇਸ ਦੇ ਸੁੰਦਰ ਵੇਸਾਂ ਦਾ ਵਰਨਣ ਕੀਤਾ। ਇਸਤਰ੍ਹਾਂ ਪ੍ਰਕ੍ਰਿਤੀ ਦੀ ਅਲੌਕਿਕਤਾ ਤੋਂ ਪ੍ਰਭਾਵਤ ਹੋ ਕੇ ਮਨੁੱਖ ਨੇ ਮਨੋ ਕਲਪਨਾ ਦੁਆਰਾ ਅਧਿਆਤਮਵਾਦ- ਰਹੱਸਵਾਦ ਦੀ ਨੀਂਹ ਰੱਖੀ ਤੇ ਕਿਸੇ ਅਦਿੱਖ ਰੂਪ ਨੂੰ ਚਿਤਵ ਕੇ ਦਾਰਸ਼ਨਿਕ ਤੇ ਸਾਹਿਤਕ ਢੰਗ ਦੁਆਰਾ ਉਸ ਨਾਲ ਇਕਮਿਕ ਹੋਣ ਦੀ ਲੋਚਾ ਪੂਰੀ ਕੀਤੀ। ਇਸ ਤਰ੍ਹਾਂ ਪ੍ਰਕ੍ਰਿਤੀ ਦੀ ਗੋਦੀ ਵਿਚ ਵਿਚਰਦੇ ਮਾਨਵ ਉਤੇ ਜਦੋਂ ਪ੍ਰਕ੍ਰਿਤੀ ਦੇ ਅਦਭੁਤ ਤੇ ਅਲੌਕਿਕ ਰੂਪਾਂ ਦਾ ਤੀਖਣ ਪਰਭਾਵ ਪਿਆ ਤਾਂ ਉਹ ਬੇਖ਼ੁਦ ਹੋ ਕੇ ਗੁਣ-ਗੁਣਾ ਉਠਿਆ ਤੇ ਉਸ ਨੂੰ ਨਾਲ ਨਾਲ ਸਾਰੀ ਪ੍ਰਕ੍ਰਿਤੀ ਵੀ ਗਾਉਂਦੀ, ਝੂਮਦੀ ਤੇ ਹੁੰਗਾਰਾ ਭਰਦੀ ਪ੍ਰਤੀਤ ਹੋਈ ਅਤੇ ਉਸ ਨੂੰ ਇਕ ਮੁਕੰਮਲ ਪ੍ਰਕ੍ਰਿਤਕ ਵਾਤਾਵਰਣ ਦੀ ਸੋਝੀ ਹੋਈ। ਇਸ ਸੋਝੀ ਨਾਲ ਹੀ ਉਹ ਪ੍ਰਕ੍ਰਿਤਕ ਵਾਤਾਵਰਣ ਨੂੰ ਆਪਣੇ ਅਨੁਸਾਰ ਢਾਲਣ ਲਈ ਸੁਚੇਤ ਹੋ ਗਿਆ ਅਤੇ ਉਸਦੇ ਅੰਦਰ ਪ੍ਰਕ੍ਰਿਤਕ ਸੰਬੰਧਾਂ ਨੂੰ ਆਪਣੇ ਅਧਿਕਾਰ ਵਿਚ ਲੈਣ ਦੀ ਭਾਵਨਾ ਪੈਦਾ ਹੋ ਗਈ ਜਿਸ ਲਈ ਉਹ :

1. ਪ੍ਰਕ੍ਰਿਤੀ ਦੀਆਂ ਬੁਨਿਆਦੀ ਸ਼ਕਤੀਆਂ ਬਾਰੇ ਚੇਤੰਨ ਹੋ ਗਿਆ;
2. ਉਨ੍ਹਾਂ ਸ਼ਕਤੀਆਂ ਨੂੰ ਆਪਣੇ ਕੰਟਰੋਲ ਵਿਚ ਲੈਣ ਦਾ ਉਪਾਵ ਕਰਨ ਲਗਾ , ਅਤੇ ਫੇਰ
3. ਉਨ੍ਹਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣ ਦਾ ਉਪਾਵ ਕਰਨ ਲਗਾ।

ਇਸ ਤਰ੍ਹਾਂ ਜੀਵ ਤੇ ਵਾਤਾਵਰਣ ਦੇ ਆਪਸੀ ਸੰਬੰਧਾਂ ਨੂੰ ਆਪਣੇ ਅਧਿਕਾਰ ਵਿਚ ਲੈਣ ਵਾਲੀ ਇਕ ਪ੍ਰਕ੍ਰਿਆ ਆਰੰਭ ਹੋ ਗਈ ਜਿਸ ਦੇ ਦੋ ਪਹਿਲੂ ਸਨ:

---

2. ਸਾਧਨਾ, ਪੰਨਾ6.

1. ਦੇਸ਼ ਨਾਲ ਸੰਬੰਧਤ ਪ੍ਰਕ੍ਰਿਆ ;
2. ਕਾਲ ਨਾਲ ਸੰਬੰਧਤ ਪ੍ਰਕ੍ਰਿਆ।

ਦੇਸ਼ ਨਾਲ ਸੰਬੰਧਤ ਪ੍ਰਕ੍ਰਿਆ ਵਿਚ ਵਾਤਾਵਰਣ ਸਥਿਤ ਹੁੰਦਾ ਹੈ ਅਤੇ ਕਾਲ ਨਾਲ ਸੰਬੰਧਤ ਪ੍ਰਕ੍ਰਿਆ ਇਸ ਸਥਿਤ ਵਾਤਾਵਰਣ ਨੂੰ ਪ੍ਰੀਵਰਤਨ ਵਿਚ ਪਾਉਂਦੀ ਹੈ। ਮਨੁੱਖ ਨੇ ਦੋਨਾਂ ਨੂੰ ਆਪਣੇ ਅਧਿਕਾਰ ਵਿਚ ਲੈ ਕੇ ਇਨ੍ਹਾਂ ਦੀਆਂ ਸ਼ਕਤੀਆਂ ਉਤੇ ਪੂਰਨ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ। ਕਿਉਂਕਿ ਦੋਵਾਂ ਪ੍ਰਕ੍ਰਿਆਵਾਂ ਵਿਚ ਕਾਲ ਦਾ ਇਕ ਅਹਿਮ ਰੋਲ ਸੀ, ਇਸ ਲਈ ਮਨੁੱਖ ਨੇ ਇਸ ਸੰਬੰਧੀ ਬਹੁਤ ਸਾਰੀਆਂ ਪ੍ਰਾਪਤੀਆਂ ਨੂੰ ਜਾਨਣ ਦੀ ਕੋਸ਼ਿਸ਼ ਆਰੰਭ ਕਰ ਦਿੱਤੀ। ਆਪਣੀ ਯੋਗਿਤਾ ਤੇ ਸਮਰਥਾ ਨਾਲ ਕਾਲ ਨੂੰ ਵਸ ਵਿਚ ਕਰਨ ਦਾ ਯਤਨ ਕੀਤਾ ਤੇ ਉਸ ਨੂੰ [illegible] ਗਣਿਤ ਦੇ ਚਰਿਤਰ ਵਾਲਾ ਤੇ ਮਕੈਨੀਕਲ ਬਣਾ ਲਿਆ। ਇਸਤਰ੍ਹਾਂ ਜਦੋਂ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਮਾਨਵ ਨੇ ਆਪਣੇ ਅਧਿਕਾਰ ਵਿਚ ਲੈ ਕੇ ਪ੍ਰਕ੍ਰਿਤਕ ਵਾਤਾਵਰਣ ਨੂੰ ਆਪਣੇ ਅਨੁਸਾਰ ਸੰਸਕ੍ਰਿਤਕ ਵਾਤਾਵਰਣ ਵਿਚ ਬਦਲਿਆ, ਤਾਂ ਮਨੁੱਖੀ ਸਭਿਆਚਾਰ ਹੋਂਦ ਵਿਚ ਆਇਆ।[3]

ਪ੍ਰਾਕ੍ਰਿਤਕ ਵਾਤਾਵਰਣ ਨੂੰ ਮਾਨਵੀ ਵਾਤਾਵਰਣ ਵਿਚ ਬਦਲਣ ਦੀ ਪ੍ਰਕ੍ਰਿਆ ਨੂੰ ਸਭਿਆਚਾਰ ਕਹਿੰਦੇ ਹਨ। ਪਰ ਜਿਉਂ ਜਿਉਂ ਇਹ ਮਾਨਵ-ਅਧਿਕਾਰ ਵਧਦਾ ਹੈ ਤਿਉਂ ਤਿਉਂ ਸਭਿਆਚਾਰ ਦਾ ਵਿਕਾਸ ਵੀ ਹੁੰਦਾ ਜਾਂਦਾ ਹੈ। ਮਾਨਵ ਇਸੇ ਵਿਕਾਸ ਦੀ ਲੋੜਾਂ ਅਧੀਨ ਪ੍ਰਕ੍ਰਿਤਕ ਗਤੀ ਵਿਚ ਰੋਕ ਪਾ ਕੇ ਉਸ ਨੂੰ ਆਪਣੇ ਅਨੁਸਾਰ ਚਾਲਦਾ ਹੈ ਜਿਸ ਨੂੰ 'ਨਸ਼ੇਧ ਗਤੀ'[4] ਕਹਿ ਸਕਦੇ ਹਾਂ। ਇਸ ਤਰ੍ਹਾਂ ਇਸ ਨਸ਼ੇਧ ਗਤੀ ਦੇ ਫਲਸਰੂਪ ਹੀ ਸਾਡਾ ਸਭਿਆਚਾਰ ਉਨੰਤੀ ਵਲ ਨੂੰ ਜਾਂਦਾ ਹੈ।

---

3. Cassirer,Ernst, An Essay on Man., Yale Univesity Press New Haven,1944,pp.66-71.
4. ਤਰਲੋਕ ਸਿੰਘ ਕੰਵਰ, 'ਪੰਜਾਬੀ ਸਭਿਆਚਾਰ,ਭਾਸ਼ਾ:ਮਿਆਰੀ ਕਰਨ ਦੀ ਸਮੱਸਿਆ', ਭਾਸ਼ਕ ਸਮੱਸਿਆਵਾਂ,ਸੰਪਾਦਕ:ਸਤਿੰਦਰ ਸਿੰਘ ਨੂਰ, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1975, ਪੰਨਾ 13-18.

ਮਨੁੱਖ ਦੀ ਬਿਰਤੀ ਸਦਾ ਹੀ ਜਗਿਆਸੂ ਰਹੀ ਹੈ ਜਿਸ ਰਾਹੀਂ ਇਸ ਨੇ ਇੱਕ ਐਸਾ ਵਿਗਿਆਨਕ ਨੇਮ ਲਭ ਲਿਆ ਹੈ ਜਿਸ ਦੀ ਮਦਦ ਨਾਲ ਉਹ ਪ੍ਰਕ੍ਰਿਤੀ ਦੀ ਨਿਰੰਤਰਤਾ ਨੂੰ ਭੰਗ ਕਰਕੇ ਉਸ ਨੂੰ ਮਾਨਵੀ ਸਮਾਜ ਤੇ ਸਭਿਆਚਾਰ ਵਿਚ ਕੰਮ ਆਉਂਦੇ ਸਿਸਟਮਾਂ ਵਿਚ ਬਦਲਦਾ ਹੈ। ਇਸ ਨੂੰ ਅਸੀਂ ਸ਼ਕਤੀ ਦਾ ਰੂਪਾਂਤ੍ਰਣ ਵੀ ਕਹਿੰਦੇ ਹਾਂ। ਸਮਝਣ ਵਾਲੀ ਗੱਲ ਇਹ ਹੈ ਕਿ ਸ਼ਕਤੀ ਦਾ ਉਤਪਾਦਨ ਤਾਂ ਪ੍ਰਕ੍ਰਿਤੀ ਕਰਦੀ ਹੀ ਹੈ ਅਤੇ ਪ੍ਰਕ੍ਰਿਤੀ ਵਿਚੋਂ ਉਪਜੀ ਇਹ ਸ਼ਕਤੀ ਜਦੋਂ ਆਪਣੀ ਮਾਤ੍ਰਾ ਵਿਚ ਵਧਦੀ ਹੈ ਤਾਂ ਇਹ ਸਮੁੱਚੇ ਮਾਨਵੀ ਵਾਤਾਵਰਨ ਲਈ ਇਕ ਵੰਗਾਰ ਬਣ ਜਾਂਦੀ ਹੈ। ਇਹ ਆਪਣੇ ਕਿਰਦਾਰ ਵਿਚ ਮਾਰੂ ਹੁੰਦੀ ਹੈ। ਜਿਉਂ ਜਿਉਂ ਇਸਦਾ ਦਬਾਓ ਵਧਦਾ ਹੈ ਤਿਉਂ ਤਿਉਂ ਤਿਬਾਹਕਾਰੀ ਤੇ ਵਿਨਾਸ਼ ਦਾ ਪ੍ਰੋਗ੍ਰਾਮ ਮਿਲਦਾ ਹੈ। ਇਸਦਾ ਅਰਥ ਇਹ ਹੈ ਕਿ ਸ਼ਕਤੀ ਦੀ ਨਿਰੰਤਰ ਵਧਦੀ ਮਾਤ੍ਰਾ ਜਦ ਤੀਕ ਕਿਸੇ ਜੁਗਤ ਦੇ ਅਧੀਨ ਕਿਸੇ ਸਿਸਟਮ ਵਿਚ ਨਹੀਂ ਢਲਦੀ, ਓਦੋਂ ਤੀਕ ਮਾਨਵੀ ਸਮਾਜ ਤੇ ਸਭਿਆਚਾਰ ਦਾ ਸੁਗਠਿਤ ਪਰਬੰਧ ਸਾਹਮਣੇ ਨਹੀਂ ਆ ਸਕਦਾ। ਇਸ ਲਈ ਮਨੁੱਖ ਦੀ ਤਾਂ ਯਾਤ੍ਰਾ ਹੀ ਇਹ ਰਹੀ ਹੈ ਕਿ ਪ੍ਰਬਲ, ਮਾਰੂ ਪਰਭਾਵ ਨੂੰ ਤੀਬਰ ਕਰਕੇ ਉਧੰਮ ਮਚਾਉਣ ਵਾਲੀ ਸ਼ਕਤੀ ਨੂੰ ਉਹ ਪ੍ਰਬੰਧਾਂ ਵਿਚ ਬਦਲਦਾ ਰਿਹਾ। ਇਹ ਸਾਰੀ ਯਾਤ੍ਰਾ ਨਿਸ਼ੇਧ ਯਾਤ੍ਰਾ ਹੈ। ਪ੍ਰਾਕ੍ਰਿਤਕ ਨਿਰੰਤਰਤਾ ਆਪਣੇ ਬੁਨਿਆਦੀ ਰੂਪ ਵਿਚ ਹਾਂਮੁੱਖ ਹੈ ਪਰ ਇਸਦਾ ਬਦਲਿਆ ਰੂਪ ਜਿਸਨੂੰ ਮਨੁੱਖ ਵੱਖ ਵੱਖ ਤਰ੍ਹਾਂ ਦੇ ਰੂਪਾਂਤ੍ਰਤ ਪਰਬੰਧਾਂ ਵਿਚ ਬੰਨ੍ਹਦਾ ਹੈ, ਆਪਣੀ ਬਿਰਤੀ ਵਿਚ ਨਾਂਹਮੁੱਖ ਹੈ ਕਿਉਂਕਿ ਇਹ ਪ੍ਰਾਕ੍ਰਿਤਕ ਨਿਰੰਤਰਤਾ ਵਿਚੋਂ ਉਪਜਦੀ ਸ਼ਕਤੀ ਨੂੰ ਇਸਦੇ ਪ੍ਰਾਕ੍ਰਿਤਕ ਰੂਪ ਵਿਚ ਸਵੀਕਾਰ ਕਰਨੋਂ ਨਾਂਹ ਕਰ ਦਿੰਦਾ ਹੈ।[5] ਇਸ ਨਿਸ਼ੇਧ ਗਤੀ ਵਿਚੋਂ ਦੋ ਤਰ੍ਹਾਂ ਦੇ ਪਰਬੰਧ ਸਾਹਮਣੇ ਆਉਂਦੇ ਹਨ:

---

5. Wilden, Anthony, System and Structure, Tavistock, Publicatio London, 1972, pp.125-146.

6. Ibid., pp.282-285.

ਇਕ ਉਹ ਜਿਨ੍ਹਾਂ ਨੂੰ ਬੰਦ ਪਰਬੰਧ ਕਿਹਾ ਜਾਂਦਾ ਹੈ । ਦੂਸਰੇ ਉਹ ਜਿਨ੍ਹਾਂ ਨੂੰ ਖੁਲ੍ਹੇ ਪਰਬੰਧ ਕਿਹਾ ਜਾਂਦਾ ਹੈ।[6] ਬੰਦ ਪਰਬੰਧ ਅਧਿਕਤਰ ਮਸ਼ੀਨੀ ਪਰਬੰਧ ਹੁੰਦੇ ਹਨ ਅਤੇ ਆਪਣੀ ਮਸ਼ੀਨੀ ਜੁਗਤ ਵਿਚ ਪਰਪੱਕ ਹੋ ਕੇ ਇਹ ਬਾਹਰਲੇ ਪ੍ਰਾਕ੍ਰਿਤਕ ਵਾਤਾਵਰਣ ਤੋਂ ਇਕ ਤਰ੍ਹਾਂ ਨਾਲ ਟੁੱਟ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਵਿਚ ਸ਼ੁਕਤੀ ਦੇ ਆਦਾਨ ਪਰਦਾਨ ਦੀ ਪ੍ਰਕ੍ਰਿਆ ਲਗ ਭਗ ਨਸ਼ਟ ਹੋ ਜਾਂਦੀ ਹੈ। ਚੇਤੰਨ ਵਿਗਿਆਨੀ ਇਸ ਘਾਟ ਨੂੰ ਪੂਰਿਆਂ ਕਰਨ ਲਈ ਵੀ ਕਈ ਐਸੀਆਂ ਯਾਂਤ੍ਰਿਕ ਵਿਧੀਆਂ ਵਰਤਦੇ ਹਨ ਜਿਨ੍ਹਾਂ ਦੀ ਮਦਦ ਨਾਲ ਉਹ ਬੰਦ ਮਸ਼ੀਨੀ ਪਰਬੰਧ ਦੇ ਬੁਨਿਆਦੀ ਸੰਤੁਲਨ ਨੂੰ ਕਾਇਮ ਰਖਦੇ ਹਨ ਅਤੇ ਇਉਂ ਪਰਬੰਧ ਨਸ਼ਟ ਹੋਣ ਤੋਂ ਬਚਿਆ ਰਹਿੰਦਾ ਹੈ। ਪਰ ਯਾਦ ਰੱਖਣ ਵਾਲੀਗੱਲ ਇਹ ਹੈ ਕਿ ਜਦੋਂ ਬੰਦ ਪਰਬੰਧ ਆਪਣਾ ਨਾਤਾ ਪ੍ਰਾਕ੍ਰਿਤਕ ਵਾਤਾਵਰਣ ਨਾਲੋਂ ਉੱਕਾ ਹੀ ਤੋੜ ਲੈਂਦਾ ਹੈ ਤਾਂ ਉਸਦੇ ਅੰਤਰਗਤ ਸ਼ੁਕਤੀ ਦੀ ਮਾਤ੍ਰਾ ਇੰਨੀ ਵਧ ਜਾਂਦੀ ਹੈ ਕਿ ਉਹ ਇਕ ਬਿੰਦੂ ਤੇ ਆ ਕੇ ਬਿਲਕੁਲ ਅਸੁਗਠਿਤ ਤੇ ਵਿਨਾਸ਼ ਹੋ ਜਾਂਦਾ ਹੈ।

ਇਸਦੇ ਮੁਕਾਬਲੇ ਉੱਪਰ ਖੁਲ੍ਹੇ ਪਰਬੰਧ ਦਾ ਸੰਕਲਪ ਹੈ। ਖੁਲ੍ਹਾਂ ਪਰਬੰਧ, ਪ੍ਰਬੰਧਯੁਕਤ ਹੋ ਕੇ ਵੀ ਆਪਣੇ ਪ੍ਰਾਕ੍ਰਿਤਕ ਵਾਤਾਵਰਣ ਨਾਲ ਜੁੜਿਆ ਰਹਿੰਦਾ ਹੈ ਅਤੇ ਆਪਣੀ ਅੰਦਰਲੀ ਨਿਯੰਤ੍ਰਣ ਯੁਕਤ ਰਾਹੀਂ ਸ਼ੁਕਤੀ ਦੀ ਮਾਤ੍ਰਾ ਨੂੰ ਲੋੜ ਅਨੁਸਾਰ ਘਟਾਂਦਾ ਵਧਾਂਦਾ ਰਹਿੰਦਾ ਹੈ।[7] ਇਉਂ ਖੁਲ੍ਹੇ ਪਰਬੰਧ ਆਪਣੇ ਸੰਤੁਲਨ ਨੂੰ ਕਾਇਮ ਰਖਦੇ ਹਨ। ਮਾਨਵੀ ਸਮਾਜ ਜਿਸਦਾ ਸਾਰਾ ਪਰਬੰਧ ਸਾਂਸਕ੍ਰਿਤਕ ਮਰਯਾਦਾ ਦੇ ਅਧੀਨ ਸੁਗਠੰਤ ਹੁੰਦਾ ਹੈ ਅਤੇ ਇਉਂ ਇਹ ਖੁਲ੍ਹਾ ਪਰਬੰਧ ਆਪਣੇ ਤਵਾਜ਼ਨ ਨੂੰ ਵੀ ਕਾਇਮ ਰਖਦਾ ਹੈ ਅਤੇ ਦੂਸਰੇ ਪਾਸੇ ਆਪਣੇ ਬਾਹਰਲੇ ਪ੍ਰਸੰਗਾਂ ਨਾਲ ਵੀ ਜੁੜਿਆ ਰਹਿੰਦਾ ਹੈ। ਮਨੁੱਖੀ ਸਭਿਆਚਾਰ ਦੇ ਤਾਣੇ

---

6. Ibid., pp.202-205.

7. Blauberg,I.V. and Others,Systems Theory,Progress Publishers ,Moscow,1977,pp 60-78.

ਪੇਟੇ ਵਿਚ ਪਸਰੀ ਸਾਰੀ ਸਾਮਗਰੀ ਇਸੇ ਪ੍ਰਕਾਰ ਦੇ ਪਰਬੰਧਾਂ ਵਿਚ ਸੁਗਠੰਤ ਹੁੰਦੀ ਹੈ।

ਇਸ ਸਾਰੇ ਦੀ ਪ੍ਰਿਸ਼ਠਭੂਮੀ ਵਿਚ ਜੋ ਜੁਗਤ ਕੰਮ ਕਰਦੀ ਹੈ ਉਸ ਨੂੰ ਅਸੀਂ ਨਿਸ਼ੇਧ ਗਤੀ ਦੀ ਜੁਗਤ ਕਿਹਾ ਹੈ। ਏਸੇ ਲਈ ਅਸੀਂ ਇਕ ਬਾਰ ਫਿਰ ਆਪਣੀ ਇਸ ਗੱਲ ਤੇ ਜ਼ੋਰ ਦਿੰਦੇ ਹਾਂ ਕਿ ਮਨੁੱਖ ਇਸ ਨਿਸ਼ੇਧ ਗਤੀ ਰਾਹੀਂ ਹੀ ਭਿੰਨ ਭਿੰਨ ਪ੍ਰਕਾਰ ਦੇ ਰੂਪਾਂਤ੍ਰਿਤ ਪਰਬੰਧਾਂ ਦੀ ਸਿਰਜਨਾ ਕਰਦਾ ਹੈ।

ਸਭਿਆਚਾਰ ਪ੍ਰਤੀ ਸਮਝਣ ਉਪਰੰਤ ਅਸੀਂ ਹੁਣ ਸਮਾਜਿਕਤਾ ਵਲ ਆਉਂਦੇ ਹਾਂ ਕਿਉਂਕਿ ਸਭਿਆਚਾਰ ਵਿਚੋਂ ਹੀ ਸਮਾਜਕਤਾ ਉਪਜਦੀ ਹੈ। ਸਮਾਜ ਵਿਚ ਮਨੁੱਖ ਬੰਦੇ ਦੇ ਤੌਰ ਤੇ ਨਹੀਂ ਰਹਿੰਦਾ ਸਗੋਂ ਰਿਸ਼ਤੇਦਾਰੀ ਦੇ ਤੌਰ ਤੇ ਰਹਿੰਦਾ ਹੈ। ਵੇਖਣਾ ਇਹ ਹੈ ਕਿ ਇਸ ਰਿਸ਼ਤੇਦਾਰੀ ਦਾ ਨਿਯੰਤ੍ਰਣ ਕਿੱਥੇ ਹੈ।

ਮਨੁੱਖੀ ਸਮਾਜ ਵਿਚ ਭੋਗ ਵਰਜਣ ਦਾ ਨੇਮ ਸਾਕਦਾਰੀ ਦੇ ਪ੍ਰਬੰਧ ਨੂੰ ਜਨਮ ਦੇਂਦਾ ਹੈ ਜਦੋਂ ਕਿ ਪ੍ਰਕ੍ਰਿਤੀ ਵਿਚ ਇਹ ਵਰਜਿਤ ਨਹੀਂ। ਇਸ ਭੋਗ ਵਰਜਣ ਦੇ ਨੇਮ ਨਾਲ ਸਮਾਜ ਨੇ ਇਕ ਗੁੰਝਲਦਾਰ ਸਿਸਟਮ ਬਣਾਇਆ ਜਿਸ ਤੋਂ ਸਾਡੀ ਵਿਆਹ-ਸ਼ਾਦੀ ਦੀ ਮਰਯਾਦਾ ਚਾਲੂ ਹੋਈ ਅਤੇ ਜਿਸ ਦੀ ਪਿਠ-ਭੂਮੀ ਵਿਚ ਕਾਮਕਾਂਕਸ਼ਾ ਦਾ ਕੰਟਰੋਲ ਹੈ। ਬਸ ਇਸ ਵਿਆਹ ਸ਼ਾਦ ਦੇ ਸਿਸਟਮ ਦੀ ਹੋਂਦ ਦੁਆਲੇ ਜਨਮ ਤੋਂ ਮਰਨ ਤਕ ਮਨੁੱਖ ਸਾਰੇ ਅਵਸਰਾਂ ਨੂੰ ਮਨਾਉਂਦਾ ਹੈ ਜਿਨ੍ਹਾਂ ਲਈ ਮਨਾਉਣ ਦੀਆਂ ਵਿਸ਼ੇਸ਼ ਰਸਮਾਂ ਪ੍ਰਚਲਤ ਹਨ ਜੋ ਲੋਕ-ਸਭਿਆਚਾਰ ਹੀ ਹੈ ਜਿਸ ਦੇ ਪਿਛੇ ਇਕ ਪੂਰੀ ਮਰਯਾਦਾ ਕੰਮ ਕਰਦੀ ਹੈ ਅਤੇ ਜੋ ਸਾਡੇ ਭਾਈਚਾਰੇ ਨੂੰ ਜਨਮ ਦੇਂਦੀ ਹੈ।[8]

ਭਾਈਚਾਰੇ ਤੋਂ ਭਾਵ ਹੈ ਜਾਤੀ ਰੁਚੀਆਂ ਦਾ ਸੰਗਠਨ, ਇਕ ਦੂਜੇ ਪ੍ਰਤੀ ਉਨ੍ਹਾਂ ਦੇ ਵਿਹਾਰਕ ਨੇਮ ਅਤੇ ਸਾਂਝੇ ਜਤਨ ਲਈ ਉਨ੍ਹਾਂ ਦੀ ਆਪਸੀ ਗਰੁੱਪਬੰਦੀ। ਅਸੀਂ ਵੇਖਿਆ ਹੈ ਕਿ ਭਿੰਨ ਭਿੰਨ ਜਾਤੀਆਂ ਦੇ ਵਿਚਕਾਰ ਇਸਤਰ੍ਹਾਂ ਪੈਦਾ ਕੀਤੀਆਂ ਸਾਕਦਾਰੀਆਂ ਕਿਸੇ

---

8. Levi-Strauss, Claude., Structural Anthropology, Trans. Claire Jacobson & others, Allen Lane, The Penguin Press London, 1963, pp. 31-51.

ਵਿਉਂਤ ਦੇ ਅਧੀਨ ਹੋਂਦ ਵਿਚ ਆਉਂਦੀਆਂ ਹਨ ਜਿਸ ਨੂੰ ਕਿ ਭਾਈਚਾਰਕ ਬਣਤਰ ਕਿਹਾ ਜਾਂਦਾ ਹੈ ਅਤੇ ਉਹ ਢੰਗ ਜਿਸ ਨਾਲ ਜਾਤੀ ਜੀਵਨ ਤੇ ਸਮਾਜੀ ਮਰਯਾਦਾ ਨੂੰ ਪ੍ਰਭਾਵਤ ਕਰਦੀਆਂ ਹੋਈਆਂ ਸਾਕਾਦਾਰੀਆਂ ਕੰਮ ਕਰਦੀਆਂ ਹਨ ਭਾਈਚਾਰਕ ਅਮਲ ਕਹਾਉਂਦਾ ਹੈ ਜੋ ਸਾਡੇ ਭਾਈਚਾਰੇ ਨੂੰ ਅੱਗੇ ਤੋਰਨ ਦਾ ਜ਼ੁੰਮੇਵਾਰ ਹੈ।

ਇਕ ਭਾਈਚਾਰੇ ਦੀ ਸਮਾਜੀ ਬਣਤਰ ਵਿਚ ਲੋਕਾਂ ਦੇ ਬਣਾਏ ਹੋਏ ਭਿੰਨ ਭਿੰਨ ਸਮੂੰਹਾਂ ਦੇ ਆਪਣੇ ਉਤੇ ਲਾਗੂ ਕੀਤੇ ਅਸੂਲ ਜਾਂ ਨੇਮ ਸ਼ਾਮਲ ਹੁੰਦੇ ਹਨ। ਭਾਈਚਾਰਕ ਬਣਤਰ ਭਾਵੇਂ ਗਰੁੱਪਬਧ ਹੋਵੇ ਜਾਂ ਜਾਤੀਬੱਧ, ਹੇਠ ਲਿਖੇ ਨੇਮਾਂ ਉਪਰ ਨਿਰਭਰ ਕਰਦੀ ਹੈ:

1. ਲਿੰਗ-ਭੇਦ
2. ਸਮਾਂ
3. ਸਥਿਤੀ
4. ਰਿਸ਼ਤੇਦਾਰੀ

ਇਨ੍ਹਾਂ ਉਪਰੋਕਤ ਨੇਮਾਂ ਨਾਲ ਪ੍ਰਫੁਲਤ ਹੋ ਰਹੇ ਇਸ ਭਾਈਚਾਰਕ ਸਮੂੰਹ ਵਿਚ ਕਈ ਪ੍ਰਕਾਰ ਦੀਆਂ ਰੁਚੀਆਂ ਤੇ ਜੁਗਤਾਂ ਹੁੰਦੀਆਂ/ਜਿਨ੍ਹਾਂ ਰਾਹੀਂ ਕਿਸੇ ਵੀ ਵਿਸ਼ੇਸ਼ ਭਾਈਚਾਰੇ ਦੇ ਅੰਤਰਗਤ ਮਨੁੱਖੀ ਸਭਿਆਚਾਰ ਆਪਣਾ ਸੰਚਾਰ ਕਾਰਜ ਨੇਪਰੇ ਚਾੜ੍ਹਦਾ ਹੈ। ਇਸ ਸਾਰੀ ਗਤੀ ਦੇ ਅੰਤਰਗਤ ਜੋ ਬੁਨਿਆਦੀ ਗਤੀ ਕੰਮ ਕਰਦੀ ਨਜ਼ਰ ਆਉਂਦੀ ਹੈ ਉਹ ਪ੍ਰਕ੍ਰਿਤੀ ਨੂੰ ਸੰਸਕ੍ਰਿਤੀ ਵਿਚ ਬਦਲਣ ਦੀ ਪ੍ਰਕ੍ਰਿਆ ਨਾਲ ਸੰਬੰਧਤ ਹੈ। ਅਰਥਾਤ ਮਨੁੱਖ ਆਪਣੇ ਤਰੀਕੇ ਨਾਲ ਪ੍ਰਕ੍ਰਿਤੀ ਨੂੰ ਸੰਸਕ੍ਰਿਤੀ ਵਿਚ ਬਦਲ ਕੇ ਆਪਣੇ ਅਨੁਕੂਲ ਵਾਤਾਵਰਣ ਦਾ ਪਰਬੰਧ ਕਰਦਾ ਹੈ। ਦੂਜੇ ਸ਼ਬਦਾਂ ਵਿਚ ਨਿਰੋਲ ਭੌਤਿਕ ਪਰਵਿਰਤੀ ਮਨੁੱਖੀ ਸੰਸਕ੍ਰਿਤੀ ਦਾ ਭਾਗ ਨਹੀਂ ਬਣਦੀ ਸਗੋਂ ਇਸ ਪ੍ਰਕ੍ਰਿਤੀ ਵਿਚ ਮਨੁੱਖ ਦੀਆਂ ਕੁਝ ਐਸੀਆਂ ਵਿਧੀਆਂ ਮੁਦਾਖ਼ਲਤ ਕਰਦੀਆਂ ਹਨ ਜੋ ਪ੍ਰਕ੍ਰਿਤੀ ਦੇ ਭੌਤਿਕ ਚਿਤਰ ਨੂੰ ਮਨੁੱਖ ਦੇ ਸਾਰਥਕ ਪਰਬੰਧ ਸਿਰਜਣ

ਵਾਲੇ ਚਿਤਰ ਨਾਲ ਜੋੜ ਦੇਂਦੀਆਂ ਹਨ। ਇਸ ਦਾ ਅਤਿਅੰਤ ਵਿਕਸਤ ਰੂਪ [illegible] ਤਾਂ ਅੱਜ ਦੇ ਮਕਾਨਮੀ ਯੁੱਗ ਦੀਆਂ ਵਿਗਿਆਨਕ ਤੇ ਗਣਿਤ-ਆਤਮਕ ਪ੍ਰਾਪਤੀਆਂ ਵਿਚ ਵੇਖਿਆ ਜਾ ਸਕਦਾ ਹੈ ਪਰੰਤੂ ਇਹ ਪ੍ਰਕ੍ਰਿਆ ਤਾਂ ਮਾਨਵੀ ਸੰਸਕ੍ਰਿਤੀ ਦੇ ਮੁਢਲੇ ਪੜਾਵਾਂ ਵਿਚ ਹੀ ਸ਼ੁਰੂ ਹੋ ਜਾਂਦੀ ਹੈ। ਇਸ ਰਾਹੀਂ ਮਨੁੱਖ ਜਦੋਂ ਪ੍ਰਕ੍ਰਿਤੀ ਨੂੰ ਸੰਸਕ੍ਰਿਤੀ [illegible] ਵਿਚ ਬਦਲਦਾ ਹੈ ਤਾਂ ਉਹ ਆਪਣੇ ਆਦਮ-ਸਰੂਪ ਤੇ ਪ੍ਰਕ੍ਰਿਤਕ ਵਾਤਾਵਰਣ ਦੇ ਸੰਬੰਧਾਂ ਵਿਚੋਂ ਰੂਪਮਾਨ ਹੋਣ ਵਾਲੀ ਸੂਚਨਾ ਆਪਣੀ ਮਾਨਵੀ ਤਥਾ ਸੰਸਕ੍ਰਿਤਕ ਪਕੜ ਵਿਚ ਲੈਣ ਦਾ ਪਰਯਾਸ ਕਰਦਾ ਹੈ।[9] ਇਸ ਵਿਚੋਂ ਹੀ ਮਨੁੱਖ ਐਸੀਆਂ ਜੁਗਤਾਂ ਦਾ ਸਿਰਜਣਹਾਰ ਬਣ ਨਿਬੜਦਾ ਹੈ ਜੋ ਉਸ ਦੇ ਆਦਮ-ਸਰੂਪੀ ਚੰਰਿਤਰ ਤੇ ਪ੍ਰਾਕ੍ਰਿਤਕ ਵਾਤਾਵਰਣ ਵਿਚਕਾਰ ਵਿਚੋਲਗੀ ਦਾ ਕੰਮ ਕਰਦੀਆਂ ਹਨ। ਅਜੇਹੀਆਂ ਜੁਗਤਾਂ ਨੂੰ ਅਸੀਂ ਮਨੁੱਖ ਦੀਆਂ ਸੰਚਾਰ ਜੁਗਤਾਂ ਹੀ ਕਹਿ ਸਕਦੇ ਹਾਂ।[10]

ਅੱਜ ਦੇ ਵਿਗਿਆਨਕ ਜੁਗ ਦੀਆਂ ਸੰਚਾਰਜੁਗਤਾਂ ਵਧੇਰੇ ਕਰਕੇ ਗਣਿਤ ਸ਼ਾਸਤਰੀ ਤਥਾ ਕਮਪਿਊਟਰ ਮੁੱਖ ਹੋ ਗਈਆਂ ਹਨ। ਪਰੰਤੂ ਲੋਕ-ਸਭਿਆਚਾਰ ਦੀ ਪੱਧਰ ਤੇ ਵਿਚਰਨ ਵਾਲੀਆਂ ਸੰਚਾਰ ਜੁਗਤਾਂ ਆਪਣੇ ਚਰਿਤਰ ਵਿਚ ਤੁਲਨਾਵੀ ਤਥਾ ਰੂਪਕੀ ਬਿਰਤੀ ਵਾਲੀਆਂ ਹਨ। ਇਨ੍ਹਾਂ ਸੰਚਾਰ-ਜੁਗਤਾਂ ਦਾ ਅੰਤਿਮ ਪ੍ਰਯੋਜਨ ਮਾਨਵੀ ਸਮਾਜ ਤੇ ਸਭਿਆਚਾਰ ਨੂੰ ਅਤਿਅੰਤ ਸੰਗਠਤ ਵਿਵਸਥਾ ਵਿਚ ਢਾਲਣ ਦਾ ਹੁੰਦਾ ਹੈ। ਇਨ੍ਹਾਂ ਜੁਗਤਾਂ ਦਾ ਕੰਮ ਮਨੁੱਖੀ ਜੀਵਨ ਦੀਆਂ ਅਤਿਅੰਤ ਸਾਧਾਰਨ ਤੇ ਵਿਵਹਾਰਕ ਪੱਧਰਾਂ ਤੋਂ ਸ਼ੁਰੂ ਹੋ ਜਾਂਦਾ ਹੈ। ਮਨੁੱਖ ਆਪਣੇ ਕਾਰ-ਵਿਹਾਰ ਦੇ ਹਰ ਖੇਤਰ ਵਿਚ ਅਚੇਤ ਜਾਂ ਸੁਚੇਤ ਤੌਰ ਤੇ ਇਸੇ ਪ੍ਰਕਾਰ ਦੇ ਸੰਚਾਰ ਕਾਰਜ ਵਿਚ ਰੁੱਝਾ ਰਹਿੰਦਾ ਹੈ। ਜੀਵਨ ਦੀਆਂ ਖਾਣ ਪਕਾਣ ਦੀਆਂ ਵਿਧੀਆਂ ਤੋਂ ਲੈ ਕੇ ਅਧਿਆਤਮਵਾਦ ਦੀਆਂ ਅਤਿਅੰਤ ਅਮੂਰਤ ਪ੍ਰਾਪਤੀਆਂ ਤੀਕ ਇਹ ਵਿਧੀ ਆਪਣਾ ਕਾਰਜ

---

9. Sartre, Jean-Paul., The Problem of Methed., Trans. Hezel E. Barnes, Metheuen & Co., Ltd., London, 1963, pp. VII-XIII.
10. Wilden, Anthony, op.cit., pp.155-156.

ਕਰਦੀ ਹੈ।[11] ਇਹ ਕਾਰਜ ਪ੍ਰਮੁੱਖ ਤੌਰ ਤੇ ਤਿੰਨ ਉਘੜਵੀਆਂ ਸੰਚਾਰ ਵਿਧੀਆਂ ਰਾਹੀਂ ਹੁੰਦਾ ਹੈ।[12]

1. ਇਸਤ੍ਰੀਆਂ ਨੂੰ ਵਟਾਉਣ ਦੀ ਵਿਧੀ:

ਇਸ ਰਾਹੀਂ ਅਸੀਂ ਆਪਣੇ ਪਰਵਾਰ ਦੀਆਂ ਇਸਤ੍ਰੀਆਂ ਨੂੰ ਦੂਜੇ ਪਰਵਾਰ ਵਿਚ ਭੇਜਦੇ ਹਾਂ ਅਤੇ ਦੂਸਰੇ ਪਰਵਾਰ ਦੀਆਂ ਇਸਤ੍ਰੀਆਂ ਨੂੰ ਆਪਣੇ ਪਰਵਾਰ ਦਾ ਅੰਗ ਬਣਾਉਂਦੇ ਹਾਂ। ਇਸ ਰਾਹੀਂ ਸਾਡੀ ਸਾਕ-ਪਰਨਾਲੀ ਹੋਂਦ ਵਿਚ ਆਉਂਦੀ ਹੈ।

2. ਵਸਤਾਂ ਵਿਹਾਰਾਂ ਨੂੰ ਵਟਾਉਣ ਦੀ ਵਿਧੀ:

ਇਸ ਰਾਹੀਂ ਭਾਵੇਂ ਅਸੀਂ ਆਪਣੇ ਨਿਤਾਪ੍ਰਤੀ ਜੀਵਨ ਦੇ ਨਿਰਬਾਹ ਦਾ ਕੰਮ ਕਰਦੇ ਹਾਂ ਪਰ ਨਾਲ ਹੀ ਅਸੀਂ ਇਨ੍ਹਾਂ ਰਾਹੀਂ ਆਪਣੇ ਭਾਈਚਾਰੇ ਦੇ ਅੰਤਰਗਤ ਕਈ ਪ੍ਰਕਾਰ ਦੇ ਲੈਣ ਦੇਣ ਦੇ ਸੰਬੰਧਾਂ ਵਿਚ ਵੀ ਜੁੜ ਗਏ ਹਾਂ।[13]

3. ਭਾਸ਼ਾ:

ਭਾਸ਼ਾ ਨੂੰ ਅਸੀਂ ਸਾਰੀਆਂ ਸੰਚਾਰ ਜੁਗਤਾਂ ਦੀ ਬੁਨਿਆਦੀ ਪਰਨਾਲੀ ਕਹਿ ਸਕਦੇ ਹਾਂ। ਭਾਸ਼ਾ ਇਕ ਐਸੀ ਪ੍ਰਾਪਤੀ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਸਾਰੀਆਂ ਪ੍ਰਾਪਤੀਆਂ ਨੂੰ ਸ਼ਾਬਦਿਕ ਰੂਪ ਦੇਂਦਾ ਹੈ ਅਤੇ ਸਾਰਥਕ ਵਿਵਸਥਾ ਵਿਚ ਕਈ ਥਾਈਂ ਸਿੱਧੇ ਰੂਪ ਵਿਚ ਇਹ ਗੈਰਹਾਜ਼ਰ ਹੁੰਦੀ ਹੈ ਪਰੰਤੂ ਐਸੀਆਂ ਸਥਿਤੀਆਂ ਵਿਚ ਵੀ ਜਦੋਂ ਅਸੀਂ ਸਾਰੀ ਗੱਲ ਨੂੰ ਸਮਝ ਸਕਣ ਦੀ ਸਮੱਸਿਆ ਦੇ ਸਨਮੁੱਖ ਹੁੰਦੇ ਹਾਂ ਤਾਂ ਸਾਨੂੰ ਇਹ ਕੰਮ ਭਾਸ਼ਾ ਦੀ ਮਦਦ ਨਾਲ ਹੀ ਨੇਪਰੇ ਚਾੜ੍ਹਨਾ ਪੈਂਦਾ ਹੈ।

---

11. Levi-Strauss, Claude., The Raw and The Cooked: Introduction to the Science of Mythology, Vol., I, Harper & Row, New York, 1969, pp-25-32,

12. Levi-Strauss, Claude, opt., cit., pp.289-315.

13. Paz, Octavio, Claude., Levi-Strauss: An Introduction., Cornell University Press, London, 1970, pp.9-21.

ਇਸ ਤਰ੍ਹਾਂ ਇਹ ਤਿੰਨ ਵਿਧੀਆਂ ਅਰਥਾਤ ਇਸਤ੍ਰੀ, ਵਸਤਾਂ ਅਤੇ ਭਾਸ਼ਾ ਸਾਡੀ ਲੋਕ-ਪਰੰਪਰਾ ਵਿਚ ਸਾਡੇ ਭਾਈਚਾਰੇ ਨੂੰ ਹਰ ਪੱਧਰ ਉਤੇ ਵਿਵਸਥਾ ਮੂਲਕ ਕਰਨ ਦਾ ਕਾਰਜ ਕਰਦੀਆਂ ਹਨ।

ਇਨ੍ਹਾਂ ਵਿਧੀਆਂ ਦੇ ਅੰਤਰਗਤ ਕੁਝ ਹੋਰ ਵਿਧੀਆਂ ਵੀ ਸਾਹਮਣੇ ਆਉਂਦੀਆਂ ਹਨ। ਉਂਝ ਤਾਂ ਇਹ ਉਪਰਲੀਆਂ ਤਿੰਨ ਵਿਧੀਆਂ ਉਤੇ ਹੀ ਨਿਰਭਰ ਕਰਦੀਆਂ ਹਨ ਪਰੰਤੂ ਸਮੱਸਿਆ ਅਗਰਭੂਮੀ ਦੀ ਹੈ। ਭਾਵ ਇਹ ਕਿ ਕਿਸ ਸਥਿਤੀ ਵਿਚ ਕਿਹੜੀ ਵਿਧੀ ਪਿਠ-ਭੂਮੀ ਤੇ ਚਲੀ ਜਾਂਦੀ ਹੈ ਤੇ ਕਿਹੜੀ ਅਗਰ-ਭੂਮੀ ਤੇ ਆ ਜਾਂਦੀ ਹੈ।

ਸਾਡੇ ਭਾਈਚਾਰਕ ਸਮੂਹ ਵਿਚ ਕੰਮ ਕਰਦੀਆਂ ਰਸਮਾਂ ਤੇ ਰੀਤੀ ਰਿਵਾਜ ਹਨ। ਵੇਖਣ ਵਿਚ ਉਪਰੋਕਤ ਤਿੰਨ ਬੁਨਿਆਦੀ ਵਿਧੀਆਂ ਤੋਂ ਬਹੁਤ ਵੱਖਰੀਆਂ ਪਰਤੀਤ ਹੁੰਦੀਆਂ ਹਨ ਪਰੰਤੂ ਜ਼ਰਾ ਕੁ ਡੂੰਘੇਰੀ ਦ੍ਰਿਸ਼ਟੀ ਤੋਂ ਵੇਖਣ ਨਾਲ ਪਤਾ ਲਗਦਾ ਹੈ ਕਿ ਇਨ੍ਹਾਂ ਦੇ ਪਿਛੋਕੜ ਵਿਚ ਵੀ ਉਪਰਲੀਆਂ ਤਿੰਨ ਵਿਧੀਆਂ ਪਰੋਖ ਰੂਪ ਵਿਚ ਆਪਣਾ ਕਾਰਜ ਕਰ ਰਹੀਆਂ ਹੁੰਦੀਆਂ ਹਨ। ਫ਼ਰਕ ਕੇਵਲ ਇਸ ਗੱਲ ਦਾ ਹੈ ਕਿ ਰਸਮਾਂ ਤੇ ਰੀਤੀ ਰਿਵਾਜ ਵਿਚ ਸਾਡੇ ਸਨਮੁੱਖ ਰਹਿਣ ਵਾਲਾ ਦ੍ਰਿਸ਼ ਅਤਿਅੰਤ ਵਿਹਾਰਕ ਜਾਂ ਕ੍ਰਿਆਕ੍ਰਮ ਵਾਲਾ ਹੁੰਦਾ ਹੈ।

ਇਸ ਤਰ੍ਹਾਂ ਜੋ ਸਭਿਆਚਾਰ ਹੋਂਦ ਵਿਚ ਆਇਆ, ਉਹ ਕਿਸੇ ਵਿਗਿਆਨਕ ਸਿਸਟਮ ਤੋਂ ਘੱਟ ਨਹੀਂ। ਨੀਝ ਨਾਲ ਵੇਖਣ ਤੋਂ ਪਤਾ ਲਗਦਾ ਹੈ ਕਿ ਇਸ ਵਿਚਲੀ ਹਰ ਪ੍ਰਾਪਤੀ ਕਈ ਪਹਿਲੂਆਂ ਤੋਂ ਕੋਟੀਬੱਧ ਕੀਤੀ ਹੁੰਦੀ ਹੈ। ਇਸ ਕੋਟੀਬੱਧ ਕਰਨ ਦੀ ਰੁਚੀ ਦੇ ਅੰਤਰਗਤ ਮਨੁੱਖ ਨੇ ਆਪਣੇ ਸਭਿਆਚਾਰ ਨਾਲ ਸੰਬੰਧਤ ਜਿੱਥੇ ਹੋਰ ਬਹੁਤ ਸਾਰੇ ਪਹਿਲੂਆਂ ਨੂੰ ਕੋਟੀਬੱਧ ਕੀਤਾ ਹੈ, ਉਥੇ ਉਸ ਨੇ ਕਾਲ ਦਾ ਵਿਭਾਜਨ ਵੀ ਕਈ ਕੋਟੀਆਂ

ਵਿਚ ਕੀਤਾ ਹੈ। ਇਹ ਕੋਟੀਆਂ, ਰੁੱਤਾਂ, ਥਿੱਤਾਂ, ਵਾਰਾਂ ਤੇ ਮਹੀਨਿਆਂ ਆਦਿਕ ਦੀਆਂ ਕੋਟੀਆਂ ਹਨ। ਇਨ੍ਹਾਂ ਵਿਚ ਰਹਿੰਦਿਆਂ ਮਨੁੱਖ ਆਪਣੇ ਜੀਵਨ ਦੇ ਭਵਿੱਖ ਬਾਰੇ ਸਦਾ ਹੀ ਚੇਤੰਨ ਰਹਿੰਦਾ ਹੈ ਤੇ ਕਾਲ ਦੇ ਚੱਕਰ ਦੇ ਮੁਤਾਬਕ ਬਦਲਦੇ ਵਾਯੂਮੰਡਲ ਅਨੁਸਾਰ ਆਪਣਾ ਜੀਵਨ ਜਿਉਣ ਦਾ ਆਹਾਰ ਕਰਦਾ ਰਹਿੰਦਾ ਹੈ। ਇਸਤਰ੍ਹਾਂ ਇਸ ਪੱਧਰ ਤੇ ਮਨੁੱਖ ਨੇ ਕਾਲ ਨੂੰ ਆਪਣੀ ਸਮਾਜਕ ਉਪਯੋਗਿਤਾ ਦੇ ਅਧੀਨ ਆਪਣੇ ਅਧਿਕਾਰ ਵਿਚ ਲੈ ਲਿਆ। ਇਸ ਤੋਂ ਅੱਗੇ ਮਨੁੱਖ ਇਸੇ ਕਾਲ ਨਿਯੋਤ੍ਰਣ ਨੂੰ ਤੇ ਇਸ ਨਿਯੋਤ੍ਰਣ ਵਿਚੋਂ ਨਿਕਲਣ ਵਾਲੀਆਂ ਕੋਟੀਆਂ ਨੂੰ ਆਪਣੀ ਸੁਹਜ ਸੰਵੇਦਨਾ ਦੀ ਤ੍ਰਿਪਤੀ ਲਈ ਵੀ ਵਰਤਣ ਦਾ ਜਤਨ ਕਰਦਾ ਹੈ। ਇਸ ਵਿਚੋਂ ਕਾਲ ਕੋਟੀਆਂ ਨਾਲ ਸੰਬੰਧਤ ਕਈ ਪ੍ਰਕਾਰ ਦੇ ਗੀਤ ਉਤਪੰਨ ਹੁੰਦੇ ਹਨ ਜੋ ਮੁਢਲੀ ਲੋਕ-ਪੱਧਰ ਤੋਂ ਲੈ ਕੇ ਭਾਈਚਾਰੇ ਤੇ ਸਮਾਜ ਦੀਆਂ ਹੋਰ ਉਚੇਰੀਆਂ ਪ੍ਰਾਪਤੀਆਂ ਨੂੰ ਪੇਸ਼ ਕਰਨ ਦਾ ਮਾਧਿਅਮ ਵੀ ਬਣਦੇ ਰਹਿੰਦੇ ਹਨ। ਬਾਰਾਂਮਾਹ ਵੀ ਇਸੇ ਤਰ੍ਹਾਂ ਦਾ ਇਕ ਗੀਤ ਹੈ।

ਬਾਰਾਂਮਾਹ ਸਾਡੀ ਪੰਜਾਬੀ ਸਭਿਆਚਾਰ ਦੀ ਪਰੰਪਰਾ ਵਿਚ ਇਕ ਅਤਿਅੰਤ ਮਹੱਤਵਸ਼ੀਲ ਰੂੜ੍ਹੀ ਹੈ ਅਤੇ ਇਹ ਰੂੜ੍ਹੀ ਸਾਡੀ ਲੋਕ-ਸੰਸਕ੍ਰਿਤੀ ਤੋਂ ਆਰੰਭ ਹੋ ਕੇ ਅਤਿਅੰਤ ਵਿਕਸਤ ਕਾਵਿ-ਰੂੜ੍ਹੀ ਦੀ ਸੰਸਕ੍ਰਿਤੀ ਤਕ ਚਲੀ ਗਈ ਹੈ। ਇਹ ਰੂੜ੍ਹੀ ਬੁਨਿਆਦੀ ਤੌਰ ਤੇ ਸਾਡੇ ਭਾਈਚਾਰਕ ਸਮੂਹ ਦੀ ਰੂੜ੍ਹੀ ਹੈ।

ਬਾਰਾਂਮਾਹ ਬੁਨਿਆਦੀ ਤੌਰ ਤੇ ਪੂਰੇ ਵਰ੍ਹੇ ਨਾਲ ਸੰਬੰਧਤ ਰੁੱਤ ਬਦਲੀ ਪ੍ਰਤੀ ਮਨੁੱਖ ਨੂੰ ਖ਼ਬਰਦਾਰ ਕਰਦਾ ਹੈ ਪਰ ਮਨੁੱਖ ਨੇ ਇਸ ਨੂੰ ਇਸ ਦੇ ਪ੍ਰਾਕ੍ਰਿਤਕ ਪਾਸਾਰ ਚੋਂ ਕੱਢ ਕੇ ਇਸ ਰਾਹੀਂ ਸੁਹਜ-ਸੰਵੇਦਨਾ ਦੇ ਉਦੇਸ਼ ਦੀ ਪੂਰਤੀ ਦਾ ਵੀ ਕੰਮ ਸਾਰਿਆ ਹੈ।

ਬਾਰਾਂਮਾਹ ਤੋਂ ਬਿਨਾਂ ਹੋਰ ਵੀ ਕਾਲ ਕੋਟੀਆਂ ਗੀਤਾਂ ਵਿਚ ਬਦਲ ਗਈਆਂ। ਕੇਵਲ ਕਾਲ ਹੀ ਨਹੀਂ, ਹੋਰ ਦੂਸਰੀਆਂ ਵਾਸਤਵਿਕ ਤੇ ਉਪਯੋਗੀ ਪ੍ਰਾਪਤੀਆਂ ਨੂੰ ਵੀ ਮਨੁੱਖ ਨੇ ਸੁਹਜ-ਸੰਵੇਦਨਾ ਦੇ ਮੰਤਵ ਦੀ ਪੂਰਤੀ ਲਈ ਵਰਤਿਆ ਹੈ।

ਇਸੇ ਸੰਦਰਭ ਵਿਚ ਅਸੀਂ ਕਾਲ-ਵਾਚਕ ਗੀਤ ਤੇ ਕਾਲ-ਅਤੀਤ ਗੀਤਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਬਾਰ੍ਹਾਂਮਾਹ ਦਾ ਪੰਜਾਬੀ ਸਭਿਆਚਾਰ ਵਿਚ ਆਪਣਾ ਸਥਾਨ ਨਿਸਚਿਤ ਕਰ ਸਕਦੇ ਹਾਂ।

ਪੰਜਾਬ ਦਾ ਸਮਾਜ ਕ੍ਰਿਸ਼ੀਗਤ ਸਮਾਜ ਹੈ। ਇਸ ਲਈ ਇਸ ਦੀਆਂ ਸਾਰੀਆਂ ਸਾਂਸਕ੍ਰਿਤਕ ਪ੍ਰਾਪਤੀਆਂ ਨੂੰ ਇਸੇ ਸੰਦਰਭ ਵਿਚ ਹੀ ਵਾਚਿਆ ਜਾ ਸਕਦਾ ਹੈ। ਯਾਦ ਇਹ ਰਖਣਾ ਚਾਹੀਦਾ ਹੈ ਕਿ ਕ੍ਰਿਸ਼ੀਗਤ ਸਮਾਜ ਪ੍ਰਕ੍ਰਿਤੀ ਦਾ ਨਿਯੰਤ੍ਰਣ ਲੋਚਦਿਆਂ ਹੋਇਆਂ ਵੀ ਆਪਣੇ ਆਪ ਨੂੰ ਪ੍ਰਕ੍ਰਿਤੀ ਦੇ ਵਧੇਰੇ ਨੇੜੇ ਹੀ ਰੱਖਦਾ ਹੈ। ਇਕ ਤਰ੍ਹਾਂ ਦੀ ਉਹ ਦੁਜੈਲੀ ਪ੍ਰਕ੍ਰਿਤੀ[14] ਸਿਰਜ ਲੈਂਦਾ ਹੈ। ਇਹੀ ਦੁਜੈਲੀ ਪ੍ਰਕ੍ਰਿਤੀ ਹੀ ਪੰਜਾਬ ਦਾ ਲੋਕ-ਸਭਿਆਚਾਰ ਕਹੀ ਜਾ ਸਕਦੀ ਹੈ।

ਇਸ ਪ੍ਰਕਾਰ ਬਾਰਾਂਮਾਹ ਜਿਸ ਨੂੰ ਅਸਾਂ ਨੇ ਕਾਲ ਨੂੰ ਨਿਯੰਤ੍ਰਣ ਵਿਚ ਲੈਣ ਦੀ ਪ੍ਰਵਿਰਤੀ ਵਿਚੋਂ ਜਨਮੀ ਕਾਵਿ-ਰੂੜ੍ਹੀ ਕਿਹਾ ਹੈ, ਅਸਲ ਵਿਚ ਇਕ ਸਖਣੇ ਰੂਪ ਦਾ ਦਰਜਾ ਪ੍ਰਾਪਤ ਕਰ ਜਾਂਦੀ ਹੈ। ਸਖਣਾ ਰੂਪ ਮਾਨਵੀ ਸਾਰਥਕਤਾ ਦੀ ਅਤਿਅੰਤ ਭਰਪੂਰ ਪ੍ਰਾਪਤੀ ਹੈ। ਅਜਿਹੀ ਪ੍ਰਾਪਤੀ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਫਾਲਤੂ ਵੇਰਵਿਆਂ ਵਿਚੋਂ ਨਿਕਲ ਕੇ ਵਿਸ਼ੇਸ਼ ਪ੍ਰਕਾਰ ਦੀ ਸੰਜਮ ਪਰਕ ਦ੍ਰਿਸ਼ਟੀ ਨਾਲ ਜੁੜਿਆ ਜਾਵੇ। ਬਾਰਾਂਮਾਹ ਦੇ ਸੰਬੰਧ ਵਿਚ ਇਹ ਗਲ ਨਿਸ਼ਚੇ ਹੀ ਕਹੀ ਜਾ ਸਕਦੀ ਹੈ ਕਿ ਇਹ ਕਾਲ-ਪਸਾਰੇ ਤੇ ਰੁੱਤ-ਪਰੀਵਰਤਨ ਵਿਚੋਂ ਵਿਸ਼ੇਸ਼ ਪ੍ਰਕਾਰ ਦਾ ਸੰਜਮ-ਪ੍ਰਬੰਧ ਸਿਰਜਣ ਵਾਲਾ ਰੂਪ ਹੈ। ਇਹ ਰੂਪ ਕਿਸੇ ਇਕ ਵਿਸ਼ੇਵਸਤੂ ਦੇ ਸੰਗਠਨ ਨਾਲ ਬਝਿਆ ਹੋਇਆ ਨਹੀਂ, ਸਗੋਂ ਇਸਦਾ ਘੇਰਾ ਇਸ ਪਹਿਲੂ ਤੋਂ ਬਹੁਤ ਹੀ ਵਿਸ਼ਾਲ ਹੈ। ਸਾਧਾਰਨ ਰੁੱਤ-ਪਰੀਵਰਤਨ ਦੀ ਤਬਦੀਲੀ ਦਾ ਜ਼ਿਕਰ ਕਰਨ ਵਾਲੇ ਬਾਰਾਂਮਾਹ ਤੋਂ ਲੈ ਕੇ ਵਿਜੋਗ ਗੀਤ ਵਾਲੇ, ਨੈਤਿਕ ਸਿਖਿਆ ਵਾਲੇ ਅਤੇ ਅਧਿਆਤਮਕ ਰੰਗਣ ਵਾਲੇ ਬਾਰਾਂਮਾਹ ਮਿਲਦੇ ਹਨ। ਇਸ ਤੋਂ

---

14. Baumann, Zygmunt., <u>Critical Sociology</u>, Rutlege & Kegan Paul, London, 1974, pp 5-10.

ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਭਿੰਨ ਭਿੰਨ ਵਿਸ਼ੇ ਸੰਗਠਨ ਵਾਲੀਆਂ ਬਣਤਰਾਂ ਦੇ ਅੰਤਰਗਤ ਜੇ ਕੋਈ ਬੁਨਿਆਦੀ ਜੁਗਤ ਪਈ ਹੈ ਤਾਂ ਉਹ ਬਾਰਾਂਮਾਹ ਦਾ ਹੀ ਸਖਣਾ ਰੂਪ ਹੈ। ਇਸ

ਸਖਣੇ ਰੂਪ ਦੀ ਅਹਿਮੀਅਤ ਨੂੰ ਅਸੀਂ ਭਾਸ਼ਾ ਵਿਗਿਆਨ ਵਲੋਂ ਪ੍ਰਾਪਤ ਹੋਏ ਮਾਡਲ ਰਾਹੀਂ ਵੀ ਸਮਝ ਸਕਦੇ ਹਾਂ। ਨਵੀਨ ਭਾਸ਼ਾ ਵਿਗਿਆਨ ਵਾਕ ਨੂੰ ਭਾਸ਼ਾ ਦੀ ਇਕ ਅੰਤਿਮ ਸਾਰਥਿਕ ਇਕਾਈ ਮੰਨਦਾ ਹੈ।[15] ਇਹ ਇਕਾਈ ਆਪਣੇ ਨੇਮ ਵਿਧਾਨ ਦੇ ਆਧਾਰ ਉਪਰ ਜੀਵਨ ਦੇ ਬਹੁਪੱਖੀ ਉਦੇਸ਼ਾਂ ਦੀ ਸੂਚਨਾ ਨੂੰ ਨਿਸ਼ਚਿਤ ਅਰਥਾਂ ਬਾਰੇ ਪੈਗ਼ਾਮਾਂ ਵਿਚ ਬਦਲਦੀ ਹੈ। ਇਸੇ ਲਈ ਵਾਕ ਨੂੰ ਇਕ ਸਖਣਾ ਰੂਪ ਕਿਹਾ ਗਿਆ ਹੈ। ਅਰਥਾਤ ਇਕ ਸਖਣੇ ਰੂਪ ਵਜੋਂ ਵਾਕ ਜੀਵਨ ਦੇ ਕਿਸੇ ਵੀ ਪਹਿਲੂ ਲਈ ਨਿਰਲਿਪਤ ਹੋ ਕੇ ਵਰਤਿਆ ਜਾ ਸਕਦਾ ਹੈ। ਐਨ ਇਸੇ ਪ੍ਰਕਾਰ ਬਾਰਾਂਮਾਹ ਸਾਡੇ ਸੰਪਰਦਾਈ ਭਾਈਚਾਰੇ ਦੇ ਅੰਤਰਗਤ ਕਾਲ ਨਾਲ ਸੰਬੰਧਤ ਇਕ ਸਾਰਥਕ ਪ੍ਰਾਪਤੀ ਹੈ ਅਤੇ ਇਹ ਪ੍ਰਾਪਤੀ ਸਾਡੇ ਸਭਿਆਚਾਰ ਤੇ ਸਾਹਿਤ ਦੇ ਇਤਿਹਾਸ ਵਿਚ ਬਹੁਤ ਦੂਰ ਤੀਕ ਚਲੀ ਗਈ ਹੈ। ਇਸ ਨੇ ਵੀ ਵਾਕ ਵਾਂਗ ਭਿੰਨ ਭਿੰਨ ਵਿਸ਼ਿਆਂ ਨੂੰ ਸੰਗਠਨ ਦੇਣ ਦਾ ਕਾਰਜ ਕੀਤਾ ਹੈ।

ਬਾਰਾਂਮਾਹ ਨੂੰ ਅਸੀਂ ਇਕ ਵਿਕਸਤ ਲੋਕਰੂੜ੍ਹੀ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ ਅਤੇ ਇਸ ਨੂੰ ਇਕ ਸਖਣੇ ਰੂਪ ਦਾ ਦਰਜਾ ਦਿੱਤਾ ਹੈ। ਪਰੰਤੂ ਇਥੇ ਇਹ ਯਾਦ ਰਖਣ ਦੀ ਲੋੜ ਹੈ ਕਿ ਇਸ ਤੋਂ ਉਪਰੰਤ ਹੋਰ ਵੀ ਅਜੇਹੀਆਂ ਰੂੜ੍ਹੀਆਂ ਪੰਜਾਬ ਦੇ ਲੋਕ-ਸਭਿਆਚਾਰ ਵਿਚ ਪ੍ਰਾਪਤ ਹਨ ਜਿਨ੍ਹਾਂ ਦਾ ਬੁਨਿਆਦੀ ਸਰੋਤ ਬਾਰਾਂਮਾਹ ਵਾਂਗ ਹੀ ਕਾਲ ਦੇ ਅੰਤਰਗਤ ਬਦਲਦੀ ਪ੍ਰਕ੍ਰਿਤੀ ਉਪਰ ਆਧਾਰਤ ਹੈ ਅਤੇ ਜਿਨ੍ਹਾਂ ਨੂੰ ਕਾਲਗਤ ਜਾਂ ਕਾਲ ਨਾਲ ਸੰਬੰਧਤ ਗੀਤ-ਰੂਪ ਕਹਿ ਸਕਦੇ ਹਾਂ। ਇਨ੍ਹਾਂ ਰੂੜ੍ਹੀਆਂ ਦੀ ਕੋਟੀ ਵਿਚ

15. Culler, Jonathan., Structuralist Poetics., Rutledge and Kegan Paul, London, 1975, pp.3-20.

ਅਸੀਂ ਰੁੱਤਾਂ, ਥਿੱਤਾਂ, ਵਾਰਾਂ(ਅਠਵਾਰੇ,ਸਤਵਾਰੇ) ,ਦਿਨ-ਰੈਣ ਤੇ ਪਹਿਰੇ ਆਦਿਕ ਨੂੰ ਸ਼ਾਮਲ ਕਰ ਸਕਦੇ ਹਾਂ। ਬਾਰਾਮਾਹ ਵਾਂਗ ਇਨ੍ਹਾਂ ਵਿਚ ਵੀ ਭੌਤਿਕ ਪ੍ਰਵਿਰਤੀ ਤੇ ਕਾਲ-ਪਰੀਵਰਤਨ ਤੋਂ ਸ਼ੁਰੂ ਕਰਕੇ ਸੰਸਕ੍ਰਿਤੀ ਦੀਆਂ ਹੋਰ ਉਚੇਰੀਆਂ ਪ੍ਰਾਪਤੀਆਂ ਤੀਕ ਗੱਲ ਨੂੰ ਵਿਸਥਾਰਿਆ ਗਿਆ ਹੈ। ਇਨ੍ਹਾਂ ਦੀ ਵਰਤੋਂ ਸੰਖਣੇ ਰੂਪ ਵਾਂਗ ਵੀ ਕੀਤੀ ਗਈ ਹੈ। ਲੋਕ-ਜੀਵਨ ਵਿਚ ਤਾਂ ਇਨ੍ਹਾਂ ਦਾ ਪਰਯੋਗ ਹੈ ਹੀ, ਮੱਧਕਾਲ ਦੇ ਪੰਜਾਬੀ ਲੋਕ-ਸਭਿਆਚਾਰ ਵਿਚ ਵੀ ਇਨ੍ਹਾਂ ਦਾ ਪਰਯੋਗ ਆਪਣੇ ਪਹਿਲੇ ਸੰਦਰਭ ਤੋਂ ਵੱਖ ਕਰਕੇ ਦੂਸਰੇ ਸੰਦਰਭਾਂ ਵਿਚ ਕੀਤਾ ਮਿਲਦਾ ਹੈ। ਮਿਸਾਲ ਵਜੋਂ,ਆਦਿ ਗ੍ਰੰਥ ਵਿਚ ਇਹ ਸਾਰੀਆਂ ਰੂੜ੍ਹੀਆਂ ਮਿਲ ਜਾਂਦੀਆਂ ਹਨ ਜੋ ਆਪਣੀ ਬੁਨਿਆਦੀ ਪ੍ਰਕ੍ਰਿਤੀ ਵਿਚ ਕਾਲ ਨਾਲ ਜਾਂ ਰੁੱਤ ਪਰੀਵਰਤਨ ਨਾਲ ਸੰਬੰਧਤ ਹੈ। ਇਸ ਤਰ੍ਹਾਂ ਲੋਕ-ਰੂੜ੍ਹੀਆਂ ਲੋਕ-ਵਾਣੀ ਬੋਲਦੀਆਂ ਹਨ ਤੇ ਆਦਿ -ਗ੍ਰੰਥ ਬ੍ਰਹਿਮ ਵਾਣੀ ਬੋਲਦਾ ਹੈ। ਆਦਿ-ਗ੍ਰੰਥ ਦੀ ਬ੍ਰਹਿਮ ਵਾਣੀ ਨੂੰ ਨਿਰੂਪਣ ਕਰਨ ਲਈ ਜਿੱਥੇ ਹੋਰ ਅਨੇਕਾਂ ਪ੍ਰਕਾਰ ਦੀਆਂ ਰੂੜ੍ਹੀਆਂ ਦਾ ਪਰਯੋਗ ਹੋਇਆ ਹੈ ਉਥੇ ਇਨ੍ਹਾਂ ਰੁੱਤਾਧਾਰੀ ਰੂੜ੍ਹੀਆਂ ਦਾ ਇਸਤੇਮਾਲ ਵੀ ਕੀਤਾ ਗਿਆ ਹੈ। ਸਪਸ਼ਟ ਹੈ ਕਿ ਇਹ ਲੋਕ-ਰੂੜ੍ਹੀਆਂ ਦਾ ਦੁਜੈਲਾ ਤੇ ਆਪੇ ਤੋਂ ਪਾਰ ਜਾਣ ਵਾਲਾ ਪਰਯੋਗ ਹੈ। ਬਾਰਾਮਾਹ ਵੀ ਇਸੇ ਸੰਦਰਭ ਵਿਚ ਰੱਖਿਆ ਜਾ ਸਕਦਾ ਹੈ। ਪਰੰਤੂ ਇੱਥੇ ਸਾਡੀ ਸਮੱਸਿਆ ਰੁੱਤਾਂ,ਥਿੱਤਾਂ, ਵਾਰਾਂ ਆਦਿ ਦਾ ਆਪਸੀ ਸੰਬੰਧ ਨਿਸ਼ਚਿਤ ਕਰਨ ਦੀ ਹੈ। ਜਿੱਥੋਂ ਤੱਕ ਇਨ੍ਹਾਂ ਰੂੜ੍ਹੀਆਂ ਦੇ ਜਾਤੀਗਤ ਸਭਾਵ ਦਾ ਸੰਬੰਧ ਹੈ, ਇਹ ਸਾਰੀਆਂ ਇਕੋ ਕੋਟੀ ਦੀਆਂ ਰੂੜ੍ਹੀਆਂ ਹਨ ਜੋ ਕਾਲ ਪਰੀਵਰਤਨ ਦੇ ਆਧਾਰ ਉਪਰ ਨਿਸ਼ਚਿਤ ਹੋਈ ਕੋਟੀ ਹੈ। ਇਸਦਾ ਸਪਸ਼ਟ ਅਰਥ ਇਹ ਹੈ ਕਿ ਰੁੱਤਾਂ,ਥਿੱਤਾਂ,ਵਾਰਾਂ ਨੂੰ ਬਾਰਾਮਾਹ ਦੇ ਵਿਰੋਧ ਵਿ ਚ ਨਹੀਂ,ਸਗੋਂ ਇਕ ਦੂਸਰੇ ਦੇ ਨਾਲ ਰਖ ਕੇ ਹੀ ਵਾਚਿਆ ਜਾ ਸਕਦਾ

ਹੈ। ਇਸ ਸਾਰੀ ਸਮੱਸਿਆ ਨੂੰ ਪਰਬੰਧ-ਵਾਚਕ ਸਿਜਮ ਵਿਚ ਬੰਨ੍ਹਣ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਬਾਰਾਂਮਾਹ ਇੱਕ ਸਮੁੱਚਾ ਪਰਬੰਧ ਹੈ ਅਤੇ ਦੂਸਰੀਆਂ ਰੁੜ੍ਹੀਆਂ ਤਥਾ ਰੁੱਤਾਂ, ਥਿੱਤਾਂ ਵਾਰ ਆਦਿ ਇਸ ਸਿਸਟਮ ਦੇ ਉਪ-ਸਿਸਟਮ ਹਨ। ਇਨ੍ਹਾਂ ਸਾਰੀਆਂ ਨੂੰ ਇਕ ਦੂਜੇ ਦੇ ਸੰਬੰਧਾਂ ਵਿਚ ਹੀ ਜਾਣਿਆ ਬੁੱਝਿਆ ਜਾ ਸਕਦਾ ਹੈ। ਇਕ ਤਰ੍ਹਾਂ ਨਾਲ ਰੁੱਤਾਂ, ਥਿੱਤਾਂ, ਵਾਰ ਆਦਿ ਐਸੀਆਂ ਇਕਾਈਆਂ ਹਨ ਜੋ ਬਾਰਾਂਮਾਹ ਦੇ ਸਮੁੱਚ ਨੂੰ ਜ਼ਰਾ ਉਘੜਵਾਂ ਅਰਥ ਪਰਦਾਨ ਕਰਦੀਆਂ ਹਨ।

ਇਸ ਤਰ੍ਹਾਂ ਕਾਲਗਤ ਗੀਤਾਂ ਦੇ ਵਿਰੋਧ ਵਿਚ ਅਸੀਂ ਕੁਝ ਐਸੇ ਕਾਲ-ਅਤੀਤ ਗੀਤਾਂ ਨੂੰ ਵੀ ਰੱਖ ਸਕਦੇ ਹਾਂ ਜੋ ਸਭਿਆਚਾਰ ਦੇ ਦੂਸਰੇ ਪਹਿਲੂਆਂ ਨਾਲ ਸੰਬੰਧਤ ਹਨ ਜਿਵੇਂ ਕਿ ਲੋਰੀਆਂ, ਘੋੜੀਆਂ, ਸਿਠਣੀਆਂ, ਅਲਾਹੁਣੀਆਂ, ਸੌਂਦਾਂ ਤੇ ਸੋਹਿਲੇ ਵਗੈਰਾ। ਇਸ ਪ੍ਰਕਾਰ ਦੇ ਹੋਰ ਵੀ ਅਨੇਕਾਂ ਗੀਤ ਹਨ ਜੋ ਪੀੜ੍ਹੀਓ ਪੀੜ੍ਹੀ ਜੰਮਣ ਤੋਂ ਮਰਨ ਤਕ ਦੇ ਜੀਵਨ ਨਾਲ ਜੁੜੇ ਆ ਰਹੇ ਹਨ। ਇਨ੍ਹਾਂ ਗੀਤਾਂ ਤੋਂ ਜੋ ਗੱਲ ਸਾਡੇ ਹੱਥਲੇ ਵਿਸ਼ੇ ਨਾਲ ਸੰਬੰਧਤ ਹੈ, ਉਹ ਇਨ੍ਹਾਂ ਅਰਥਾਂ ਵਿਚ ਸਪਸ਼ਟ ਹੁੰਦੀ ਹੈ ਕਿ ਲੋਕ-ਗੀਤਾਂ ਵਿਚ ਮਨੁੱਖ ਪ੍ਰਕ੍ਰਿਤੀ ਦਾ ਨਿਯੰਤ੍ਰਣ ਲੈ ਕੇ ਉਸ ਨੂੰ ਸੰਸਕ੍ਰਿਤੀ ਵਿਚ ਤਬਦੀਲ ਕਰਦਾ ਹੈ। ਬਾਰਾਂਮਾਹ ਵਿਚ ਕਾਲ-ਪਰੀਵਰਤਨ ਦਾ ਨਿਯੰਤ੍ਰਣ ਹੈ। ਇਸੇ ਤਰ੍ਹਾਂ ਕਾਲ-ਅਤੀਤ ਗੀਤਾਂ ਵਿਚ ਪ੍ਰਕ੍ਰਿਤੀ ਦੇ ਹੋਰ ਵੱਖ ਵੱਖ ਪਹਿਲੂਆਂ ਦਾ ਨਿਯੰਤ੍ਰਣ ਸ਼ਾਮਲ ਹੈ। ਇਹ ਗੀਤ ਡਾ. ਕਰਨੈਲ ਸਿੰਘ ਥਿੰਦ ਅਨੁਸਾਰ, " ਪ੍ਰਕ੍ਰਿਤੀ ਦੀ ਗੋਦ ਵਿਚ ਵਿਚਰ ਰਹੇ ਲੋਕ-ਜੀਵਨ ਦੀਆਂ ਛੱਲਾਂ ਚੋਂ ਆਪ-ਮੁਹਾਰੇ ਉਤਪੰਨ ਹੁੰਦੇ ਹਨ" [16] ਅਤੇ ਡਾ. ਮਹਿੰਦਰ ਸਿੰਘ ਰੰਧਾਵਾ ਅਨੁਸਾਰ "ਕਿਸੇ ਕਬੀਲੇ ਅਤੇ ਜਾਤੀ ਦੇ ਪਰਭਾਵ ਨਾਲ ਤਾਲਮੇਲ ਰਖ ਕੇ ਹੀ

---

1. ਕਰਨੈਲ ਸਿੰਘ ਥਿੰਦ, (ਡਾ.) , ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰ.142, 1973.

ਹੋਂਦ ਵਿਚ ਆਉਂਦੇ ਹਨ।[17]" ਇਹ ਕਬੀਲੇ ਲੋਕ ਸਮੂਹ ਦੇ ਸਨ ਜਿਸ ਨੇ ਪ੍ਰਕ੍ਰਿਤੀ ਦਾ ਵਿਰੋਧ ਕਰਕੇ ਉਸ ਨੂੰ ਆਪਣੇ ਨਿਯੰਤ੍ਰਣ ਵਿਚ ਲੈਣ ਲਈ ਘੋਲ ਅਰੰਭਿਆ ਸੀ।

ਇਨ੍ਹਾਂ ਗੀਤਾਂ ਦਾ ਅਧਿਐਨ ਕਰਨ ਤੋਂ ਇਹ ਗਲ ਭਲੀ ਭਾਂਤ ਸਪਸ਼ਟ ਹੈ ਕਿ ਪ੍ਰਕ੍ਰਿਤੀ ਤੋਂ ਤੁਰ ਕੇ ਮਨੁੱਖ ਸੰਸਕ੍ਰਿਤੀ ਤੱਕ ਵਧਣ ਦੀ ਚੇਸ਼ਟਾ ਕਰਦਾ ਹੀ ਰਹਿੰਦਾ ਹੈ ਅਤੇ ਇਸ ਚੇਸ਼ਟਾ ਦਾ ਪ੍ਰਗਟਾਵਾ ਸਾਡੇ ਲੋਕ-ਗੀਤ ਬੜੀ ਸਪਸ਼ਟਤਾ ਨਾਲ ਕਰਦੇ ਹਨ।

********

*****

***

*

---

17. ਮਹਿੰਦਰ ਸਿੰਘ ਰੰਧਾਵਾ(ਡਾ.), ਪੰਜਾਬੀ ਲੋਕਗੀਤ, ਪੰ.9, ਸਾਹਿਤ ਅਕਾਡਮੀ, ਦਿੱਲੀ, 1960।

ਅਧਿਆਇ ਦੂਜਾ

*
*
*
*
*
*
*
*
*
*

## ਮੋਟਿਫ਼ ਤੇ ਥੀਮ-ਅਧਿਐਨ

ਭਾਸ਼ਾਗ੍ਰਤ ਸਾਰਥਿਕਤ ਤੇ ਲੋਕ-ਸਭਿਆਚਾਰਕ ਸਾਰਥਿਕਤਾ ਪ੍ਰਸਪਰ ਸੰਬੰਧਾਂ ਵਿਚ — ਭਾਸ਼ਾਈ ਵਾਕ-ਪਰਬੰਧ ਦੀ ਸਾਰਥਿਕਤਾ ਦੀਆਂ ਇਕਾਈਆਂ ਤੇ ਬਾਰਾਂਮਾਹ ਦੀ ਸਾਰਥਿਕਤਾ ਅਤੇ ਇਸ ਸਾਰਥਿਕਤਾ ਦੀਆਂ ਅਰਥਯੁਕਤ ਇਕਾਈਆਂ — ਭਾਸ਼ਾਈ ਪ੍ਰਬੰਧ ਦੀ ਥੀਮ ਦਾ ਲੋਕ-ਸਭਿਆਚਾਰ ਵਿਚ ਰੂਪਾਂਤ੍ਰਣ — ਬਾਰਾਂਮਾਹ ਦੇ ਥੀਮਕ ਅਧਿਐਨ ਵਿਚ ਕਾਵਿ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ।

*******

## ਅਧਿਆਇ ਦੂਜਾ

## ਬਾਰਾਂਮਾਹ : ਮੋਟਿਫ਼ ਤੇ ਥੀਮ ਅਧਿਐਨ

ਅਸੀਂ ਪਿੱਛੇ ਇਹ ਨਿਸ਼ਚਿਤ ਕਰ ਚੁੱਕੇ ਹਾਂ ਕਿ ਬਾਰਾਂਮਾਹ ਪੰਜਾਬ ਦੇ ਲੋਕ-ਸਭਿਆਚਾਰ ਵਿਚ ਵਿਕਸਤ ਹੋਈ ਐਸੀ ਬੁਨਿਆਦੀ ਰੂੜ੍ਹੀ ਹੈ ਜਿਸ ਨੇ ਮੱਧਕਾਲੀ ਪੰਜਾਬੀ ਕਾਵਿ ਵਿੱਚ ਸੁਤੰਤਰ ਕਾਵਿ ਦਾ ਰੂਪ ਵੀ ਧਾਰਿਆ ਹੈ ਤੇ ਨਾਲ ਹੀ ਮੱਧਕਾਲੀ ਕਾਵਿ ਦੀਆਂ ਦੂਸਰੀਆਂ ਪਰਵਿਰਤੀਆਂ ਵਿਚ ਇਕ ਜੁਗਤ ਦਾ ਕੰਮ ਵੀ ਕੀਤਾ ਹੈ। ਇਸਦਾ ਬੁਨਿਆਦੀ ਕਾਰਜ ਤਾਂ ਲੋਕ-ਭਾਈਚਾਰੇ ਵਿਚ ਪ੍ਰਚਲਤ ਲੋਕ-ਰੂੜ੍ਹੀਆਂ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਇਸ ਅਵਸਥਾ ਤੇ ਬਾਰਾਂਮਾਹ ਕਾਲ ਪਰੀਵਰਤਨ ਦੇ ਅਧੀਨ ਉਪਜਣ ਵਾਲੀ ਪ੍ਰਾਕ੍ਰਿਤਕ ਤਬਦੀਲੀ ਦੇ ਅੰਤਰਗਤ ਆਮ ਕਰਕੇ ਵਿਜੋਗਣ ਦੇ ਬ੍ਰਿਹਾ ਨੂੰ ਚਿਤਰਦਾ ਹੈ ਤੇ ਇਸ ਤਰ੍ਹਾਂ ਇਸਦੀ ਵਿਸ਼ੈਗਤ ਸਾਮਗਰੀ ਅਧਿਕਤਰ ਸਰੀਰਕ ਤੇ ਪ੍ਰਾਕ੍ਰਿਤਕ ਹੀ ਰਹਿੰਦੀ ਹੈ। ਵੱਧ ਤੋਂ ਵੱਧ ਇਹ ਹੁੰਦਾ ਹੈ ਕਿ ਇਸ ਹਾਲਤ ਵਿਚ ਬਾਰਾਂਮਾਹ ਕੇਵਲ ਲੋਕ-ਸਭਿਆਚਾਰ ਦੀ ਭਾਈਚਾਰਕ ਸਮੂਹਕਤਾ ਤੱਕ ਫੈਲ ਜਾਂਦਾ ਹੈ। ਪਰੰਤੂ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਇਸਦੇ ਸਰੂਪ ਵਿਚ ਕੰਮ ਕਰਦੀ ਸੰਵੇਦਨਾ ਲੋਕ-ਪੱਧਰ ਦੀ ਉਪਯੋਗੀ, ਭਾਵਕ ਤੇ ਸਰੀਰਕ ਹੀ ਰਹਿੰਦੀ ਹੈ। ਇਸ ਤੋਂ ਅਗੋਂ ਇਸਦੀ ਵਰਤੋਂ ਰਤਾ ਉਚੇਰੀਆਂ ਅਰਥ-ਪੱਧਰਾਂ ਤੇ ਵਿਚਾਰ ਬਣਤਰਾਂ ਨੂੰ ਸੰਗਠਤ ਕਰਨ ਲਈ ਕੀਤੀ ਜਾਂਦੀ ਹੈ।

ਮੱਧਕਾਲ ਵਿਚ ਜਦੋਂ ਅਸੀਂ ਬਾਰਾਂਮਾਹ ਦੀ ਵਰਤੋਂ ਗੁਰੂ-ਕਾਵਿ ਜਾਂ ਸੂਫ਼ੀ-ਕਾਵਿ ਵਿਚ ਹੋਈ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਸ ਰੂੜ੍ਹੀ ਅਰਥਾਤ ਬਾਰਾਂਮਾਹ

ਨੂੰ ਆਪਣੇ ਵਿੱਤ ਤੋਂ ਬਾਹਰੀਆਂ ਅਰਥ-ਪੱਧਰਾਂ ਨੂੰ ਪੇਸ਼ ਕਰਨ ਲਈ ਵਰਤਿਆ ਜਾ ਰਿਹਾ ਹੈ। ਮਿਸਾਲ ਵਜੋਂ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਨੂੰ ਲੈਂਦੇ ਹਾਂ: -

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ 34॥[1]

ਇਨ੍ਹਾਂ ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਮੂਲ ਉਦੇਸ਼ ਵਜੋਂ ਤਾਂ ਅਧਿਆਤਮਕਤਾ ਦੀ ਸੱਚੀ ਦਰਗਾਹ ਦੀ ਵਿਵਸਥਾ ਨੂੰ ਪ੍ਰਗਟਾਇਆ ਹੈ ਪਰੰਤੂ ਇਸ ਦਰਗਾਹ ਤੀਕ ਪੁੱਜਣ ਦੇ ਲਈ ਉਨ੍ਹਾਂ ਨੇ ਗੱਲ ਇਸ ਧਰਤੀ ਤੋਂ ਆਰੰਭੀ ਹੈ। ਇਹ ਧਰਤੀ ਤੇ ਇਸ ਨਾਲ ਸੰਬੰਧਤ ਸਾਰਾ ਬ੍ਰਹਿਮੰਡ ਕਾਲ ਦੇ ਚੱਕਰ ਵਿਚ ਪਿਆ ਹੋਇਆ ਹੈ। ਇਸ ਲਈ ਗੁਰੂ ਸਾਹਿਬ ਇਸ ਪਉੜੀ ਦੀਆਂ ਪਹਿਲੀਆਂ ਸਤਰਾਂ ਵਿਚ ਧਰਤੀ ਤੇ ਕਾਲ ਦੇ ਚੱਕਰ ਨੂੰ ਸਪਸ਼ਟ ਕਰਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਸਾਰੀ ਧਰਤੀ ਜਿਸਦੀ ਬੁਨਿਆਦ ,

---

1. ਗੁਰੂ ਨਾਨਕ ਦੇਵ ਜੀ, 'ਜਪੁ', ਪਉੜੀ 34, ਆਦਿ-ਗ੍ਰੰਥ, ਪੰਨਾ7.

ਧਰਮ ਉਪਰ ਹੈ,ਰਾਤਾਂ,ਰੁੱਤਾਂ,ਥਿੱਤਾਂ, ਵਾਰਾਂ ਦੇ ਚੱਕਰ ਵਿਚ ਪਈ ਹੋਈ ਹੈ। ਇਹ ਗੱਲ ਆਪਣੇ ਆਪ ਵਿਚ ਭਾਵੇਂ ਪੂਰੀ ਤਰ੍ਹਾਂ ਨਿਖਰਿਆ ਹੋਇਆ ਬਾਰਾਂਮਾਹ ਦਾ ਵਰਨਣ ਤਾਂ ਨਹੀਂ ,ਪਰੰਤੂ ਕਾਲ-ਪਰੀਵਰਤਨ ਦਾ ਅਤਿਅੰਤ ਸੰਕੋਚਵਾਂ ਤੇ ਭਰਪੂਰ ਬਿਆਨ ਤਾਂ ਅਵੱਸ਼ ਹੈ ਅਤੇ ਇਸ ਬਿਆਨ ਨੂੰ ਅਸੀਂ ਬਾਰਾਂਮਾਹ ਦੀ ਰੂੜ੍ਹੀ ਦੇ ਸੰਸਕਾਰ ਤੋਂ ਅਲੱਗ ਕਰਕੇ ਕਿਸੇ ਤਰ੍ਹਾਂ ਵੀ ਨਹੀਂ ਦੇਖ ਸਕਦੇ। ਗੁਰੂ ਬਾਬੇ ਨੇ ਇਸ ਤਰ੍ਹਾਂ ਕਾਲ ਦੇ ਚੱਕਰ ਵਿਚ ਪਈ ਧਰਤੀ ਦੇ ਅੰਤਰਗਤ ਕੰਮ ਕਰਦੇ ਤਰ੍ਹਾਂ ਤਰ੍ਹਾਂ ਦੇ ਜੀਵਾਂ,ਉਨ੍ਹਾਂ ਦੀਆਂ ਜੀਵਨ-ਜੁਗਤਾਂ ,ਉਨ੍ਹਾਂ ਦੇ ਵਾਤਾਵਰਣ ਤੇ ਨੇਮਾਂ ਕਰਮਾਂ ਦੀ ਗੱਲ ਕੀਤੀ ਹੈ ਅਤੇ ਜ਼ੋਰ ਇਸ ਗੱਲ ਤੇ ਦਿੱਤਾ ਹੈ ਕਿ ਸਾਰੇ ਬ੍ਰਹਿਮੰਡ ਵਿਚ ਤਰ੍ਹਾਂ ਤਰ੍ਹਾਂ ਦੇ ਜੀਵ ਤੇ ਤਰ੍ਹਾਂ ਤਰ੍ਹਾਂ ਦੀਆਂ ਜੀਵਨ ਜੁਗਤਾਂ ਇਨ੍ਹਾਂ ਸੰਸਾਰਕ ਜੀਵਨ ਜੁਗਤਾਂ ਦੇ ਮੁਕਾਬਲੇ ਉਪੱਰ ਇਕ ਉਚੇਰੀ ਪੱਧਰ ਵਾਲਾ ਵਾਤਾਵਰਣ ਪਰਮਾਤਮਾ ਦੀ ਸੱਚੀ ਦਰਗਾਹ ਹੈ ਜਿਸਦਾ ਭੇਦ ਉਹੀ ਪਾ ਸਕਦੇ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਬਖ਼ਸ਼ਿਸ਼ ਸਦਕਾ ਉਸ ਦਰਗਾਹ ਦਾ ਨਿਸ਼ਾਨ ਪ੍ਰਾਪਤ ਹੋਇਆ ਹੈ। ਅਰਥਾਤ ਉਹ ਸੱਚੀ ਦਰਗਾਹ ਦੀ ਅਧਿਆਤਮਕਤਾ ਦੇ ਪ੍ਰਤੀਕਆਤਮਕ ਅਰਥਾਂ ਨੂੰ ਗ੍ਰਹਿਣ ਕਰਨ ਦੇ ਯੋਗ ਹੋ ਗਏ ਹਨ। ਇਨ੍ਹਾਂ ਸਤਰਾਂ ਤੋਂ ਸਾਫ਼ ਜ਼ਾਹਰ ਹੈ ਕਿ ਪਰਸੰਗ ਤਾਂ ਅਧਿਆਤਮਕਤਾ ਦੀ ਮਹੱਤਤਾ ਨੂੰ ਦਰਸਾਉਂਦਾ ਹੈ ਪਰੰਤੂ ਇਸ ਵਿਚ ਗੁਰੂ ਨੇ ਰਾਤਾਂ,ਰੁੱਤਾਂ,ਥਿੱਤਾਂ,ਵਾਰਾਂ ਰਾਹੀਂ ਵਾਪਰਨ ਵਾਲੇ ਨਿਰੰਤਰ ਪਰਵਰਤਨ ਨੂੰ ਯੋਗ ਥਾਂ ਦੇ ਕੇ ਬਾਰਾਂਮਾਹੀ ਜੁਗਤ ਦੇ ਸੰਸਕਾਰ ਦਾ ਹੀ ਪਰਯੋਗ ਕੀਤਾ ਹੈ। ਇਹ ਬਾਰਾਂਮਾਹ ਦੀ ਅਜੇਹੀ ਬਣਤਰ ਹੈ ਜੋ ਬੁਨਿਆਦੀ ਬਾਰਾਂਮਾਹ ਤੋਂ ਅਵੱਸ਼ ਹੀ ਉਚੇਰੀ ਪੱਧਰ ਦੀ ਹੈ। ਜਿੱਥੇ ਬਾਰਾਂਮਾਹ ਆਪਣੇ ਮੌਲਿਕ ਰੂਪ ਵਿਚ ਅਤਿਅੰਤ ਲੌਕਿਕ ਹੈ ਉਥੇ ਇਹ ਰਚਨਾ ਆਪਣੇ ਆਪ ਵਿਚ ਪਾਰਲੌਕਿਕ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਆਪਣੇ ਬਾਰਾਂਮਾਹ ਤੁਖਾਰੀ ਵਿਚ ਇਸਦਾ ਵਿਸਥਾਰਮਈ ਚਿਤਰ ਪੇਸ਼ ਕਰਦੇ ਹਨ। ਇਸ ਬਾਰਾਂਮਾਹ

ਦੇ ਬਾਰਾਂ ਮਹੀਨਿਆਂ ਦਾ ਵਰਨਣ ਪਹਿਲੀ ਪੱਧਰ ਉਤੇ ਤਾਂ ਪ੍ਰਕ੍ਰਿਤੀ ਦੇ ਭਰਪੂਰ ਦ੍ਰਿਸ਼ਾਂ ਦਾ ਵਰਨਣ ਕਰਦਾ ਹੈ, ਦੂਸਰੀ ਪੱਧਰ ਉਤੇ ਪ੍ਰਕ੍ਰਿਤੀ ਦੇ ਬਦਲਦੇ ਦ੍ਰਿਸ਼ਾਂ ਦੇ ਅੰਤਰਗਤ ਬ੍ਰਿਹਨ ਦੇ ਮਨ ਦੀ ਸਥਿਤੀ ਨੂੰ ਰਖਿਆ ਹੈ ਤੇ ਏਸੇ ਤਰ੍ਹਾਂ ਤੀਸਰੀ ਪੱਧਰ ਉਤੇ ਪ੍ਰਭੂ-ਪ੍ਰੇਮ ਦੀ ਸਾਰਥਿਕਤਾ ਨੂੰ ਉਘਾੜਿਆ ਹੈ। ਇਸ ਬਾਰਾਂਮਾਹ ਦੇ ਆਰੰਭ ਵਿਚ ਭੂਮਿਕਾ ਵਜੋਂ ਗੁਰੂ ਨੇ ਇਕ ਵਿਰੋਧ ਜੁਗਤ ਦਾ ਵੀ ਇਸਤੇਮਾਲ ਕੀਤਾ ਹੈ। ਪਹਿਲੀਆਂ ਸਤਰਾਂ ਵਿਚ ਉਨ੍ਹਾਂ ਨੇ ਇਸ ਸਾਰੇ ਸੰਸਾਰ ਨੂੰ ਕਰਮ-ਚੱਕਰ ਵਿਚ ਪਾਉਣ ਵਾਲੇ ਪ੍ਰਭੂ ਦੀ ਸਿਮਰਨਾ ਕੀਤੀ ਹੈ ਅਤੇ ਇਸ ਦੇ ਨਾਲ ਹੀ ਦੂਜੇ ਦ੍ਰਿਸ਼ ਵਿਚ ਬਾਰ ਦੇ ਇਲਾਕੇ ਦੀ ਭਰਪੂਰ ਪ੍ਰਕ੍ਰਿਤੀ ਦਾ ਪ੍ਰਚੰਡ ਤੇ ਰੋਮਾਂਟਿਕ ਚਿੱਤਰ ਪੇਸ਼ ਕੀਤਾ ਹੈ। ਇਸ ਤਰ੍ਹਾਂ ਪਹਿਲੇ ਦੋਵੇਂ ਬੰਦ ਮਿਲ ਕੇ ਇਕ ਪੈਟਰਨ ਬਣਾਂਦੇ ਹਨ ਜੋ ਅਧਿਆਤਮਕਤਾ ਤੇ ਪ੍ਰਾਕ੍ਰਿਤੀ ਦੇ ਪ੍ਰਸਪਰ ਵਿਰੋਧ ਉਪਰ ਆਧਾਰਤ ਹੈ।

ਇਹ ਦੱਸਣ ਦਾ ਭਾਵ ਇਹ ਹੈ ਕਿ ਅੰਤਮ ਅਰਥਾਂ ਵਿਚ ਇਹ ਬਾਰਾਂਮਾਹ ਵੀ ਕੇਵਲ ਬਾਰਾਂ ਮਹੀਨਿਆਂ ਦੇ ਕਾਲ-ਚੱਕਰ ਵਿਚ ਪਈ ਪ੍ਰਕ੍ਰਿਤੀ ਦੇ ਬਿਆਨ ਵਿਚ ਜਾਂ ਬ੍ਰਿਹਨ ਦੇ ਬ੍ਰਿਹਾ ਨੂੰ ਪ੍ਰਗਟ ਕਰਨ ਵਿਚ ਦਿਲਚਸਪੀ ਨਹੀਂ ਰਖਦਾ, ਸਗੋਂ ਬਾਰਾਂਮਾਹ ਦੀਆਂ ਇਨ੍ਹਾਂ ਸਾਰੀਆਂ ਜੁਗਤੀਆਂ ਨੂੰ ਇਨ੍ਹਾਂ ਤੋਂ ਉਚੇਰੀ ਅਧਿਆਤਮਕ ਬਣਤਰ ਨੂੰ ਅਭਿਵਿਅਕਤ ਕਰਨ ਲਈ ਵਰਤਦਾ ਹੈ।

ਏਸੇ ਤਰ੍ਹਾਂ ਅਸੀਂ ਗੁਰੂ ਅਰਜਨ ਦੇਵ ਦੇ ਰਾਗ ਮਾਝ ਵਿਚ ਲਿਖੇ ਬਾਰਾਂਮਾਹ ਨੂੰ ਵੀ ਲੈ ਸਕਦੇ ਹਾਂ। ਇਸ ਬਾਰਾਂਮਾਹ ਵਿਚ ਵੀ ਇਹ ਤਿੰਨ ਪੱਧਰਾਂ ਅਰਥਾਤ ਪ੍ਰਾਕ੍ਰਿਤਕ ਕਾਲਪੱਧਰ, ਵਿਜੋਗ-ਪੱਧਰ ਅਤੇ ਅੰਤ ਉਤੇ ਅਧਿਆਤਮਕ ਪੱਧਰ ਨੂੰ ਕੰਮ ਕਰਦਾ ਵੇਖਦੇ ਹਾਂ। ਇਸੇ ਸੰਦਰਭ ਵਿਚ ਜਦੋਂ ਅਸੀਂ ਸੂਫ਼ੀ ਕਵਿਤਾ ਵੱਲ ਆਉਂਦੇ ਹਾਂ ਤਾਂ ਉਥੇ ਵੀ ਸਾਨੂੰ ਸਪਸ਼ਟ ਭਾਂਤ ਇਸ ਗੱਲ ਦਾ ਪਤਾ ਲਗਦਾ ਹੈ ਕਿ ਤਸੱਵਫ਼ ਦੇ ਵਿਸ਼ੈ ਵਸਤੂ ਨੂੰ ਉਘਾੜਨ ਲਈ ਜਾਂ ਸੰਗਠਤ ਕਰਨ ਲਈ ਜਿੱਥੇ ਸੂਫ਼ੀ ਕਵੀਆਂ ਨੇ ਉਸ ਸਮੇਂ ਦੇ ਲੋਕ-ਸਭਿਆਚਾਰ ਤੇ ਭਾਈਚਾਰੇ

ਦੀਆਂ ਦੂਸਰੀਆਂ ਜੁਗਤਾਂ ਨੂੰ ਵਰਤੋਂ ਵਿਚ ਲਿਆਂਦਾ ਹੈ ਉਥੇ ਬਾਰਾਂਮਾਹ ਨੂੰ ਵੀ ਲੋਕ-ਸਥਾਨ ਦਿੱਤਾ ਹੈ। ਇਹ ਬਾਰਾਂਮਾਹ ਸੂਫੀਆਂ ਦੀ ਕਵਿਤਾਂ ਵਿਚ ਇਕ ਸੰਸਕਾਰ ਵਾਂਗੂੰ ਵੀ ਵਰਤਿਆ ਗਿਆ ਹੈ ਤੇ ਪੂਰੇ ਭਰਪੂਰ ਤੇ ਉਘੜਵੇਂ ਰੂਪ ਵਿਚ ਵੀ। ਜਦੋਂ ਬਾਬਾ ਫਰੀਦ ਆਪਣੀ ਕਵਿਤਾ ਵਿਚ ਇਹ ਕਹਿੰਦਾ ਹੈ:-

> ਕੱਤਕ ਕੂੰਜਾਂ ਚੇਤ ਡਉ ਸਾਵਣ ਬਿਜਲੀਆਂ ॥
> ਸੀਆਲੇ ਸੋਹੰਦੀਆਂ ਪਿਰ ਗਲ ਬਾਹੜੀਆਂ॥[2]

ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਨ੍ਹਾਂ ਸਤਰਾਂ ਵਿਚ ਬਾਰਾਂਮਾਹੀ ਸੰਸਕਾਰ ਆਪਣਾ ਕਾਰਜ ਕਰ ਰਿਹਾ ਹੈ।

ਐਸੇ ਤਰ੍ਹਾਂ ਅਸੀਂ ਸ਼ਾਹ ਹੁਸੈਨ ਦੀ ਕਵਿਤਾ ਵਿਚ ਬਾਰਾਂਮਾਹ ਦੇ ਕਿਸੇ ਨਾ ਕਿਸੇ ਪਰਗਟ ਪਹਿਲੂ/ਸਮੁੱਚੇ ਬਾਰਾਂਮਾਹ ਨੂੰ ਰਾਹੀਂ ਕਾਰਜ ਕਰਦਿਆਂ ਵੇਖਦੇ ਹਾਂ। ਅਜਿਹੀ ਸਥਿਤੀ ਵਿਚ ਬਾਰਾਂਮਾਹ ਆਪਣੀ ਹਾਜ਼ਰੀ ਸਹਿਤ ਮਹੱਤਵਸ਼ੀਲ ਨਹੀਂ ਹੁੰਦਾ ਸਗੋਂ ਗੈਰਹਾਜ਼ਰ ਹੋ ਕੇ ਕਾਰਜ ਕਰ ਰਿਹਾ ਹੁੰਦਾ ਹੈ। ਪਰ ਕਈ ਹਾਲਤਾਂ ਵਿਚ ਇਹ ਗੈਰਹਾਜ਼ਰੀ ਦਾ ਕਾਰਜ ਹਾਜ਼ਰੀ ਨਾਲੋਂ ਵਧੇਰੇ ਮਹੱਤਵਸ਼ੀਲ ਹੁੰਦਾ ਹੈ। ਅਸੀਂ ਸ਼ਾਹਹੁਸੈਨ ਦੀਆਂ ਕਾਫ਼ੀਆਂ ਨੂੰ ਪੜ੍ਹਦਿਆਂ ਥਾਉਂ ਥਾਈਂ ਇਸ਼ਾਰਿਆਂ ਵਿਚ ਬਾਰਾਂਮਾਹੀ ਜੁਗਤ ਨੂੰ ਝਲਕਦਿਆਂ ਭਲੀ ਭਾਂਤ ਵੇਖ ਸਕਦੇ ਹਾਂ।

ਇਸ ਤੋਂ ਬਿਨਾਂ ਸ਼ਾਹ ਹੁਸੈਨ ਦਾ ਇਕ ਪੂਰਾ ਬਾਰਾਂਮਾਹ ਵੀ ਮਿਲਦਾ ਹੈ। ਸ਼ਾਹ ਹੁਸੈਨ ਬੁਨਿਆਦੀ ਤੌਰ ਤੇ ਵਿਜੋਗ ਦੇ ਭਾਵ ਨੂੰ ਤੀਬਰ ਕਰਕੇ ਤਸੱਵਫ਼ ਦੀ ਸਾਰਥਿਕਤਾ ਨੂੰ ਉਭਾਰਦਾ ਹੈ। ਇਹ ਉਸਦੇ ਸਾਰੇ ਕਾਵਿ ਦੀ ਸਮੁੱਚੀ ਤੇ ਅੰਤਮ ਪੱਧਰ ਹੈ।

---

2. ਫਰੀਦ, ਆਦਿ ਗ੍ਰੰਥ, ਰਾਗ ਆਸਾ, ਪੰਨਾ 488.

ਏਸੇ ਤਰ੍ਹਾਂ ਅਸੀਂ ਬੁੱਢੇ ਸ਼ਾਹ ਦੀ ਕਵਿਤਾ ਵਿਚ ਵੀ ਇਸ ਪਰਵਿਰਤੀ ਨੂੰ ਕਾਰਜਸ਼ੀਲ ਵੇਖਦੇ ਹਾਂ। ਇਨ੍ਹਾਂ ਸਾਰੇ ਸੰਦਰਭਾਂ ਵਿਚ ਬਾਰਾਂਮਾਹ ਆਪਣੇ ਮੂਲ ਤੋਂ ਅੱਗੇ ਤੁਰਦਾ ਪਰਤੀਤ ਹੁੰਦਾ ਹੈ। ਇਹ ਬਾਰਾਂਮਾਹ ਦਾ ਥੀਮਕ ਵਿਕਾਸ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਥੀਮ ਦੀ ਗੱਲ ਕਰਦੇ ਹਾਂ, ਉਦੋਂ ਅਸੀਂ ਕਿਸੇ ਰਚਨਾ ਦੀ ਅੰਤਲੀ ਪੱਧਰ ਉਤੇ ਸੁਗਠੰਤ ਹੋਈ ਸਾਰਥਿਕਤਾ ਦੀ ਗੱਲ ਕਰ ਰਹੇ ਹੁੰਦੇ ਹਾਂ। ਪਰ ਅਜੇਹੀ ਸਾਰਥਿਕਤਾ ਰਚਨਾ ਦੇ ਸੋਪਾਨ ਪ੍ਰਬੰਧ ਵਿਚੋਂ ਹੀ ਉਘੜਦੀ ਹੈ। ਇਸ ਲਈ ਜਿਥੇ ਸਾਡਾ ਧਿਆਨ ਰਚਨਾ ਦੀ ਅੰਤਲੀ ਪੱਧਰ ਉਤੇ ਹੁੰਦਾ ਹੈ ਉਥੇ ਰਚਨਾ ਦੀ ਸਭ ਤੋਂ ਨਿਚਲੀ ਤੇ ਹੇਠਲੀ ਪੱਧਰ ਵੀ ਸਾਡੇ ਧਿਆਨ ਦੀ ਮੰਗ ਕਰਦੀ ਹੈ। ਜਦੋਂ ਅਸੀਂ ਹੇਠਲੀ ਪੱਧਰ ਤੋਂ ਉਪਰਲੀ ਪੱਧਰ ਵਲ ਚਲਦੇ ਹਾਂ ਤਾਂ ਉਸ ਵੇਲੇ ਸਾਡੀ ਯਾਤਰਾ ਮੋਟਿਫ਼ ਤੋਂ ਤੁਰ ਕੇ ਥੀਮ ਵਲ ਜਾਣ ਦੀ ਹੁੰਦੀ ਹੈ।

ਮੋਟਿਫ਼ ਕਿਸੇ ਥੀਮ ਦਾ ਉਹ ਛੋਟੇ ਤੋਂ ਛੋਟਾ ਅਰਥਸ਼ੀਲ ਭਾਗ ਹੈ ਜਿਸ ਨੂੰ ਅੱਗੇ ਹੋਰ ਘਟਾਇਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਥੀਮ, ਮੋਟਿਫ਼ ਦਾ ਉਹ ਵੱਡੇ ਤੋਂ ਵੱਡਾ ਸਮੁੱਚ ਹੈ ਜਿਸ ਵਿਚੋਂ ਪੂਰੀ ਸਾਰਥਿਕਤਾ ਜ਼ਾਹਰ ਹੁੰਦੀ ਹੈ। ਰਚਨਾ ਭਾਵੇਂ ਕੋਈ ਵੀ ਹੋਵੇ, ਸਦਾ ਸੋਪਾਨਆਤਮਕ ਹੁੰਦੀ ਹੈ। ਅਰਥਾਤ ਰਚਨਾ ਦੀਆਂ ਕਈ ਪੱਧਰਾਂ ਹੁੰਦੀਆਂ ਹਨ ਅਤੇ ਇਨ੍ਹਾਂ ਕਰਮਵਾਰ ਅਸੀਂ ਛੋਟੀ ਤੋਂ ਛੋਟੀ ਪੱਧਰ ਤੋਂ ਸ਼ੁਰੂ ਕਰਕੇ ਵੱਡੀ ਤੋਂ ਵੱਡੀ ਪੱਧਰ ਤਕ ਜਾ ਸਕਦੇ ਹਾਂ। ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਅਸੀਂ ਭਾਸ਼ਾ-ਵਿਗਿਆਨ ਦੇ ਮਾਡਲ ਦਾ ਆਸਰਾ ਲੈਂਦੇ ਹਾਂ।*

ਯਾਦ ਰਖਣਾ ਚਾਹੀਦਾ ਹੈ ਕਿ ਵੀਹਵੀਂ ਸਦੀ ਵਿਚ ਭਾਸ਼ਾ-ਵਿਗਿਆਨਕ ਮਾਡਲ ਰਾਹੀਂ ਜੀਵਨ ਤੇ ਸਭਿਆਚਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਗਿਆ ਹੈ। ਬਹੁਤ ਸਾਰੇ ਹਲਕਿਆਂ ਵਿਚ ਭਾਸ਼ਾਈ ਮਾਡਲ ਨੂੰ ਇਕ ਕੇਂਦਰੀ ਤੇ ਅੰਤਰ ਅਨੁਸ਼ਾਸਨੀ ਅਧੀਨ ਵਿਧੀ ਵਾਂਗ ਕਬੂਲਿਆ ਗਿਆ ਹੈ। ਭਾਸ਼ਾ-ਵਿਗਿਆਨੀ ਤਾਂ ਇਹ ਗੱਲ ਬੜੀ ਸਪਸ਼ਟ

ਕਹਿੰਦੇ ਹਨ ਕਿ ਅਸੀਂ ਸਾਰੇ ਮਾਨਵੀ ਸਭਿਆਚਾਰ ਦੇ ਖਿਲਾਰ ਨੂੰ ਭਾਸ਼ਾਈ ਮਾਡਲ ਰਾਹੀਂ ਹੀ ਵਿਗਿਆਨਕ ਅਰਥਾਂ ਵਿਚ ਸਮਝ ਸਕਣ ਦੇ ਯੋਗ ਹੋ ਸਕਦੇ ਹਾਂ। ਭਾਸ਼ਾ, ਉਨ੍ਹਾਂ ਦੇ ਮੁਤਾਬਕ ਇਕ ਐਸਾ ਸੋਪਾਨਾਤਮਕ ਪਰਬੰਧ ਹੈ ਜਿਸਦੀ ਸਭ ਤੋਂ ਨਿਚਲੀ ਪੱਧਰ ਧੁਨੀਮ( **Phoneme** ) ਦੀ ਹੈ ਅਤੇ ਸਭ ਤੋਂ ਉਪਰਲੀ ਪੱਧਰ ਵਾਕ-ਵਿਨਿਆਸ ਦੀ ਹੈ। ਧੁਨੀਮ ਤੋਂ ਲੈ ਕੇ ਵਾਕ-ਵਿਨਿਆਸ ਤੀਕ ਜਦੋਂ ਅਸੀਂ ਸਫ਼ਰ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਧੁਨੀਮ ਦਾ ਕੰਮ ਹਰ ਪੱਧਰ ਉਤੇ ਧੁਨੀਆਂ ਦੇ ਪ੍ਰਸਪਰ ਅੰਤਰ ਨੂੰ ਉਘਾੜਨ ਦਾ ਹੁੰਦਾ ਹੈ। ਇਸ ਧੁਨੀ-ਪੱਧਰ ਤੋਂ ਉਪਰ ਮੌਰਫ਼ੀਮ ਦੀ ਪੱਧਰ ਹੈ। ਮੌਰਫ਼ੀਮ , ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਯੁਕਤ ਇਕਾਈ ਹੈ। ਇਥੋਂ ਭਾਸ਼ਾ ਦੀ ਅਰਥ-ਪੱਧਰ ਸ਼ੁਰੂ ਹੁੰਦੀ ਹੈ। ਪੂਰਵਲੀਆਂ ਧੁਨੀਆਂ ਆਪੋ ਤੋਂ ਉਚੇਰੀ ਪੱਧਰ ਉਪਰ ਅਰਥਸ਼ੀਲ ਬਣਤਰ ਜਾਂ ਪੱਧਰ ਉਪਰ ਸੁਗਠੱਤ ਹੋ ਜਾਂਦੀਆਂ ਹਨ। ਇਸ ਤਰ੍ਹਾਂ ਆਪਣੇ ਤੋਂ ਪਹਿਲੀ ਪੱਧਰ ਤੋਂ ਆਜ਼ਾਦ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਅਗਲੀਆਂ ਪੱਧਰਾਂ ਸ਼ਬਦ ਤੇ ਵਾਕ ਦੀਆਂ ਹਨ। ਸ਼ਬਦ, ਵਾਕ ਦਾ ਸਿਸਟਮੀ ਪੱਧਰ ਉਪਰ ਇਕ ਜੁਜ਼ ਹੈ ਅਤੇ ਵਾਕ ਸਿਸਟਮੀ ਪੱਧਰ ਉਪਰ ਸ਼ਬਦਾਂ ਦਾ ਇਕ ਸਮੁੱਚਾ ਵਿਧਾਨ-ਪਰਬੰਧ ਹੈ। ਇਉਂ ਜਦੋਂ ਅਸੀਂ ਵਾਕ ਨੂੰ ਸਾਹਮਣੇ ਰਖ ਕੇ ਭਾਸ਼ਾ ਦੀ ਸੋਪਾਨਾਤਮਕ ਬਣਤਰ ਦੀ ਗੱਲ ਕਰਦੇ ਹਾਂ ਤਾਂ ਉਦੋਂ ਸਾਡਾ ਭਾਵ ਭਾਸ਼ਾ ਨੂੰ ਇਕਾਗਰ ਪਰਬੰਧ ਦੇ ਅਰਥਾਂ ਵਿਚ ਵੇਖਣ ਦਾ ਹੁੰਦਾ ਹੈ।

ਵਾਕ ਕਿਸੇ ਯਥਾਰਥ ਦੀ ਨਕਲ ਨਹੀਂ ਸਗੋਂ ਇਹ ਤਾਂ ਇਕ ਨੇਮ-ਪਰਬੰਧ ਦੇ ਅਧੀਨ ਯਥਾਰਥ ਦਾ ਸਿਰਜਣ ਹੈ। ਇਸ ਦ੍ਰਿਸ਼ਟੀ ਦੇ ਅਧੀਨ ਅਸੀਂ ਪੰਜਾਬੀ ਦੇ ਵਾਕ ਨੂੰ ਜਦੋਂ ਸੂਚਨਾ ਖੇਤਰ ਤੋਂ ਰਤਾ ਅਲਗ ਕਰਕੇ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਵਾਕ ਆਪਣੇ ਅੰਤਮ ਅਰਥਾਂ ਵਿਚ S.O.V. ਹੈ। ਇਸ ਤੋਂ ਭਾਵ ਇਹ ਹੈ ਕਿ ਪੰਜਾਬੀ ਵਾਕ ਦੀ ਵਿਆਕਰਣਕ ਤਰਤੀਬ ਕਰਤਾ, ਕਰਮ ਤੇ

ਕ੍ਰਿਆ ਦੀ ਹੈ। ਇਸੇ ਨੇਮ ਵਿਧੀ ਦੇ ਅਧੀਨ ਅਸੀਂ ਵਾਕਾਂ ਦੀ ਵਰਤੋਂ ਕਰਕੇ ਕਈ ਪ੍ਰਕਾਰ ਦੇ ਨਵੇਂ ਵਿਸ਼ੇ-ਸੰਗਠਨਾਂ ਦੀ ਰਚਨਾ ਕਰ ਸਕਦੇ ਹਾਂ।

ਇਸੇ ਅਧਾਰ ਤੇ ਅਸੀਂ ਇਹ ਕਹਿੰਦੇ ਹਾਂ ਕਿ ਭਾਸ਼ਾ ਕਿਸੇ ਵੀ ਸਭਿਆਚਾਰ ਦਾ ਪ੍ਰਾਥਮਕ ਸਿਸਟਮ ਹੈ ਅਤੇ ਬਾਕੀ ਦੇ ਸਾਰੇ ਸਿਸਟਮ ਜੋ ਵਿਸ਼ੇਸ਼ ਭਾਸ਼ਾ ਦੇ ਖੇਤਰ ਵਿਚ ਨਹੀਂ ਆਉਂਦੇ, ਦੁਜੈਲੇ ਸਿਸਟਮ ਹਨ ਤੇ ਆਪਣੀ ਸਿਸਟਮੀ ਥਿੱਤੀ ਦੇ ਪਖੋਂ ਭਾਸ਼ਾ-ਸਿਸਟਮ ਉਪਰ ਹੀ ਆਧਾਰਤ ਹਨ। ਜਦੋਂ ਭਾਸ਼ਾ-ਵਿਗਿਆਨ ਦਾ ਆਰੰਭ ਹੋਇਆ ਤਾਂ ਪਹਿਲਾਂ ਪਹਿਲ ਹਰ ਗੱਲ ਨੂੰ ਹੀ ਵਾਕ ਉਪਰ ਘਟਾ ਦਿੱਤਾ ਜਾਂਦਾ ਰਿਹਾ। ਉਸ ਸਮੇਂ ਇਹੋ ਜਿਹੇ ਵਿਦਵਾਨ ਪੈਦਾ ਹੋ ਗਏ ਜਿਨ੍ਹਾਂ ਨੇ ਬੜੇ ਜ਼ੋਰ ਨਾਲ ਇਹ ਕਿਹਾ ਕਿ ਭਾਸ਼ਾ-ਵਿਗਿਆਨ ਦੇ ਮਾਡਲ ਉਪਰ ਸਭਿਆਚਾਰ ਦੀਆਂ ਦੂਜੀਆਂ ਬਣਤਰਾਂ ਨੂੰ ਪੜ੍ਹਿਆ ਤੇ ਵਿਚਾਰਿਆ ਨਹੀਂ ਜਾ ਸਕਦਾ। ਪਰੰਤੂ ਇਸ ਤੋਂ ਮਗਰੋਂ ਐਸੇ ਚਿੰਤਕ ਵੀ ਸਾਹਮਣੇ ਆਏ ਜਿਨ੍ਹਾਂ ਨੇ ਭਾਸ਼ਾਈ ਅਧਿਐਨ ਦੀ ਵਿਆਪਕਤਾ ਤੇ ਫੈਲਾਉ ਨੂੰ ਦੋਬਾਰਾ ਸੋਚਿਆ, ਸਮਝਿਆ ਤੇ ਵਿਚਾਰਿਆ ਅਤੇ ਸਿੱਟਾ ਇਹ ਕਢਿਆ ਕਿ ਭਾਸ਼ਾ ਤੋਂ ਬਿਨਾਂ ਮਾਨਵੀ ਸਭਿਆਚਾਰ ਦੇ ਅੰਤਰਗਤ ਨਾ ਤਾਂ ਕੁਝ ਸੰਕਲਪਿਆ ਜਾ ਸਕਦਾ ਹੈ ਤੇ ਨਾ ਹੀ ਕੁਝ ਸੋਚਿਆ ਜਾ ਸਕਦਾ ਹੈ। ਇਸ ਲਈ ਭਾਸ਼ਾਈ ਮਾਡਲ ਆਪਣੀ ਸਿਸਟਮੀ ਥਿਤੀ ਵਿਚ ਦੂਹਰੇ ਨਿਰੂਪਣ ਦੇ ਸਿਧਾਂਤ ਨੂੰ ਸਮੋਈ ਬੈਠਾ ਹੈ। ਸਭਿਆਚਾਰ ਦੇ ਅਧਿਐਨ ਲਈ ਭਾਸ਼ਾ ਦੇ ਇਸ ਦੂਹਰੇ ਨਿਰੂਪਣ ਦੇ ਸਿਧਾਂਤ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਇਹ ਦੂਹਰਾ ਨਿਰੂਪਣ ਚਿਹਨਕਾਰੀ ਤੇ ਸਾਰਥਿਕਤਾ ਦਾ ਦੂਹਰਾ ਨੇਮ ਹੈ। ਚਿਹਨਕਾਰੀ ਕਿਸੇ ਵਿਚਾਰ ਜਾਂ ਦ੍ਰਿਸ਼ਟੀ ਨੂੰ ਚਿਹਨਾਂ ਵਿਚ ਸਾਕਾਰ ਕਰਨ ਦਾ ਨਾਂ ਹੈ ਅਤੇ ਸਾਰਥਿਕਤਾ ਇਸ ਚਿਹਨਕਾਰੀ ਦੀ ਪ੍ਰਕ੍ਰਿਆ ਵਿਚੋਂ ਉਘੜਨ ਵਾਲੀ ਦ੍ਰਿਸ਼ਟੀ, ਵਿਚਾਰ ਜਾਂ ਸਾਰਥਿਕਤਾ ਨੂੰ ਪਛਾਨਣ ਦਾ ਨਾਮ ਹੈ। ਅਸੀਂ ਆਪਣੀ ਗੱਲ ਨੂੰ ਰਤਾ ਕੁ ਵਧੇਰੇ ਸਪਸ਼ਟ ਕਰਨ ਲਈ ਗੁਰਬਾਣੀ ਵਿਚਲੇ ਸ਼ਬਦ-ਨਾਮ ਦੇ ਸਿਧਾਂਤ ਨੂੰ ਲੈਂਦੇ ਹਾਂ।

ਸ਼ਬਦ ਨਾਮ ਦਾ ਸਿਧਾਂਤ ਰਤਾ ਡੂੰਘੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਸੇ ਦੂਹਰੇ ਭਾਸ਼ਾਈ ਨਿਰੂਪਣ ਦੇ ਸਿਧਾਂਤ ਨਾਲ ਮੇਲ ਖਾਂਦਾ ਹੈ। ਸ਼ਬਦ ਚਿਹਨਕਾਰੀ ਹੈ ਤੇ ਨਾਮ ਇਸ ਚਿਹਨਕਾਰੀ ਰਾਹੀਂ ਜ਼ਾਹਰ ਹੋਣ ਵਾਲੀ ਸਾਰਥਿਕਤਾ ਹੈ। ਇਸ ਤਰ੍ਹਾਂ ਅਸੀਂ ਇਸੇ ਬੀਜ ਰੂਪ ਸੰਕਲਪ ਨੂੰ ਸਮੁੱਚੀ ਮਾਨਵੀ ਸੰਸਕ੍ਰਿਤੀ ਉਪਰ ਫੈਲਾ ਸਕਦੇ ਹਾਂ ਅਤੇ ਅਜਿਹਾ ਕਰਦਿਆਂ ਸਾਨੂੰ ਇਹ ਦੋਵੇਂ ਪੱਧਰਾਂ, ਚਿਹਨਕਾਰੀ ਤੇ ਸਾਰਥਿਕਤਾ, ਹਰ ਪਰਬੰਧ ਵਿਚੋਂ ਸਾਫ਼ ਝਲਕਦੀਆਂ ਨਜ਼ਰ ਆਉਣਗੀਆਂ।

ਵਾਕ -ਪਾਰ ਭਾਸ਼ਾ ਵਿਗਿਆਨ ਏਸੇ ਸੇਧ ਵਿਚ ਤੁਰਦਾ ਹੈ। ਏਸੇ ਲਈ ਇਸਦੀ ਉਪਯੋਗਿਤਾ ਨੂੰ ਸੰਸਕ੍ਰਿਤੀ ਦੇ ਭਾਸ਼ਾ ਅਤ੍ਰਿਕਤ ਖੇਤਰਾਂ ਦੇ ਅਧਿਐਨ ਲਈ ਜ਼ਰੂਰੀ ਸਮਝਿਆ ਗਿਆ ਹੈ। ਇਥੇ ਸਾਨੂੰ ਫਿਰ ਇਕ ਵਾਰੀ ਭਾਸ਼ਾ ਦੇ ਸੋਪਾਨ ਪਰਬੰਧ ਨੂੰ ਦੁਹਰਾਉਣ ਦੀ ਲੋੜ ਪੈਂਦੀ ਹੈ। ਵਿਸ਼ੁਧ ਭਾਸ਼ਾਈ ਪਾਠ ਲਗਭਗ ਵਾਕ ਦੀ ਸੀਮਾ ਤੇ ਸਮਾਪਤ ਹੋ ਜਾਂਦਾ ਹੈ ਅਤੇ ਇਸਦੀ ਜਦੋਂ ਅਸੀਂ ਵੱਡੀ ਤੋਂ ਵੱਡੀ ਇਕਾਈ ਤੋਂ ਲੈ ਕੇ ਛੋਟੀ ਤੋਂ ਛੋਟੀ ਇਕਾਈ ਤੀਕ ਵੰਡ ਕਰਦੇ ਹਾਂ ਤਾਂ ਉਹ ਵੀ ਵਾਕ-ਵਿਨਿਆਸ ਤੋਂ ਸ਼ੁਰੂ ਹੋ ਕੇ ਮੋਰਫ਼ੀਨ ਤਕ ਚਲੀ ਜਾਂਦੀ ਹੈ। ਪਰੰਤੂ ਜਦੋਂ ਅਸੀਂ ਇਸ ਵਾਕ-ਪਰਬੰਧ ਦੀ ਮਦਦ ਨਾਲ ਸੰਸਕ੍ਰਿਤੀ ਦੇ ਭਾਸ਼ਾ-ਅਤਿਰਿਕਤ ਖੇਤਰ ਵਿਚ ਉਤਰਦੇ ਹਾਂ ਤਾਂ ਸਾਨੂੰ ਭਾਸ਼ਾਈ ਪਰਬੰਧ ਦੀ ਵਰਤੋਂ ਨਵੇਂ ਪਰਵਚਨ ਦੇ ਨਿਰਮਾਣ ਲਈ ਕਰਨੀ ਪੈਂਦੀ ਹੈ। ਇਸ ਹਾਲਤ ਵਿਚ ਭਾਸ਼ਾ ਨਵੇਂ ਪਰਵਚਨ ਨੂੰ ਸੰਗਠਨ ਦੇਣ ਦਾ ਕਾਰਜ ਕਰਦੀ ਹੈ। ਐਸੀ ਹਾਲਤ ਵਿਚ ਭਾਸ਼ਾ ਪਰਵਚਨ ਨਾਲ ਨਿਰਸੰਬੰਧਤ ਹੋ ਕੇ ਸੰਬੰਧ ਬਣਾਉਣ ਵਾਲੀ ਵਿਵਸਥਾ ਵਿਚ ਹੁੰਦੀ ਹੈ। ਇਸ ਦਾ ਅਰਥ ਇਹ ਹੈ ਕਿ ਨਵਾਂ ਪਰਵਚਨ ਭਾਵੇਂ ਭਾਸ਼ਾ ਦਾ ਹੀ ਬਣਿਆ ਹੁੰਦਾ ਹੈ, ਇਸਦੀ ਅੰਦਰਲੀ ਸਾਰਥਿਕਤਾ ਆਪਣੇ ਅਰਥ ਵਾਕ ਪਾਰ ਪਰਵਚਨੀ -ਕਿਰਦਾਰ ਤੋਂ ਪ੍ਰਾਪਤ ਕਰਦੀ ਹੈ। ਭਾਵ ਇਹ ਕਿ ਨਵੇਂ ਪਰਵਚਨ ਵਿਚ ਅਰਥ-ਸੰਬੰਧਾਂ ਪਰਬੰਧਾਂ ਦੇ ਵੱਡੇ ਤੋਂ ਵੱਡੇ ਤੇ ਛੋਟੇ ਤੋਂ ਛੋਟੇ ਧਰਾਤਲ ਬਦਲ ਜਾਂਦੇ ਹਨ।

ਇਸੇ ਆਧਾਰ ਤੇ ਹੀ ਅਸੀਂ ਕਵਿਤਾ ਨੂੰ ਭਾਸ਼ਾ ਵਿਚ ਬਣਿਆ ਹੋਣ ਕਰਕੇ ਕਵਿਤਾ ਕਹਿੰਦੇ ਹਾਂ, ਭਾਸ਼ਾ ਨਹੀਂ ਕਹਿੰਦੇ। ਜਾਂ ਮਿੱਥ ਨੂੰ ਮਿੱਥ ਕਹਿੰਦੇ ਹਾਂ, ਭਾਸ਼ਾ ਨਹੀਂ ਕਹਿੰਦੇ।[3] ਭਾਸ਼ਾ ਦੇ ਆਧਾਰ ਤੇ ਸਭਿਆਚਾਰ ਦੀਆਂ ਸਾਰੀਆਂ ਬਣਤਰਾਂ ਮਿਲਦੀਆਂ ਹਨ ਅਤੇ ਆਪਣੇ ਪਰਵਚਨੀ ਆਧਾਰ ਤੇ ਇਹ ਰਚਨਾਵਾਂ ਇਕ ਦੂਸਰੇ ਤੋਂ ਨਿਖੜਦੀਆਂ ਹਨ। ਭਾਸ਼ਾਈ ਤੇ ਪਰਵਚਨੀ ਨੇਮ ਦੇ ਇਸ ਦੂਹਰੇ ਪਰੀਪੇਖ ਦੇ ਅੰਤਰਗਤ ਹੀ ਅਸੀਂ ਥੀਮ ਤੇ ਮੋਟਿਫ਼ ਦੇ ਅੰਤਰ ਨੂੰ ਪਛਾਣ ਸਕਦੇ ਹਾਂ।[4]

ਥੀਮ ਤਾਂ ਇਕ ਵਾਕ ਦੀ ਵੀ ਹੁੰਦੀ ਹੈ। ਇਸ ਥੀਮ ਨੂੰ ਅਸੀਂ ਵਿਆਕਰਣ ਦੀਆਂ ਛੋਟੀਆਂ ਛੋਟੀਆਂ ਇਕਾਈਆਂ ਵਿਚ ਵੰਡ ਸਕਦੇ ਹਾਂ। ਵਾਕ ਦੀ ਥੀਮ ਨੂੰ ਵਿਆਕਰਣਕ ਇਕਾਈਆਂ ਵਿਚ ਵੰਡ ਕੇ ਵੇਖ ਸਕਣ ਵਾਲੀ ਵਿਗਿਆਨਕ ਸਰਲਤਾ ਸਾਨੂੰ ਇਹ ਸੂਚਨਾ ਦੇਂਦੀ ਹੈ ਕਿ ਅਸੀਂ ਇਸ ਵਾਕ ਦੇ ਆਧਾਰ ਤੇ ਰਚੀਆਂ ਦੂਸਰੀਆਂ ਕਿਰਤਾਂ ਦੀ ਵਿਆਕਰਣ ਵੀ ਸਿਰਜ ਸਕਦੇ ਹਾਂ। ਵਿਆਕਰਣ ਦਾ ਕਾਰਜ ਸੰਗਠਤ ਸਾਮਗਰੀ ਨੂੰ ਸੰਗਠਨਕਾਰੀ ਨੇਮਾਂ ਉਪਰ ਘਟਾ ਕੇ ਵੇਖਣਾ ਹੈ। ਜਦੋਂ ਇਸ ਘਟਾ ਕੇ ਵੇਖਣ ਵਾਲੀ ਪ੍ਰਕ੍ਰਿਆ ਦੀ ਯਾਤਰਾ ਛੋਟੀ ਤੋਂ ਛੋਟੀ ਇਕਾਈ ਤੋਂ ਸ਼ੁਰੂ ਹੋ ਕੇ ਵੱਡੀ ਤੋਂ ਵੱਡੀ ਏਕਤਾ ਤੇ ਇਕਾਗਰਤਾ ਵਲ ਵਧਦੀ ਹੈ ਤਾਂ ਉਸ ਸਮੇਂ ਸਾਡਾ ਸਫ਼ਰ ਮੋਟਿਫ਼ ਤੋਂ ਥੀਮ ਦਾ ਹੁੰਦਾ ਹੈ। ਤੇ ਜਦੋਂ ਅਸੀਂ ਵੱਡੀ ਤੋਂ ਵੱਡੀ ਏਕਤਾ ਜਾਂ ਇਕਾਗਰਤਾ ਤੋਂ ਤੁਰ ਕੇ ਛੋਟੀ ਤੋਂ ਛੋਟੀ ਇਕਾਈ ਨੂੰ ਲਭੱਣ ਲਈ ਤਤਪਰ ਹੁੰਦੇ ਹਾਂ, ਉਦੋਂ ਸਾਡੀ ਯਾਤਰਾ ਥੀਮ ਤੋਂ ਮੋਟਿਫ਼ ਦੀ ਹੁੰਦੀ ਹੈ। ਆਪਣੀ ਏਸੇ ਗੱਲ ਨੂੰ ਅਸੀਂ ਹੁਣ ਬਾਰਾਂਮਾਹ ਉਪਰ ਉਤਾਰ ਕੇ ਵੇਖਣ ਦੀ ਚੇਸ਼ਟਾ ਕਰਦੇ ਹਾਂ।

ਇਹ ਤਾਂ ਸਪਸ਼ਟ ਹੀ ਹੈ ਕਿ ਬਾਰਾਂਮਾਹ ਦਾ ਸੰਬੰਧ ਸਮੇਂ ਦੇ ਗੁਜ਼ਰਨ ਨਾਲ ਹੈ। ਸਮਾਂ ਸਾਡੀ ਜ਼ਿੰਦਗੀ ਦਾ ਗਤੀਸ਼ੀਲ ਪਹਿਲੂ ਹੈ। ਇਸਦੀ ਪਕੜ ਤੇ ਅ ਲਪੇਟ ਵਿਚ ਆਇਆ ਪਦਾਰਥਕ ਜੀਵਨ ਕਈ ਰੂਪਾਂ ਵਿਚ ਵਟ ਕੇ ਨਿਰੰਤਰ

3. Levi-Strauss, Claude, Myth and Meaning, Rutledge & Kegan Paul, London, 1978, pp.44-54

4. Lemon, Lee T. & Reis, Marion J., Russian Fromalist-Criticism: Four Essays., University of Nebraska Press, London 1965, pp.61-65.

ਪਰੀਵਰਤਨ ਦੇ ਪਰਵਾਹ ਵਿਚ ਪਿਆ ਰਹਿੰਦਾ ਹੈ। ਪ੍ਰਕ੍ਰਿਤੀ ਦੀ ਕੋਈ ਅਜੇਹੀ ਵਸਤ ਨਹੀਂ ਜੋ ਕਾਲ ਦੀ ਇਸ ਗਤੀਸ਼ੀਲ ਪ੍ਰਕ੍ਰਿਆ ਤੋਂ ਬਚ ਸਕੇ। ਸਾਧਾਰਨ ਮਾਨਵੀ ਦ੍ਰਿਸ਼ਟੀ , ਕਾਲ ਦੇ ਇਸੇ ਚੱਕਰ ਤੋਂ ਪਰਭਾਵਤ ਹੋ ਕੇ ਆਪਣੇ ਸਮੁੱਚੇ ਜੀਵਨ ਦੀ ਗਤੀ ਨੂੰ ਜਨਮ, ਵਿਕਾਸ ਤੇ ਮੌਤ ਨਾਲ ਜੋੜ ਲੈਂਦੀ ਹੈ। ਯਾਦ ਰਹੇ ਕਿ ਮੌਤ ਦਾ ਬਿੰਦੂ ਕਿਸੇ ਵੀ ਹੋਂਦ ਦੀ ਵਿਕਾਸ ਪ੍ਰਕ੍ਰਿਆ ਵਿਚ ਅਜੇਹਾ ਬਿੰਦੂ ਹੈ ਜੋ ਉਸ ਹੋਂਦ ਦੀ ਸਾਰੀ ਦ੍ਰਿਸ਼ਟਮਾਨ ਗਤੀ ਨੂੰ ਬਿਲਕੁਲ ਬਦਲ ਕੇ ਰੱਖ ਦੇਂਦਾ ਹੈ। ਇਸ ਪਰੀਵਰਤਨ ਨੂੰ ਹੀ ਅਸੀਂ ਮੌਤ ਦਾ ਨਾਮ ਦੇਂਦੇ ਹਾਂ।

ਕਾਲ ਦੀ ਇਸ ਨਿਰੰਤਰ ਗਤੀਸ਼ੀਲਤਾ ਦੇ ਪਰਵਾਹ ਨੂੰ ਅਸੀਂ ਕਾਲ ਦੇ ਪ੍ਰਾਕ੍ਰਿਤਕ ਕਿਰਦਾਰ ਨਾਲ ਜੋੜ ਸਕਦੇ ਹਾਂ। ਇਸ ਤੋਂ ਉਪਰੰਤ ਮਾਨਵੀ ਜਗਤ ਵਿਚ ਕਾਲ ਨੂੰ ਨਿਯੰਤ੍ਰਣ ਵਿਚ ਲੈ ਕੇ ਸਮਝਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਸਾਡੇ ਸਾਰੇ ਧਾਰਮਕ ਸਾਹਿਤ ਵਿਚ ਕਾਲ ਦੀ ਐਸੇ ਨਿਰੰਤਰ ਗਤੀਸ਼ੀਲਤਾ ਤੋਂ ਮਨੁੱਖ ਨੂੰ ਸਾਵਧਾਨ ਕੀਤਾ ਗਿਆ ਹੈ। ਜਿਹੜਾ ਕਾਲ ਦੀ ਇਸ ਗਤੀਸ਼ੀਲਤਾ ਤੇ ਸ਼ਕਤੀ ਨੂੰ ਨਹੀਂ ਸਮਝਦਾ, ਕਾਲ ਉਸ ਨੂੰ ਅਛੋਪਲੇ ਹੀ ਆਪਣੀ ਲਪੇਟ ਵਿਚ ਲੈ ਕੇ ਨਸ਼ਟ ਕਰ ਦੇਂਦਾ ਹੈ। ਬਾਬਾ ਫ਼ਰੀਦ ਦੀ ਕਵਿਤਾ ਵਿਚ ਇਸ ਸਥਿਤੀ ਦੇ ਪਰਤੱਖ ਪਰਮਾਣ ਮਿਲਦੇ ਹਨ। ਜੇਂ ਫਰੀਦ ਕਹਿੰਦਾ ਹੈ:-

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥ [5]

ਤਾਂ ਸਪਸ਼ਟ ਹੁੰਦਾ ਹੈ ਕਿ ਸਲੋਕ ਦੀ ਪਹਿਲੀ ਪੰਕਤੀ ਵਿਚ ਵਜਾਈ ਵਜਦੀ ਦੁਨੀਆਂ ਦੀ ਗੱਲ ਕਾਲ ਦੀ ਗਤੀਸ਼ੀਲਤਾ ਦੇ ਚੱਕਰ ਵਿਚ ਪਈ ਗਿਆਨ ਵਿਹੂਣੀ ਲੋਕਾਈ ਦੀ ਗੱਲ ਹੈ। ਦੂਜੀ ਸਤਰ ਵਿਚ ਇਕ ਐਸੇ ਰੂਪਾਂਤ੍ਰਤ ਦ੍ਰਿਸ਼ਟੀ ਵਾਲੇ ਵਿਅਕਤੀ ਦੀ ਗੱਲ

---

5. ਬਾਬਾ ਫ਼ਰੀਦ, ਆਦਿ-ਗ੍ਰੰਥ, ਪੰਨਾ 1383, ਸਲੋਕ ਨੰ: 110.

ਹੈ ਜੋ ਸ਼ਰੀਰਕ ਤੌਰ ਤੇ ਕਾਲ ਦੀ ਗਤੀਸ਼ੀਲਤਾ ਦੇ ਨਾਲ ਵਹਿੰਦਾ ਹੋਇਆ ਵੀ ਉਸਤੋਂ ਅਲੱਗ ਹੈ। ਇਸਤਰਾਂ ਦੀਆਂ ਬੇਸ਼ੁਮਾਰ ਹੋਰ ਸਤਰਾਂ ਢੂੰਡੀਆਂ ਜਾ ਸਕਦੀਆਂ ਹਨ। ਜਿਵੇਂ:

(ੳ) ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥[6]

(ਅ) ਘੜੀਆਂ ਸਭੇ ਗੋਪੀਆਂ ਪਹਰ ਕੰਨ੍ਹ ਗੋਪਾਲ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲੁ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ॥[7]

(ੲ) ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ॥
ਮਿਥਿਆ ਮੋਹ ਬੰਧਹਿ ਨਿਤ ਪਾਰਚ॥[8]

(ਸ) ਧੋਬੀ ਕਪੜੇ ਧੋਂਦਿਆ ਵੀਰਾ ਹੋ ਹੁਸ਼ਿਆਰ॥
ਪਿਛਲੇ ਪਾਸਿਉਂ ਆ ਰਿਹਾ ਮੂੰਹ ਅੜੀ ਸੰਸਾਰ॥[9]

(ਹ) ਗਾਹਕ ਲੈਂਦਾ ਈ,
ਕੁਝ ਵਟ ਲੈ।
ਆਇਆ ਗਾਹਕ, ਮੂਲ ਨ ਮੋੜੀਂ
ਟਕਾ ਪੈਜਾਰ ਘਟ ਲੈ।[10]

---

6. ਓਹੀ, ਪੰਨਾ 794, 'ਸੂਹੀ ਲਲਿਤ,'
7. ਗੁਰੂ ਨਾਨਕ, ਆਦਿ-ਗ੍ਰੰਥ, ਪੰਨਾ 465, 'ਆਸਾ ਦੀ ਵਾਰ'।
8. ਗੁਰੂ ਅਰਜਨ ਦੇਵ, ਆਦਿ ਗ੍ਰੰਥ, 'ਰਾਗ ਸੂਹੀ', ਪੰਨਾ 743.
9. ਵੀਰ ਸਿੰਘ, (ਭਾਈ), ਭਾਈ ਵੀਰ ਸਿੰਘ ਰਚਨਾਵਲੀ, ਪੰਨਾ 92, ਬਿਜਲੀਆਂ ਦੇ ਹਾਰ, ('ਧੋਬੀ', ਭਾਸ਼ਾ ਵਿਭਾਗ, ਪੰਜਾਬ, 1972।
10. ਮੋਹਨ ਸਿੰਘ ਦੀਵਾਨਾ, ਸੂਫ਼ੀਆਂ ਦਾ ਕਲਾਮ, ਲਾਹੌਰ ਬੁਕ ਸ਼ਾਪ, 1945.

ਉਪਰੋਕਤ ਅਤੇ ਇਸਤਰ੍ਹਾਂ ਦੀਆਂ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਕਾਲ ਦੀ ਨਿਰੰਤਰ ਗਤੀ ਕਾਰਨ ਵਾਪਰਨ ਵਾਲੇ ਕੁਹਰਾਮ ਪ੍ਰਤੀ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ।

ਸੁਚੇਤ ਹੋ ਕੇ ਮਨੁੱਖ ਜਿਥੇ ਕਾਲ ਦੇ ਅਮੋੜ ਪਰਵਾਹ ਨੂੰ ਬਦਲਣ ਲਈ ਲਾਚਾਰ ਹੁੰਦਾ ਹੈ ਉਥੇ ਉਹ ਇਸ ਕਾਲ ਨੂੰ ਮਾਨਸਕ ਪੱਧਰ ਉਪਰ ਕਈ ਬਣਤਰਾਂ ਉਪਰ ਬਦਲ ਕੇ ਉਸਨੂੰ ਆਪਣੀ ਜ਼ਿੰਦਗੀ ਲਈ ਅਰਥ ਭਰਪੂਰ ਕਰ ਲੈਂਦਾ ਹੈ। ਇਸੇ ਸਥਿਤੀ ਵਿਚ ਜਦੋਂ ਕਾਲ ਦੀਆਂ ਰਚੀਆਂ ਨਵੀਆਂ ਬਣਤਰਾਂ ਸਾਹਮਣੇ ਆਉਂਦੀਆਂ ਹਨ ਤਾਂ ਉਨ੍ਹਾਂ ਵਿਚ ਕਈ ਪ੍ਰਕਾਰ ਦੀ ਵਿਸ਼ੇ ਬਣਤਰ ਪਰਵੇਸ਼ ਕਰ ਜਾਂਦੀ ਹੈ। ਬਾਰਾਂਮਾਹ ਵੀ ਇਕ ਐਸੀ ਬਣਤਰ ਹੈ ਜਿਸਦੀ ਉਪਰਲੀ ਪੱਧਰ ਉਪਰ ਭਾਵੇਂ ਕਾਲ ਬਦਲਦਾ ਪ੍ਰਤੀਤ ਹੁੰਦਾ ਹੈ ਪਰ ਇਸ ਵਿਚ ਕਾਲ ਦੀ ਗਤੀ ਪ੍ਰਗਤੀ ਨੂੰ ਪੂਰੇ ਵਰ੍ਹੇ ਦੇ ਵਡੇ ਯੂਨਿਟ ਵਿਚ ਸਮੇਟਿਆ ਹੁੰਦਾ ਹੈ। ਇਸ ਵੱਡੇ ਯੂਨਿਟ ਦੀਆਂ ਛੋਟੀਆਂ ਤੋਂ ਛੋਟੀਆਂ ਇਕਾਈਆਂ ਮਹੀਨੇ ਹਨ । ਏਸੇ ਤਰ੍ਹਾਂ ਜੇ ਅਸੀਂ ਮਹੀਨੇ ਨੂੰ ਇਕ ਵੱਡੀ ਤੋਂ ਵੱਡੀ ਏਕਤਾ ਥਾਪ ਲਈਏ ਤਾਂ ਉਸਦੀ ਛੋਟੀ ਤੋਂ ਛੋਟੀ ਇਕਾਈ ਇਕ ਦਿਨ ਹੋਵੇਗੀ। ਜੇ ਦਿਨ ਨੂੰ ਵੱਡੀ ਤੋਂ ਵੱਡੀ ਇਕਾਈ ਥਾਪ ਲਈਏ ਤਾਂ ਇਸਦੇ ਮੁਤਾਬਕ ਦਿਨ ਪਹਿਰਾਂ ਤੇ ਘੜੀਆਂ ਦੀਆਂ ਛੋਟੀਆਂ ਇਕਾਈਆਂ ਵਿਚ ਵੰਡਿਆ ਜਾਵੇਗਾ। ਇਹ ਇਕਤਰ੍ਹਾਂ ਕਾਲ ਦਾ ਗਣਿਤ ਸ਼ਾਸਤਰ ਹੈ। ਆਪਣੇ ਆਪ ਵਿਚ ਇਹ ਇਕ ਪੂਰੀ ਸਥਾਈ ਬਣਤਰ ਹੈ ਜਿਸਨੂੰ ਪਲਾਂ ਛਿਣਾਂ ਤੋਂ ਲੈ ਕੇ ਯੁਗਾਂ ਤੀਕ ਗਿਣਿਆ ਜਾ ਸਕਦਾ ਹੈ। ਇਉਂ ਅਸੀਂ ਇਹ ਕਹਿ ਸਕਦੇ ਹਾਂ ਕਿ ਪ੍ਰਾਕ੍ਰਿਤਕ ਕਾਲ ਦੇ ਧਰਾਤਲ ਉਪਰ ਮਨੁੱਖ ਨੇ ਆਪਣਾ ਗਣਿਤਾਤਮਕ ਕਾਲ ਸਿਰਜਿਆ ਹੋਇਆ ਹੈ ਜਿਸਦੀ ਮਦਦ ਨਾਲ ਮਨੁੱਖ ਕਾਲ ਦੇ ਚੱਕਰ ਵਿਚ ਪੈਣ ਵਾਲੀ ਜ਼ਿੰਦਗੀ ਦੀ ਹਕੀਕਤ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣਯੋਗ ਬਣਾਉਂਦਾ ਹੈ। ਸਾਡੇ ਲਈ ਬਾਰਾਂਮਾਹ ਇਕ ਐਸੀ ਹੀ ਬਣਤਰ ਹੈ।

ਮੱਧਕਾਲੀ ਪੰਜਾਬੀ ਸਭਿਆਚਾਰ ਤੇ ਭਾਈਚਾਰੇ ਦੇ ਅੰਤਰਗਤ ਲਗਭਗ ਸਮੁੱਚੇ ਸਭਿਆਚਾਰ ਨੂੰ ਬਾਰਾਂਮਾਹ ਰਾਹੀਂ ਸਮਝਣ ਦੀ ਰਿਵਾਜ ਰੀਤੀ ਆਮ ਰਹੀ ਹੈ। ਏਸੇ ਤਰ੍ਹਾਂ ਇਹ ਬਾਰਾਂਮਾਹ ਸਾਡੇ ਲੋਕ ਗੀਤਾਂ ਵਲ ਵੱਧਦਾ ਹੈ ਤੇ ਪ੍ਰੇਮੀਆਂ ਦੇ ਪ੍ਰੇਮ-ਵਿਯੋਗ ਨੂੰ ਬਾਰਾਂ ਮਹੀਨਿਆਂ ਵਿਚ ਬਦਲਦੀ ਪ੍ਰਕ੍ਰਿਤੀ ਰਾਹੀਂ ਵੇਖਣ ਦਾ ਪਰਯਾਸ ਕਰਦਾ ਹੈ। ਇਸ ਤੋਂ ਉਪਰੰਤ ਬਾਰਾਂਮਾਹ ਵਿਚ ਕਈ ਹੋਰ ਥੀਮਕ ਪਾਸਾਰ ਵੀ ਜੋੜੇ ਗਏ ਹਨ। ਜਿਵੇਂ ਅਧਿਆਤਮਕਤਾ, ਤਸੱਵਫ਼, ਇਤਿਆਦਿ। ਆਧੁਨਿਕ ਕਾਲ ਵਿਚ ਅੰਮ੍ਰਿਤਾ ਪ੍ਰੀਤਮ, ਅਤੇ ਗਿਆਨੀ ਗੁਰਦਿੱਤ ਸਿੰਘ ਨੇ ਪ੍ਰਗਤੀਵਾਦੀ ਥੀਮ ਨੂੰ ਏਸੇ ਲੋਕ-ਪ੍ਰਚਲਤ ਬਾਰਾਂਮਾਹ ਦੀ ਵਿਧੀ ਰਾਹੀਂ ਪੇਸ਼ ਕੀਤਾ ਹੈ।

ਜਿਵੇਂ ਅਸੀਂ ਇਹ ਕਿਹਾ ਹੈ ਕਿ ਵਾਕ ਆਪਣੀ ਬਣਤਰ ਵਿਚ ਸਥਾਈ ਰਹਿੰਦਾ ਹੋਇਆ ਜੀਵਨ ਦੇ ਭਿੰਨ ਭਿੰਨ ਸੰਦਰਭਾਂ ਤੇ ਪਰੋਯੋਜਨਾਂ ਦੇ ਅੰਤਰਗਤ ਵੰਨ ਸੁਵੰਨੀ ਸੂਚਨਾ ਤੇ ਸਮੱਗਰੀ ਨੂੰ ਸੰਗਠਤ ਕਰਦਾ ਹੈ ਇਸੇ ਤਰ੍ਹਾਂ ਬਾਰਾਂਮਾਹ ਦੀ ਵੀ ਆਪਣੀ ਛਿਣਾਂ ਪਲਾਂ ਤੋਂ ਲੈ ਕੇ ਵਰ੍ਹੇ ਤੀਕ ਦੀ ਇਕ ਸਿਸਟਮ ਬੱਧ ਬਣਤਰ ਹੈ। ਇਸ ਬਣਤਰ ਨੂੰ ਭਿੰਨ ਭਿੰਨ ਪਰਸੰਗਾਂ ਨਾਲ ਸੰਬੰਧਤ ਵਿਸ਼ਿਆਂ ਨੂੰ ਪ੍ਰਗਟਾਉਣ ਹਿੱਤ ਵਰਤਿਆ ਗਿਆ ਹੈ। ਇਸਤਰ੍ਹਾਂ ਅਸੀਂ ਬਾਰਾਂਮਾਹ ਵਿਚ ਥੀਮਕ-ਮੋਟਿਫ਼ ਦ੍ਰਿਸ਼ਟੀ ਤੋਂ ਤਿੰਨ ਪੱਧਰਾਂ ਪਰਬੰਧ ਕੰਮ ਕਰਦਾ ਵੇਖਦੇ ਹਾਂ:

ਪਹਿਲੀ ਪੱਧਰ ਭਾਸ਼ਾਈ ਪਰਬੰਧ ਦੀ ਹੈ। ਇਸਦੇ ਅੰਤਰਗਤ ਵਾਕ ਅਤੇ ਛੋਟੀ ਤੋਂ ਛੋਟੀ ਵਿਆਕਰਣਕ ਇਕਾਈ ਮੋਰਫ਼ੀਨ ਦੇ ਆਧਾਰ ਤੇ ਅਸੀਂ ਥੀਮ ਤੇ ਮੋਟਿਫ਼ ਦੀ ਵੰਡ ਕਰ ਸਕਦੇ ਹਾਂ।

ਦੂਜੀ ਪੱਧਰ ਕਾਲ-ਪਰੀਵਰਤਨ ਦੀ ਹੈ। ਇਸ ਵਿਚ ਅਸੀਂ ਵਾਕ ਤੋਂ ਉਪਰਲੀ ਪੱਧਰ ਉਤੇ ਪਰਵੇਸ਼ ਹੋਏ ਨਵੇਂ ਪਰਬੰਧ ਵਿਚ ਚਲੇ ਜਾਂਦੇ ਹਾਂ। ਇਸ

ਪਰਬੰਧ ਦੀ ਵੱਡੀ ਤੋਂ ਵੱਡੀ ਪੱਧਰ ਸਾਲ ਹੈ ਤੇ ਛੋਟੀ ਤੋਂ ਛੋਟੀ ਪੱਧਰ ਮਹੀਨਾ ਹੈ। ਜਿਵੇਂ ਮੌਰਫੀਮ ਤੇ ਵਾਕ ਦੇ ਤਣਾਉ ਵਿਚ ਅਸੀਂ ਭਾਸ਼ਾਈ ਪਰਬੰਧ ਦਾ ਥੀਮ-ਮੋਟਿਫ਼ ਅਧਿਐਨ ਕਰ ਸਕਦੇ ਹਾਂ, ਇਸੇ ਤਰ੍ਹਾਂ ਸਾਲ ਦੇ ਮਹੀਨੇ ਦੇ ਪਰਸਪਰ ਸੰਬੰਧਾਂ ਵਿਚ ਅਸੀਂ ਬਾਰਾਂਮਾਹ ਦੇ ਥੀਮ ਤੇ ਮੋਟਿਫ਼ ਪਕੜ ਸਕਦੇ ਹਾਂ।

ਤੀਜੀ ਪੱਧਰ ਕਾਲ-ਧਾਰ ਵਿਸ਼ੈ ਦੀ ਹੈ। ਜਿਵੇਂ ਵਾਕ ਨੂੰ ਵਰਤ ਕੇ ਅਸੀਂ ਕਈ ਤਰ੍ਹਾਂ ਦੇ ਪਰਵਚਨ ਬਣਾ ਸਕਦੇ ਹਾਂ, ਇਸੇ ਤਰ੍ਹਾਂ ਅਸੀਂ ਬਾਰਾਂਮਾਹ ਨੂੰ ਵਰਤਕੇ ਕਈ ਪ੍ਰਕਾਰ ਦੇ ਨਵੇਂ ਵਿਸ਼ਿਆਂ ਦਾ ਸੰਗਠਨ ਇਸਦੇ ਅੰਤਰਗਤ ਕਰ ਸਕਦੇ ਹਾਂ ਤੇ ਅਗੋਂ ਪਰਵਚਨ ਦੇ ਕਿਰਦਾਰ ਨੂੰ ਧਿਆਨ ਵਿਚ ਰਖਦਿਆਂ ਅਸੀਂ ਇਨ੍ਹਾਂ ਨੂੰ ਥੀਮ ਤੇ ਮੋਟਿਫ਼ ਵਿਚ ਵੰਡ ਕੇ ਵੇਖ ਸਕਣ ਦੇ ਸਮਰਥ ਹੋ ਸਕਦੇ ਹਾਂ।

********
*****
**
*

## ਅਧਿਆਇ ਤੀਜਾ

*
*
*
*
*
*
*
*
*
*
*
*
*

### ਬਾਰਾਂਮਾਹ ਪੰਜਾਬੀ ਦੇ ਅਧਿਆਤਮਕ ਤੇ ਰਹੱਸਵਾਦੀ ਕਾਵਿ ਦੇ ਅੰਤਰਗਤ:

ਬਾਰਾਂਮਾਹ ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਦੇ ਸੰਦਰਭ ਵਿਚ –
ਇਨ੍ਹਾਂ ਦੋਵਾਂ ਪਰਨਾਲੀਆਂ ਵਿਚ ਬਾਰਾਂਮਾਹ ਦੀ ਸਾਰਥਿਕਤਾ।

*****

## ਅਧਿਆਇ ਤੀਜਾ

## ਬਾਰਾਂਮਾਹ ਪੰਜਾਬੀ ਦੇ ਅਧਿਆਤਮਕ ਤੇ ਰਹੱਸਵਾਦੀ ਕਾਵਿ ਦੇ ਅੰਤਰਗਤ

ਬਾਰਾਂਮਾਹ ਜਿਵੇਂ ਕਿ ਅਸੀਂ ਪਿਛਲੇ ਅਧਿਆਇ ਵਿਚ ਵੇਖ ਚੁੱਕੇ ਹਾਂ, ਇਕ ਵਿਆਪਕ ਜੁਗਤ ਦਾ ਦਰਜਾ ਧਾਰਨ ਕਰ ਜਾਂਦਾ ਹੈ। ਭਾਵ ਪੰਜਾਬ ਦੇ ਲੋਕ-ਸਭਿਆਚਾਰ ਦੇ ਅੰਤਰਗਤ ਜਿਵੇਂ ਕਈ ਹੋਰ ਪਰਕਾਰ ਦੀਆਂ ਭਾਸ਼ਾਈ ਅਤੇ ਭਾਸ਼ਾਅਤ੍ਰਿਕਤ ਜੁਗਤਾਂ ਮਾਨਵੀ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਨਿਸ਼ਚਿਤ ਕਰਨ ਤੇ ਇਨ੍ਹਾਂ ਨੂੰ ਇਕ ਸੁਨਯਮਤ ਪ੍ਰਬੰਧ ਵਿਚ ਢਾਲਣ ਦਾ ਕੰਮ ਕਰਦੀਆਂ ਹਨ, ਏਸੇ ਤਰ੍ਹਾਂ ਬਾਰਾਂਮਾਹ ਵੀ ਏਸੇ ਹੀ ਪਰਯੋਜਨ ਦੀ ਪੂਰਤੀ ਕਰਦਾ ਹੈ। ਅਰਥਾਤ ਬਾਰਾਂਮਾਹ ਇਕ ਐਸਾ ਪਰਬੰਧ ਯੁਕਤ ਅਤੇ ਨੇਮਪਰਕ ਰੂਪ ਹੈ ਜੋ ਲੌਕਿਕ ਅਤੇ ਕਾਵਿ ਖੇਤਰਾਂ ਵਿਚ ਭਿੰਨ ਭਿੰਨ ਪਰਕਾਰ ਦੀ ਸਾਮਗਰੀ ਨੂੰ ਨੇਮਬੱਧ ਪੱਧਰ ਤੇ ਸਾਰਥਿਕ ਕਰਨ ਦਾ ਕਾਰਜ ਕਰਦਾ ਹੈ। ਬਾਰਾਂਮਾਹ ਦੇ ਅਜਿਹੇ ਪਰਕਾਰਜ ਨੂੰ ਵੇਖਣ ਲਈ ਅਸੀਂ ਮੱਧਕਾਲੀ ਪੰਜਾਬ ਦੀ ਲੌਕਿਕ ਸੰਸਕ੍ਰਿਤੀ ਦੇ ਆਧਾਰ ਉਤੇ ਰਚੀ ਗਈ ਅਧਿਆਤਮਕ ਅਤੇ ਰਹੱਸਵਾਦ ਕੋਟੀ ਦੀ ਕਵਿਤਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ। ਅਧਿਆਤਮਕ ਦ੍ਰਿਸ਼ਟੀ ਤੋਂ ਅਸੀਂ ਸਮੁੱਚੇ ਗੁਰਮਤਿ-ਕਾਵਿ ਨੂੰ ਅਤੇ ਰਹੱਸਵਾਦੀ ਦ੍ਰਿਸ਼ਟੀ ਤੋਂ ਸੂਫ਼ੀਆਂ ਦੀ ਕਵਿਤਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾ ਸਕਦੇ ਹਾਂ।

ਮੱਧਕਾਲੀ ਪੰਜਾਬੀ ਕਾਵਿ-ਪਰੰਪਰਾ ਦੇ ਅੰਤਰਗਤ ਪਾਰਲੌਕਿਕਤਾ ਨਾਲ ਸੰਬੰਧਤ ਦੋ ਕਾਵਿ-ਪਰਨਾਲੀਆਂ ਪਰਧਾਨ ਹਨ। ਇਹ ਕਾਵਿ-ਪਰਨਾਲੀਆਂ ਗੁਰਬਾਣੀ ਕਾਵਿ ਅਤੇ ਸੂਫ਼ੀ-ਕਾਵਿ ਹਨ। ਇਹ ਦੋਵੇਂ ਪਾਰਲੌਕਿਕਤਾ ਨਾਲ ਸੰਬੰਧਤ ਹੁੰਦੀਆਂ

ਹੋਈਆਂ ਵੀ ਆਪੋ ਆਪਣੇ ਪਾਠ-ਪ੍ਰਬੰਧ ਦੇ ਨੇਮਾਂ ਦੇ ਅਧੀਨ ਇਕ ਦੂਜੇ ਤੋਂ ਵੱਖਰੀਆਂ ਹਨ। ਜਿਥੋਂ ਤੀਕ ਗੁਰਬਾਣੀ ਦਾ ਸੰਬੰਧ ਹੈ, ਇਹ ਇਕ ਐਸੀ ਪਾਠ-ਪਰਨਾਲੀ ਹੈ ਜੋ ਮੱਧਕਾਲੀਨ ਪੰਜਾਬੀ ਨੂੰ ਇਕ ਸੰਸਕ੍ਰਿਤੀ ਤਾਂ ਦੇਂਦੀ ਹੀ ਹੈ ਪਰ ਨਾਲ ਹੀ ਸੰਸਕ੍ਰਿਤੀ-ਵਿਗਿਆਨ ਵੀ ਪਰਦਾਨ ਕਰਦੀ ਹੈ। ਦੂਜੇ ਸ਼ਬਦਾਂ ਵਿਚ ਇਸ ਬਾਣੀ ਵਿਚ ਜਿੱਥੇ ਅਧਿਆਤਮਕ ਅਰਥਾਂ ਦਾ ਪ੍ਰਗਟਾਵਾ ਹੈ ਉਥੇ ਇਨ੍ਹਾਂ ਅਰਥਾਂ ਦਾ ਗਿਆਨ ਸ਼ਾਸਤਰੀ( Epistemological ) ਰੂਪ ਵੀ ਨਾਲ ਪ੍ਰਸਤੁਤ ਕਰ ਦਿਤਾ ਗਿਆ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗੁਰੂਆਂ ਨੇ ਗੁਰਬਾਣੀ ਦੀ ਵਿਆਖਿਆ ਦੀ ਦਿਸ਼ਾ ਵੀ ਗੁਰਬਾਣੀ ਦੇ ਹਰ ਪਾਠ ਦੇ ਅੰਤਰਗਤ ਨਿਸਚਿਤ ਕਰ ਦਿੱਤੀ ਹੈ ਜੋ ਗੁਰਬਾਣੀ ਵਿਚ ਥਾਂ ਪਰ ਥਾਂ ਦਿੱਤੇ 'ਰਹਾਉ' ਸੰਕੇਤ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ। ਇਸੇ ਲਈ ਅਸੀਂ ਇਸ ਬ੍ਰਹਮਗਿਆਨ ਦੇਣ ਵਾਲੀ ਬਾਣੀ ਨੂੰ ਅਧਿਆਤਮਵਾਦੀ ਕਹਿੰਦੇ ਹਾਂ।

ਇਸ ਦੇ ਮੁਕਾਬਲੇ ਤੇ ਸੂਫ਼ੀ-ਕਾਵਿ ਹੈ। ਇਸ ਵਿਚ ਮੱਧਕਾਲੀ ਪੰਜਾਬ ਦੇ ਲੌਕਿਕ ਜੀਵਨ ਦੇ ਬੜੇ ਭਰਪੂਰ ਤੇ ਭਾਵਪੂਰਤ ਚਿਤਰਾਂ ਰਾਹੀਂ ਪਾਰਲੌਕਿਕਤਾ ਨੂੰ ਪੇਸ਼ ਕੀਤਾ ਗਿਆ ਹੈ।ਪਰੰਤੂ ਇਸ ਕਵਿਤਾ ਵਿਚ ਜੋ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ,ਉਹ ਅਧਿਕਤਰ ਇਸ ਰਚਨਾ ਵਿਚਲੇ ਅਨੁਭਵ ਦੇ ਜੀਉਂਦੇ ਜਾਗਦੇ ਚਿਤਰਾਂ ਨਾਲ ਸੰਬੰਧਤ ਹੈ। ਦੂਜੇ ਅਰਥਾਂ ਵਿਚ ਇਹ ਰਚਨਾ ਗਿਆਨ ਨਾਲੋਂ ਕਾਵਿ ਦੇ ਵਧੇਰੇ ਨੇੜੇ ਹੈ। ਇਸੇ ਲਈ ਇਸ ਨੂੰ ਅਸੀਂ ਰਹੱਸਵਾਦੀ ਕਵਿਤਾ ਕਹਿੰਦੇ ਹਾਂ। ਇਸ ਵਿਚ ਲੌਕਿਕ ਤੇ ਪਾਰਲੌਕਿਕ ਇਕ ਦੂਜੇ ਤੋਂ ਨਿਖੜਨ ਦੀ ਬਜਾਏ ਇਕ ਦੂਸਰੇ ਵਿਚ ਅਭੇਦ ਹੁੰਦੇ ਹਨ।

ਧਿਆ[redacted]ਨ ਵੇਖਿਆਂ ਪਤਾ ਇਹ ਲਗਦਾ ਹੈ ਕਿ ਇਨ੍ਹਾਂ ਦੋਹਾਂ ਕਾਵਿ-ਪਰਨਾਲੀਆਂ ਦੇ ਅੰਤਰਗਤ ਜਿੱਥੇ ਹੋਰ ਕਈ ਪ੍ਰਕਾਰ ਦੀਆਂ ਰੂੜ੍ਹੀਆਂ ਤੇ ਜੁਗਤਾਂ ਵਰਤੀਆਂ ਗਈਆਂ ਹਨ ਉਥੇ ਬਾਰਾਂਮਾਹ ਦਾ ਵੀ ਖਾਸਾ ਪਰਯੋਗ ਕੀਤਾ ਗਿਆ ਹੈ। ਜਿੱਥੋਂ ਤੱਕ

ਗੁਰਬਾਣੀ ਅਤੇ ਇਸ ਦੇ ਨਾਲ ਲਗਦੀ ਸਿੱਖ ਸੰਸਥਾ ਦਾ ਸੰਬੰਧ ਹੈ, ਬਾਰਾਂਮਾਹ ਨੂੰ ਇਕ ਵਿਸ਼ੇਸ਼ ਮਹੱਤਤਾ ਪਰਦਾਨ ਕੀਤੀ ਗਈ ਹੈ। ਸੰਸਥਾ ਦੀ ਦ੍ਰਿਸ਼ਟੀ ਤੋਂ ਬਾਰਾਂਮਾਹ ਇਕ ਐਸੀ ਪਵਿੱਤ੍ਰ ਪਦਵੀ ਵਾਲੀ ਬਾਣੀ ਹੈ ਜਿਸਦਾ ਪਾਠ ਹਰ ਮਹੀਨੇ ਦੇ ਆਰੰਭ ਵਿਚ ਕਰਨਾ ਜ਼ਰੂਰੀ ਮੰਨਿਆ ਗਿਆ ਹੈ। ਸਾਡੇ ਕੇਂਦਰੀ ਵਿਸ਼ਾ ਬਾਰਾਂਮਾਹ ਦੇ ਪ੍ਰਾਥਮਕ ਸਰੂਪ ਅਤੇ ਇਸ ਸਰੂਪ ਦੇ ਆਧਾਰ ਉਪਰ ਰਚੇ ਗਏ ਦੁਜੈਲੇ ਸਰੂਪਾਂ ਦੀ ਵਿਆਖਿਆ ਕਰਨਾ ਹੈ। ਬਾਰਾਂਮਾਹ ਆਪਣੇ ਪ੍ਰਾਥਮਕ ਰੂਪ ਵਿਚ ਮਹੀਨੇ ਦੀ ਬਦਲਦੀ ਪ੍ਰਕ੍ਰਿਤੀ ਦੇ ਅੰਤਰਗਤ ਮਨੁੱਖੀ ਪ੍ਰੇਮ ਨਾਲ ਸੰਬੰਧਤ ਹਾਵਾਂ ਭਾਵਾਂ ਦਾ ਵਰਨਣ ਕਰਨ ਵਾਲੀ ਲੌਕਿਕ ਜੁਗਤ ਹੈ। ਇਸ ਜੁਗਤ ਨੂੰ ਗੁਰਬਾਣੀ ਵਿਚ ਵਰਤੋਂ ਵਿਚ ਲਿਆਂਦਾ ਗਿਆ ਹੈ। ਪਰ ਇਸ ਸੰਦਰਭ ਵਿਚ ਇਸਦਾ ਮੁਢਲਾ ਸਰੂਪ ਗੌਣ ਸਥਾਨ ਦਾ ਧਾਰਨੀ ਹੋ ਗਿਆ ਹੈ। ਗੁਰਬਾਣੀ ਆਪਣੀ ਸਮੁੱਚੀ ਸਾਰਥਿਕਤਾ ਵਿਚ ਅਧਿਆਤਮਕ ਹੈ ਅਤੇ ਇਸ ਅਧਿਆਤਮਕਤਾ ਦੀ ਅੰਤਿਮ ਏਕਤਾ ਤੇ ਇਕਾਗਰਤਾ ਬ੍ਰਹਿਮ-ਪ੍ਰਾਪਤੀ ਹੈ ਤੇ ਛੋਟੀ ਤੋਂ ਛੋਟੀ ਇਕਾਈ ਮਨੁੱਖ ਹੈ। ਇਸ ਮਨੁੱਖ ਨੇ ਬ੍ਰਹਿਮ ਤੀਕ ਪੁੱਜਣ ਲਈ ਸਾਧਨਾ ਮਾਰਗ ਦੀ ਪ੍ਰਕ੍ਰਿਆ ਵਿਚ ਪੈਣਾ ਹੈ। ਇਹ ਸਾਧਨਾ ਮਾਰਗ ਗੁਰੂ, ਗੁਰਬਾਣੀ, ਸ਼ਬਦ ਤੇ ਨਾਮ ਇਤਿਆਦਿਕ ਸੰਕਲਪਾਂ ਨਾਲ ਸੰਬੰਧਤ ਹੈ। ਇਸਤਰ੍ਹਾਂ ਇਹ ਸਾਰੇ ਸੰਕਲਪ ਆਦਮ ਜਾਤ ਮਨੁੱਖ ਅਤੇ ਗੁਣ ਅਤੀਤ ਬ੍ਰਹਿਮ ਵਿਚਕਾਰ ਇਕ ਬੜੀ ਅਰਥ ਭਰਪੂਰ ਅਤੇ ਰੂਪਾਂਤ੍ਰਣ ਦਾ ਕਾਰਜ ਸਾਧਨ ਵਾਲੀ ਕੜੀ ਦਾ ਕੰਮ ਕਰਦੇ ਹਨ। ਇਸ ਪ੍ਰਕ੍ਰਿਆ ਵਿਚ ਪੈ ਕੇ ਮਨੁੱਖ ਆਪਣੀ ਆਦਮ ਜਾਤ ਹੋਣੀ ਨਾਲ ਸੰਬੰਧਤ ਭੌਤਕ, ਸ਼ਰੀਰਕ ਤੇ ਪ੍ਰਾਣਆਧਾਰੀ ਬਿਰਤੀਆਂ ਤੇ ਅਕਾਂਕਸ਼ਾਵਾਂ ਨੂੰ ਅਧਿਆਤਮ ਸੰਜਮ ਦੇ ਅਧੀਨ ਸਾਧਦਾ ਪਰਬੋਧਦਾ ਹੈ। ਇਸ ਨਾਲ ਉਸਦੀ ਸੰਜਮ ਪ੍ਰਕ੍ਰਿਆ ਜਿਉਂ ਜਿਉਂ ਅਗੇ ਵੱਧਦੀ ਹੈ ਤਿਉਂ ਤਿਉਂ ਮਨੁੱਖ ਆਪਣੇ ਵਿਸ਼ੇਸ਼ ਵਿਧਾਨ ਦੇ ਅਧੀਨ ਜ਼ਰੂਰੀ ਨੂੰ ਗ੍ਰਹਿਣ ਕਰਦਾ ਤੇ ਫ਼ਾਲਤੂ ਨੂੰ ਤਿਆਗਦਾ ਚਲਿਆ ਜਾਂਦਾ

ਹੈ। ਇਸੇ ਫ਼ਾਲਤੂ ਤੇ ਜ਼ਰੂਰੀ ਦੇ ਦਵੈਤ ਰਾਹੀਂ ਮਨੁੱਖ ਦਾ ਅਧਿਆਤਮੀ ਸੰਜਮ ਆਪਣੀ ਸਾਰਥਕਤਾ ਗ੍ਰਹਿਣ ਕਰਦਾ ਹੈ। ਪਰੰਤੂ ਇਸ ਸਾਰੀ ਪ੍ਰਕ੍ਰਿਆ ਵਿਚ ਜਿੱਥੇ ਅਧਿਆਤਮਕ ਵਿਸ਼ੈ ਵਸਤੂ ਨੂੰ ਸੰਗਠਤ ਕਰਨ ਦਾ ਕਾਰਜ ਕੀਤਾ ਗਿਆ ਹੈ ਉਥੇ ਕੁਝ ਐਸੀਆਂ ਸ਼ਿਲਪੀ ਵਿਧੀਆਂ ਵੀ ਵਰਤੀਆਂ ਗਈਆਂ ਹਨ ਜੋ ਆਪਣੇ ਬੁਨਿਆਦੀ ਅਰਥਾਂ ਵਿਚ ਅਧਿਆਤਮਕ ਨਹੀਂ। ਬਾਰਾਂਮਾਹ ਦਾ ਪਰਯੋਗ ਵੀ ਇਸ ਪਰਨਾਲੀ ਵਿਚ ਇਸੇ ਵਿਧੀ ਦੇ ਅੰਤਰਗਤ ਕੀਤਾ ਗਿਆ ਹੈ। ਇਸੇ ਲਈ ਗੁਰਬਾਣੀ ਵਿਚ ਬਾਰਾਂਮਾਹ ਅਧਿਕਤਰ ਇਕ ਐਸੀ ਜੁਗਤ ਹੈ ਜੋ ਕਈ ਹਾਲਤਾਂ ਵਿਚ ਨਿਸ਼ਕ੍ਰਯ ਰਹਿੰਦੀ ਹੈ ਇਸੇ ਲਈ ਅਸੀਂ ਇਸ ਨੂੰ ਬਹੁਤ ਹਾਲਤਾਂ ਵਿਚ ਗੁਰਬਾਣੀ ਅਧਿਆਤਮ ਦੀ ਛੋਟੀ ਤੋਂ ਛੋਟੀ ਅਰਥਰਹਿਤ ਇਕਾਈ ਦੇ ਖੇਤਰ ਵਿਚ ਰਖਦੇ ਹਾਂ। ਪਰ ਕਈ ਵਾਰੀ ਅਜਿਹਾ ਵੀ ਦਿਸ ਆਉਂਦਾ ਹੈ ਕਿ ਬਾਰਾਂਮਾਹ ਦੀ ਨਿਸ਼ਕ੍ਰਿਯਤਾ ਨੂੰ ਕੁਝ ਹੋਰ ਵੇਰਵੇ ਜੋੜ ਕੇ ਪ੍ਰਾਣਵੰਤ ਕਰ ਦਿੱਤਾ ਜਾਂਦਾ ਹੈ। ਐਸੀ ਹਾਲਤ ਵਿਚ ਬਾਰਾਂਮਾਹ ਇਕ ਤਾਂ ਪ੍ਰਾਕ੍ਰਿਤਕ ਪਰਸੰਗ ਨਾਲ ਜਾ ਜੁੜਦਾ ਹੈ ਦੂਜਾ ਮਾਨਵੀ ਭਾਵਾਂ ਦੇ ਖੇਤਰ ਨਾਲ ਜਾ ਜੁੜਦਾ ਹੈ ਤੇ ਫਿਰ ਇਸ ਤੋਂ ਅਗ੍ਹਾਂ ਟੱਪ ਕੇ ਗੁਣ ਅਤੀਤ ਅਧਿਆਤਮਕਤਾ ਨੂੰ ਤੇ ਸਗੁਣ ਸੰਸਾਰਕਤਾ ਨੂੰ ਇਕ ਦੂਜੇ ਵਿਚ ਅਭੇਦ ਕਰਦਾ ਹੈ। ਇਥੇ ਬਾਰਾਂਮਾਹ ਦੀ ਮਹੱਤਤਾ ਨਿਰਲਿਪਤ ਸਾਰਥਕਤਾ ਵਾਲੀ ਬਣ ਜਾਂਦੀ ਹੈ। ਭਾਵ ਇਹ ਕਿ ਬਾਰਾਂਮਾਹ ਆਪਣੀ ਸਾਰੀ ਅਤੀਤ-ਕਾਲੀ ਸ਼ਕਤੀ ਦਾ ਪਰਯੋਗ ਕਰਦਾ ਹੋਇਆ ਵੀ ਆਪਣੇ ਪਰਾਸੰਗਕ ਖੇਤਰ ਦੇ ਵਿਸ਼ੈ ਵਸਤੂ ਤੋਂ ਨਿਰਲੇਪ ਹੀ ਰਹਿੰਦਾ ਹੈ। ਪਰ ਇਸ ਦਾ ਅਜੇਹਾ ਸੰਬੰਧ ਕੇਂਦਰੀ ਵਿਸ਼ੈ ਵਸਤੂ ਨੂੰ ਸੰਮੂਰਤ ਪੱਧਰ ਤੇ ਸਾਕਾਰ ਕਰਨ ਵਿਚ ਆਪਣਾ ਮਹੱਤਵਸ਼ੀਲ ਯੋਗਦਾਨ ਪਾਉਂਦਾ ਹੈ।

ਅਸਲ ਵਿਚ ਅਧਿਆਤਮਕਤਾ ਅਤੇ ਬਾਰਾਂਮਾਹ, ਮਾਨਵੀ ਹੋਂਦ ਦੇ ਦੋ ਵਖਰੇ ਵਖਰੇ ਪਹਿਲੂਆਂ ਨਾਲ ਸੰਬੰਧਤ ਪਰਬੰਧ ਹਨ। ਬਾਰਾਂਮਾਹ ਮਨੁੱਖ ਦੀ

ਕਾਲਯੁਕਤ ਹੋਂਦ ਨੂੰ ਪ੍ਰਕ੍ਰਿਤੀ ਦੇ ਸੰਬੰਧ ਵਿਚ ਸਥਿਤ ਕਰਦਾ ਹੈ ਅਤੇ ਅਧਿਆਤਮਕਤਾ ਮਨੁੱਖੀ ਹੋਣੀ ਦੇ ਕਾਲਅਤੀਤ ਸੱਚ ਨੂੰ ਦ੍ਰਿੜ੍ਹ ਕਰਦੀ ਹੈ। ਦੋਵੇਂ ਇਕ ਦੂਸਰੇ ਤੋਂ ਇੰਨੇ ਦੂਰ ਹਨ ਕਿ ਇਨ੍ਹਾਂ ਵਿਚ ਸੰਸਾਰਕ ਸੰਬੰਧ ਦੀ ਸਥਾਪਤੀ ਲਗਭਗ ਅਸੰਭਵ ਹੈ। ਪਰੰਤੂ ਅਜਿਹੀਆਂ ਅਸੰਭਵ ਸਥਿਤੀਆਂ ਨੂੰ ਸੰਚਾਰ ਤੇ ਸੰਵਾਦ ਵਿਚ ਪਾਉਣ ਨਾਲ ਹੀ ਮਨੁੱਖ ਆਪਣੀ ਯੋਗਤਾ ਦਾ ਪ੍ਰਗਟਾਵਾ ਕਰਦਾ ਹੈ। ਇਸੇ ਪ੍ਰਯੋਜਨ ਦੇ ਅਧੀਨ ਗੁਰਬਾਣੀ ਵਿਚ ਬਾਰਾਂਮਾਹ ਅਤੇ ਅਧਿਆਤਮ ਇਕ ਦੂਸਰੇ ਦੇ ਵਿਜੋਗ ਤੇ ਸੰਜੋਗ ਦੇ ਰਿਸ਼ਤੇ ਵਿਚ ਬਝ ਕੇ ਦੂਰ ਤੇ ਨੇੜੇ ਦੇ ਸੰਵਾਦ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ।

ਸੂਫ਼ੀ ਕਾਵਿ-ਪਰਣਾਲੀ ਦੇ ਅੰਤਰਗਤ ਸੂਫ਼ੀ ਆਤਮਕ ਇਹਸਾਸ ਪ੍ਰਾਪਤੀ ਲਈ ਰਚਣਹਾਰੇ ਦੀ ਅਨੰਤ ਰਚਨਾ ਦੇ ਵਿਸ਼ਾਲ ਪਾਸਾਰ ਵਿਚ ਆਪਣੀ ਹੋਂਦ ਦਰਸਾਉਣ ਦਾ ਜਤਨ ਕਰਦਾ ਹੈ ਅਤੇ ਹਰ ਔਕੜ ਦਾ ਦਲੇਰੀ ਨਾਲ ਟਾਕਰਾ ਕਰਦਾ ਹੋਇਆ ਬੈਧਕ ਸ਼ਕਤੀਆਂ ਤੋਂ ਆਪਣੀਆਂ ਗਿਆਨ ਇੰਦਰੀਆਂ ਵਿਮੁਕਤ ਕਰਕੇ ਵਲਵਲੇ ਦੇ ਸੰਸਾਰ ਵਿਚ ਪਰਵੇਸ਼ ਕਰ ਜਾਂਦਾ ਹੈ ਜਿਸ ਨੂੰ 'ਦਾਇਰਾਤੁਲ ਵਜੂਦ' ਕਹਿੰਦੇ ਹਨ ਜਿਸ ਵਿਚ ਵਿਚਰ ਕੇ ਖ਼ਾਲਕ-ਖ਼ਲਕ ਦੇ ਭੇਦ ਮਿਟਾਉਂਦਾ ਹੋਇਆ ਰੱਬ ਨੂੰ ਅੰਤਮ ਸਚਾਈ ਦਰਸਾਉਂਦਾ ਹੈ ਅਤੇ ਸ਼ਰੀਅੱਤ ,ਤਰੀਕ਼ਤ ਤੇ ਮਾਅਰਫ਼ਤ ਦੀਆਂ ਮੰਜ਼ਲਾਂ ਮੁਕਾ ਕੇ ਹਕ਼ੀਕ਼ਤ ਤੱਕ ਅਪੜਦਾ ਹੈ। ਇਸ ਤਰ੍ਹਾਂ ਮੰਜ਼ਲੇ ਮਕਸੂਦ ਦੀ ਪ੍ਰਾਪਤੀ ਕਰਕੇ ਰੱਬ ਨਾਲ ਅਭੇਦ ਹੋ ਜਾਂਦਾ ਹੈ ਜਿਸ ਨੂੰ 'ਬਕ਼ਾਬਿੱਲਾ' ਕਹਿੰਦੇ ਹਨ ਅਤੇ ਜੋ ਗੁਰਮਤ ਅਨੁਸਾਰ 'ਬੇਗਮਪੁਰਾ' ਹੀ ਹੈ।

ਇਸ ਅਵਸਥਾ ਵਿਚ ਸਾਰਾ ਬ੍ਰਹਿਮੰਡ ਇਕ ਅਨੋਖੇ ਸੁਰ ਵਿਚ ਇਕਸੁਰ ਹੋ ਕੇ ਸੁਣਾਈ ਦੇਂਦਾ ਹੈ ਅਤੇ ~~xxxx~~ ਨੂੰ ਸਹੰਸਰਬ ਦੀਆਂ ਕੇ ਕਾਲ-ਚੱਕਰ ਦੇ ਘੇਰੇ ਵਿਚ ਆਈਆਂ ਰੁੱਤਾਂ ਦੁਆਰਾ ਆਨੰਦਤ ਕਰਦਾ ਹੈ ਅਤੇ ਜਿਸ ਨੂੰ ਭਾਸ਼ਾਈ ਯੁਗਤ

ਨਾਲ ਉਜਾਗਰ ਕੀਤਾ ਗਿਆ ਹੈ ਜੋ ਪੰਜਾਬੀ ਲੌਕਿਕ ਜੀਵਨ ਦੇ ਹੀ ਪਾਰਲੌਕਿਕਤਾ ਨੂੰ ਉਘਾੜਨ ਵਾਲੇ ਸਾਰਥਿਕ ਚਿੱਤਰ ਹਨ। ਅਰਥਾਤ ਇਨ੍ਹਾਂ ਚਿਤਰਾਂ ਵਿਚ ਲੌਕਿਕਤਾ ਤੇ ਪਾਰਲੌਕਿਕਤਾ ਦਾ ਸੁਮੇਲ ਅਭੇਦਤਾ ਵਿਚ ਬਦਲਿਆ ਪਰਤੀਤ ਹੁੰਦਾ ਹੈ। ਪਰੰਤੂ ਇਹ ਚਿੱਤ੍ਰ ਖੂਬਸੂਰਤ ਕਾਵਿ-ਭੇਦਾਂ ਦੁਆਰਾ ਹੀ ਰੂਪਮਾਨ ਹੁੰਦੇ ਹਨ। ਜਿਨ੍ਹਾਂ ਵਿਚੋਂ ਬਾਰਾਂਮਾਹ ਵੀ ਇਕ ਹੈ ਜਿਸ ਵਿਚ ਡਾਕਟਰ ਤ੍ਰਿਗੁਣਾਇਤ ਅਨੁਸਾਰ, 'ਰਹੱਸਮਈ ਅਨੁਭੂਤੀ ਨੂੰ ਬਾਣੀ ਦੁਆਰਾ ਸ਼ਬਦ ਚਿਤ੍ਰਾਂ ਵਿਚ ਸਜਾਇਆ ਗਿਆ ਹੈ' ਅਤੇ ਜਿਸ ਨੂੰ ਅਚਾਰੀਆ ਰਾਮਚੰਦਰ ਸ਼ੁਕਲ ਨੇ "ਆਤਮਾ ਅਤੇ ਪਰਮਾਤਮਾ ਦੇ ਸ਼ੁਧ ਮਿਲਣ ਦੀ ਸਾਤਵਿਕ ਅਨੁਭੂਤੀ ਆਖਿਆ ਹੈ।"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬਾਰਾਂਮਾਹ, ਕਾਵਿ-ਭੇਦਾਂ ਨੂੰ ਮਾਸਕ੍ਰਮ ਦੁਆਰਾ ਪ੍ਰਗਟਾਉਣ ਵਾਲੀ ਇਕ ਜੁਗਤ ਹੈ ਜਿਸ ਨੂੰ ਯੋਗ ਸਮਝ ਕੇ ਵਰਤਿਆ ਗਿਆ ਹੈ ਅਤੇ ਇਸਦੇ ਸਖਣੇ ਰੂਪ ਵਿਚ ਰਹੱਸਵਾਦ ਦੇ ਵਸਤੂ ਨੂੰ ਭਰ ਕੇ ਭਿੰਨ ਭਿੰਨ ਛੰਦਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਪ੍ਰੋ. ਸੁਰਿੰਦਰ ਸਿੰਘ ਨਰੂਲਾ ਦੇ ਸ਼ਬਦਾਂ ਵਿਚ 'ਪੰਜਾਬੀ ਤੇ ਭਾਰਤੀ ਸਾਹਿਤ ਵਿਚ ਬਾਰਾਂਮਾਹ ਰਹੱਸਵਾਦੀ ਆਤਮ ਅਨੁਭੂਤੀ ਦੇ ਦਰਸ਼ਨ ਕਰਾਉਂਦੇ ਹਨ।"

ਭਾਵੇਂ ਮੱਧਕਾਲੀ ਪੰਜਾਬੀ ਸਾਹਿਤ ਦੀ ਸਮੁੱਚੀ ਮਰਯਾਦਾ ਵਿਚ ਬਾਰਾਂਮਾਹ ਇਕ ਵਿਆਪਕ ਜੁਗਤ ਵਜੋਂ ਆਇਆ ਹੈ, ਪਰ ਦੋਨਾਂ ਪਹਿਲੂਆਂ ਅਧਿਆਤਮਕ ਤੇ ਰਹੱਸਵਾਦ, ਦੇ ਸਾਹਿਤ ਵਿਚ ਇਸ ਨੂੰ ਰਹੱਸ ਤੇ ਤਸਵੱਵੁਫ਼ ਨੂੰ ਉਘਾੜਨ ਲਈ ਵਰਤਿਆ ਗਿਆ ਹੈ। ਜਿਥੇ ਇਸ ਨੇ ਆਪਣੇ ਵਿੱਤ ਤੋਂ ਬਾਰ੍ਹੀਆਂ ਅਰਥ ਬਣਤਰਾਂ ਨੂੰ ਰੂਪਮਾਨ ਕੀਤਾ ਹੈ। ਇਸ ਤਰ੍ਹਾਂ ਬਾਰਾਂਮਾਹ ਜੁਗਤ ਨੇ ਇਨ੍ਹਾਂ ਦੋਵਾਂ ਪਹਿਲੂਆਂ ਵਿਚ ਆਪਣੀ ਬੁੱਕਲ ਵਿਚ ਤਿੰਨ ਪੱਧਰਾਂ ਨੂੰ ਸਮੇਟਿਆ ਹੋਇਆ ਹੈ।

(ੳ) ਪ੍ਰਾਕ੍ਰਿਤਕ ਕਾਲ ਪੱਧਰ

(ਅ) ਵਿਜੋਗ ਪੱਧਰ

(ੲ) ਅਧਿਆਤਮਕ ਪੱਧਰ

ਅਸੀਂ ਵੇਖਦੇ ਹਾਂ ਕਿ ਇਨ੍ਹਾਂ ਤਿੰਨਾਂ ਪੱਧਰਾਂ ਦੇ ਦਾਇਰੇ ਵਿਚ ਵਿਚਰ ਕੇ ਬਾਰਾਂਮਾਹ ਅਧਿਆਤਮਕ ਤੇ ਰਹੱਸਵਾਦੀ ਸੰਦਰਭ ਵਿਚੋਂ ਮਾਅਰਫ਼ਤ ਨੂੰ ਉਘਾੜਦਾ ਹੈ ਅਤੇ ਲੋਕ ਪਦਵੀ ਪ੍ਰਾਪਤੀ ਕਰਦਾ ਹੋਇਆ ਦੋਨੋਂ ਸੰਸਕਾਰੀ ਤੇ ਉਘੜਵੇਂ ਰੂਪਾਂ ਵਿਚ ਆਪਣਾ ਰੋਲ ਅਦਾ ਕਰਦਾ ਹੈ। ਇਸ ਤਰ੍ਹਾਂ ਪ੍ਰਕ੍ਰਿਤੀ ਚਿਤ੍ਰਣ ਤੋਂ ਆਰੰਭ ਹੋ ਕੇ ਬ੍ਰਿਹੋਂ ਖ਼ੁਸ਼ੀਆਂ ਮਾਨਸਕ ਸਥਿਤੀਆਂ ਨੂੰ ਪਰੀਵਰਤਿਤ ਕਰਦਾ ਹੋਇਆ ਬਾਰਾਂਮਾਹ ਅਸਲ ਦੇ ਵਸਲ ਤੱਕ ਅਪੜਾਉਣ ਵਿਚ ਸਹਾਈ ਹੁੰਦਾ ਹੈ।

ਗੁਰਮਤ ਕਾਵਿ ਸੁਾਂਤਰਸੀ ਤੇ ਗੰਭੀਰ ਹੈ। ਇਸ ਦਾ ਸੋਮਾਂ ਦੇਸ਼ਵਿਆਪੀ ਭਗਤੀ ਕਾਵਿ-ਧਾਰਾ ਹੈ। ਇਹ ਕਾਵਿ-ਪਦਾਰਥ ਵਿਚੋਂ ਪਰਮਾਰਥ ਦੀ ਖੋਜ ਕਰਦਾ ਹੈ। ਜਿਹੜੀ ਭਾਲ ਨਾਥਾਂ ਤੇ ਫ਼ਰੀਦ ਨੇ ਆਰੰਭੀ ,ਗੁਰਮਤ ਕਾਵਿ ਨੇ ਉਸਨੂੰ ਅੱਗੇ ਤੋਰਿਆ । ਪਰ ਸੂਫ਼ੀਆਂ ਦੀ ਬੋਲੀ ਗੁਰਮਤ-ਕਾਵਿ ਦੀ ਬੋਲੀ ਨਾਲੋਂ ਵਧੇਰੇ ਠੇਠ ਤੇ ਲੋਕਪੱਧਰੀ ਹੈ। ਇਸ ਵਿਚ ਨਜ਼ਾਕਤ ਤੇ ਰੰਗੀਨੀ ਫ਼ਾਰਸੀ ਪਰਭਾਵ ਨੇ ਲਿਆਂਦੀ। ਜਿਸ ਨਾਲ ਇਸ ਵਿਚ ਚੰਚਲਤਾ ਪਰਵੇਸ਼ ਕਰ ਗਈ ਅਤੇ ਇਹ ਕੁਝ ਵਧੇਰੇ ਲੋਕ-ਪ੍ਰੀਯ ਹੋ ਗਈ। ਇਸ ਤਰ੍ਹਾਂ ਗੁਰਮਤ ਕਾਵਿ ਤੇ ਸੂਫ਼ੀ ਕਾਵਿ ਆਤਮਕ ਆਨੰਦ ਤੇ ਰੂਹ ਦੀ ਵੇਦਨਾ ਦਾ ਸਾਹਿਤ ਹੈ।

ਸੰਨ 1700 ਈ. ਤੱਕ ਦਾ ਸਾਹਿਤ ਅਧਿਆਤਮਕ ਵਿਸ਼ੇ ਦਾ ਸਾਹਿਤ ਹੈ ਜੋ ਆਕਾਰ ਤੇ ਪ੍ਰਕਾਰ ਅਤੇ ਵਿਸ਼ੇ ਤੇ ਰੂਪ ਵਜੋਂ ਬਹੁਤ ਅਮੀਰ ਹੈ। ਇਸ ਵਿਚ ਕਵੀਆਂ ਨੇ ਆਪਣੇ ਆਲੇ ਦੁਆਲੇ ਪਸਰੀ ਜ਼ਿੰਦਗੀ ਨੂੰ ਰੱਜ ਕੇ ਉਲੀਕਿਆ ਤੇ ਪੜਚੋਲਿਆ ਹੈ ਅਤੇ ਅਨੇਕ ਤੇ ਵਚਿੱਤਰ ਵਿਸਮਯਮਈ ਲੋਕ-ਕਾਵਿ ਰੂਪਾਂ ਰਾਹੀਂ ਪ੍ਰਗਟਾਇਆ ਹੈ।

ਇਹ ਕਵੀ ਜਿੱਥੇ ਆਪਣੇ ਵਿਅਕਤੀਗਤ ਤੇ ਕਲਾਮਈ ਵਿਚਾਰਾਂ ਨੂੰ ਆਪਣੀ ਕਲਾ ਵਿਚ ਖੁੱਭ ਕੇ ਤੇ ਇਕ ਸੁਰ ਹੋ ਕੇ ਉਲੀਕਦੇ ਸਨ ਉਥੇ ਸਾਧਾਰਨ ਲੋਕਾਂ ਵਿਚੋਂ

ਹੋਣ ਕਰਕੇ ਜਨਸਮੂਹ ਨਾਲ ਵੀ ਇਕ ਸੁਰ ਹੋ ਕੇ ਲਿਖਦੇ ਸਨ। ਇਸੇ ਲਈ ਉਹ ਸਭ ਲੋਕਾਂ ਲਈ ਲਿਖਦੇ ਸਨ ਕਿਸੇ ਇਕ ਜਾਂ ਵਿਸ਼ੇਸ਼ ਵਿਅਕਤੀ ਲਈ ਨਹੀਂ। ਇਹੋ ਕਾਰਨ ਹੈ ਕਿ ਇਹ ਸਾਹਿਤ ਇਕ ਮੁਕੰਮਲ ਲੋਕ-ਵਾਦੀ ਸਾਹਿਤ ਹੈ ਨਿਰਾ ਮਨਪਰਚਾਵਾ ਹੀ ਨਹੀਂ। ਜਿਥੇ ਮਨਪਰਚਾਵੇ ਦੀ ਰੁਚੀ ਛੋਹੀ ਹੈ ਉਥੇ ਇਖ਼ਲਾਕ ਦੇ ਪੱਲੇ ਦੀ ਪਕੜ ਵੀ ਢਿੱਲੀ ਨਹੀਂ ਕੀਤੀ ਅਤੇ ਜ਼ਿਆਦਾ ਜ਼ੋਰ ਵਿਸ਼ੇ ਨੂੰ ਉਘਾੜਨ ਉਤੇ ਰਖਿਆ ਹੈ। ਰੂਪਕੀ ਬੰਦਸ਼ ਦੀ ਜ਼ੰਜੀਰ ਵਿਚ ਭਾਵੇਂ ਜਕੜੇ ਤਾਂ ਨਹੀਂ ਪਰ ਜੇ ਵੇਖਿਆ ਜਾਵੇ ,ਪੂਰੇ ਮੁਕਤ ਵੀ ਨਹੀਂ ਰਹੇ। ਸਗੋਂ ਹਰ ਇਕ ਲੋਕ-ਕਾਵਿ ਰੂਪ ਦੀ ਸ਼ੁਧ ਵਰਤੋਂ ਕੀਤੀ ਮਿਲਦੀ ਹੈ।

ਇਸ ਉਪਰੋਕਤ ਦ੍ਰਿਸ਼ਟੀਕੋਣ ਦੀ ਰੋਸ਼ਨੀ ਵਿਚ ਜੇ ਅਧਿਆਤਮਕ ਤੇ ਰਹੱਸਵਾਦੀ ਵਿਚਾਰਧਾਰਾਵਾਂ ਦੇ ਅਧੀਨ ਬਾਰਾਂਮਾਹ ਦਾ ਅਧਿਐਨ ਕਰੀਏ ਤਾਂ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮੱਧਕਾਲੀ ਸਾਹਿਤ ਦੀਆਂ ਦੋਵਾਂ ਵਿਚਾਰਧਾਰਾਵਾਂ ਦੇ ਅੰਤਰਗਤ ਬਾਰਾਂਮਾਹ ਰੂੜ੍ਹੀ ਦੂਜੀਆਂ ਹੋਰ ਅਨੇਕਾਂ ਸੰਚਾਰ ਜੁਗਤਾਂ ਵਾਂਗੂ ਆਪਣਾ ਕਰਤੱਵ ਨਿਭਾਂਦੀ ਰਹੀ ਹੈ ਅਤੇ ਪਿੱਛੇ ਵਰਣਤ ਤਿੰਨੇ ਪੱਧਰਾਂ ਉਤੇ ਕਾਰਜਸ਼ੀਲ ਰਹੀ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਵਿਚਾਰ ਕਰ ਚੁਕੇ ਹਾਂ ਕਿ ਬਾਰਾਂਮਾਹ ਨੇ ਜਿੱਥੇ ਗੁਰਮਤ ਕਾਵਿ ਤੇ ਰਹੱਸਵਾਦੀ ਕਾਵਿ ਨੂੰ ਆਪਣੀ ਜਕੜ ਵਿਚ ਲਿਆ ਹੈ ਉਥੇ ਇਨ੍ਹਾਂ ਪਰਨਾਲੀਆਂ ਵਿਚ ਸਮਾਈ ਪ੍ਰੇਮਾ- ਭਗਤੀ ਨੂੰ ਵੀ ਪੁਰਜ਼ੋਰ ਉਘਾੜਿਆ ਹੈ। ਪ੍ਰੇਮਾ-ਭਗਤੀ ਦਾ ਆਰੰਭ ਅਸੀਂ ਭਾਰਤ ਵਿਚ ਭਗਤੀ ਲਹਿਰ ਤੋਂ ਮੰਨ ਸਕਦੇ ਹਾਂ ਜਿਸਦਾ ਪ੍ਰਗਟਾਵਾ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਦੁਆਰਾ ਭਗਤ ਜਨਾਂ ਤੇ ਕਵੀਆਂ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਅਤੇ ਅਨੇਕਾਂ ਕਾਵਿ-ਰੂਪਾਂ ਨੂੰ ਇਸਦਾ ਮਾਧਿਅਮ ਬਣਾਇਆ। ਜਦੋਂ ਪੰਜਾਬ ਵਿਚ ਇਸ ਲਹਿਰ ਨੇ ਜ਼ੋਰ ਫੜਿਆ ਤਾਂ ਕ੍ਰਿਸ਼ਨ ਜੀ ਪ੍ਰਤੀ ਲਿਖੇ ਬ੍ਰਿਜੀ ਗੀਤਾਂ ਦਾ ਪਰਚਾਰ ਕੀਤਾ ਜਾਣ ਲੱਗਾ। ਇਸ ਤਰ੍ਹਾਂ ਕ੍ਰਿਸ਼ਨ ਉਪਾਸਨਾ ਦਾ ਕੰਮ ਵੀ ਹੋਰ ਲੋਕ ਕਾਵਿ-ਰੂਪਾਂ ਦੇ

ਨਾਲ ਨਾਲ ਬਾਰਾਂਮਾਹ ਤੋਂ ਲਿਆ ਜਾਣ ਲੱਗਾ। ਕਿਉਂਕਿ ਇਸ ਵਿਚ ਪ੍ਰਕ੍ਰਿਤੀ ਚਿਤ੍ਰਣ ਦੀ ਪਿਠਭੂਮੀ ਵਿਚ ਵਿਜੋਗ ਵਰਣਨ ਦਰਸਾ ਕੇ ਮੇਲ ਦੀ ਤਾਂਘ ਪ੍ਰਬਲ ਕਰਨ ਦਾ ਗੁਣ ਸੀ ਇਸ ਲਈ ਬਾਰਾਂਮਾਹ ਨੂੰ ਇਸ ਮੰਤਵ ਪ੍ਰਾਪਤੀ ਲਈ ਸਭ ਤੋਂ ਵਧ ਵਿਸ਼ੇਸ਼ਤਾ ਦਿੱਤੀ ਗਈ ਅਤੇ ਇਸ ਮੰਤਵ ਪੂਰਤੀ ਲਈ ਇਸਦਾ ਪ੍ਰਯੋਗ ਕੀਤਾ ਗਿਆ।

ਏਥੇ ਹੀ ਬਸ ਨਹੀਂ। ਜਦੋਂ ਮੁਸਲਮਾਨ ਸੰਤਾਂ ਅਤੇ ਕਵੀਆਂ ਨੇ ਇਸਦੀ ਸਫਲਤਾ ਵੇਖੀ ਤਾਂ ਕ੍ਰਿਸ਼ਨ ਉਪਾਸਕਾਂ ਦੇ ਮੁਕਾਬਲੇ ਤੇ ਉਨ੍ਹਾਂ ਨੇ ਹਜ਼ਰਤ ਮੁਹੰਮਦ ਦੀ ਉਪਾਸਨਾ ਨੂੰ ਵੀ ਇਸ ਕਾਵਿ-ਰੂਪ ਰਾਹੀਂ ਆਰੰਭਿਆ। ਐਸੇ ਤਰਾਂ ਦੇਵੀ ਦੇਵਤਿਆਂ ਦੀ ਉਪਾਸਨਾਂ ਇਸੇ ਕਾਵਿ-ਰੂਪ ਰਾਹੀਂ ਕੀਤੀ ਜਾਣ ਲੱਗੀ। ਪਿਛੋਂ ਅਸੀਂ ਵੇਖਦੇ ਹਾਂ ਕਿ ਇਹ ਪਰਪਾਟੀ ਇੰਨੀ ਪ੍ਰਸਿੱਧ ਹੋ ਗਈ ਕਿ ਨਾਮਧਾਰੀ ਸੰਪਰਦਾਏ ਵਿਚ ਵੀ ਇਸ ਨੂੰ ਲਿਆਂਦਾ ਗਿਆ ਅਤੇ ਨਾਮਧਾਰੀ ਆਗੂ xxxxx ਬਾਬਿਆਂ ਪ੍ਰਤੀ ਸ਼ਰਧਾ ਤੇ ਪ੍ਰੇਮ ਨੂੰ ਬਾਰਾਂਮਾਹਿਆਂ ਵਿਚ ਉਘਾੜਿਆ ਗਿਆ।

ਇਸ ਤਰ੍ਹਾਂ ਅਨੇਕਾਂ ਅਜੇਹੇ ਬਾਰਾਂਮਾਹ ਗਿਣ ਸਕਦੇ ਹਾਂ ਜੋ ਦੇਵੀ ਦੇਵਤਿਆਂ, ਸ੍ਰੀ ਕ੍ਰਿਸ਼ਨ, ਹਜ਼ਰਤ ਮੁਹੰਮਦ, ਗੁਰੂ ਸਾਹਿਬਾਨ, ਨਾਮਧਾਰੀ ਲਹਿਰ ਅਤੇ ਹੋਰ ਅਨੇਕਾਂ ਪੂਜਣਯੋਗ ਹਸਤੀਆਂ ਦੀ ਸ਼ਰਧਾ ਵਿਚ ਉਪਾਸਨਾ ਵਜੋਂ ਲਿਖੇ ਗਏ ਹਨ ਅਤੇ ਜਿਨ੍ਹਾਂ ਵਿਚ ਪ੍ਰੇਮ-ਪਰਬਲਤਾ ਦਰਸਾ ਕੇ ਗਿਆਰਾਂ ਮਹੀਨੇ ਦੀ ਵੇਦਨਮਈ ਤੜਪ ਨੂੰ ਬਾਰ੍ਹਵੇਂ ਮਹੀਨੇ ਦੇ ਮੇਲ ਨਾਲ ਸ਼ਾਂਤ ਕੀਤਾ ਗਿਆ ਹੈ।

ਇਸ ਤੋਂ ਉਪਰੰਤ ਅਧਿਆਤਮਵਾਦ ਤੇ ਰਹੱਸਵਾਦ ਨਾਲ ਸੰਬੰਧਤ ਹੋਰ ਵੀ ਅਣਗਿਣਤ ਬਾਰਾਂਮਾਹ ਹਨ ਜਿਨ੍ਹਾਂ ਦਾ ਵਿਸ਼ਾ ਸਿਖਿਆਤਮਕ ਹੈ। ਕਿਉਂਕਿ ਸਿਖਿਆ ਦਾ ਸੰਬੰਧ ਵੀ ਅਧਿਆਤਮਕਤਾ ਤੇ ਰਹੱਸਵਾਦ ਦੇ ਸੰਦਰਭ ਨਾਲ ਹੀ ਹੁੰਦਾ ਹੈ ਇਸ ਲਈ ਇਸ ਪ੍ਰਕਾਰ ਦੇ ਸਾਰੇ ਬਾਰਾਂਮਾਹਿਆਂ ਨੂੰ ਵੀ ਅਸੀਂ ਇਸੇ ਹੀ ਵਰਗ ਵਿਚ ਲੈ ਸਕਦੇ ਹਾਂ।

ਜੇ ਵੇਖਿਆ ਜਾਵੇ ਤਾਂ ਪੰਜਾਬੀ ਵਿਚ ਅਜਿਹੇ ਬਾਰਾਂਮਾਹਿਆਂ ਦਾ ਆਰੰਭ ਤਾਂ ਨਾਥਾਂ ਤੋਂ ਹੀ ਹੋ ਗਿਆ ਸੀ। ਜਿਥੇ ਅਧਿਆਤਮਕ ਬਾਰਾਂਮਾਹ ਦਾ ਆਰੰਭ ਗੋਰਖ[1] ਨੇ ਕੀਤਾ ਉਥੇ ਰਹੱਸਵਾਦੀ ਧਾਰਾ ਵਿਚ ਇਸ ਵਲ ਇਸ਼ਾਰਾ ਬਾਬਾ ਫਰੀਦ[2] ਨੇ ਕੀਤਾ ਹੈ। ਭਾਵੇਂ ਇਹ ਸੰਖੇਪ ਰੂਪ ਵਿਚ ਹੀ ਹੈ। ਬੱਸ ਅਸੀਂ ਇਨ੍ਹਾਂ ਨੂੰ ਅਧਿਆਤਮਕ ਤੇ ਰਹੱਸਵਾਦੀ ਧਾਰਾਵਾਂ ਵਿਚ ਆਰੰਭਲੇ ਬਾਰਾਂਮਾਹ ਕਹਿ ਸਕਦੇ ਹਾਂ।

ਗੁਰੂ ਕਾਲ ਵਿਚ ਬਾਰਾਂਮਾਹ ਕਾਵਿ ਰੂਪ ਕਾਫ਼ੀ ਪ੍ਰਚਲਤ ਰਿਹਾ ਤੇ ਉਨ੍ਹਾਂ ਤੋਂ ਪਿਛੋਂ ਆਉਣ ਵਾਲੇ ਸਮੇਂ ਵਿਚ ਵੀ ਇਸ ਲੋਕ-ਰੂੜ੍ਹੀ ਨੂੰ ਬਹੁਤ ਚੰਗੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਗਿਆ।

ਪੰਜਾਬੀ ਤੋਂ ਬਿਨਾਂ ਅਦਰਿਹਮਾਨ ਮੁਲਤਾਨੀ ਨੇ ਅਪਭ੍ਰੰਸ਼ ਵਿਚ ਅਤੇ ਮਲਕ ਮੁਹੰਮਦ ਜਾਇਸੀ[3] ਨੇ ਹਿੰਦੀ ਵਿਚ ਵੀ ਬਾਰਾਂਮਾਹ ਦੇ ਪ੍ਰਚਲਤ ਕਾਵਿ-ਰੂਪ ਨੂੰ ਵਰਤਿਆ।[4] ਇਸ ਤੋਂ ਬਿਨਾਂ ਬਾਰਾਂਮਾਹ ਕਾਵਿ-ਰੂਪ ਦੀ ਵਰਤੋਂ ਅੰਗ੍ਰੇਜ਼ੀ, ਉਰਦੂ, ਗੁਜਰਾਤੀ ਅਤੇ ਬੰਗਲਾ ਵਿਚ ਵੀ ਖ਼ੂਬ ਕੀਤੀ ਗਈ ਅਤੇ ਇਸ ਨੂੰ ਲੋਕ-ਕਾਵਿ

---

1. ਗੋਰਖ ਰਚਿਤ ਬਾਰਾਂਮਾਹ ਬਾਬਾ ਬ੍ਰਹਿਮ ਨਾਥ ਜੋਗੀ ਪਾਸੋਂ ਸੁਣ ਕੇ ਲਿਖਿਆ ਗਿਆ ਹੈ। ਇਹ ਜੋਗੀ ਆਪਣੇ ਆਪ ਨੂੰ ਗੋਰਖ ਨਾਥ ਸੰਪਰਦਾਇ ਨਾਲ ਸੰਬੰਧਤ ਦਸਦਾ ਹੈ। ਇਸਦੇ ਕਹਿਣ ਅਨੁਸਾਰ ਇਹ ਬਾਰਾਂਮਾਹ ਉਸਨੇ ਆਪਣੇ ਗੁਰੂ ਧਜਾ ਨਾਥ ਜੋ ਪਠਾਨਕੋਟ ਦੇ ਲਾਗੇ ਜੱਖਬਾਰ ਦੇ ਟਿੱਲੇ ਵਿਚ ਰਹਿੰਦੇ ਸਨ ਤੋਂ ਯਾਦ ਕੀਤਾ ਹੈ। ਉਨ੍ਹਾਂ ਦਸਿਆ ਕਿ ਬਾਬਾ ਧਜਾ ਨਾਥ ਨੇ ਇਹ ਬਾਰਾਂਮਾਹ ਬਾਬਾ ਸੁਰਤ ਨਾਥ ਪਾਸੋਂ ਸੁਣ ਕੇ ਯਾਦ ਕੀਤਾ ਸੀ ਤੇ ਬਾਬਾ ਸੁਰਤ ਨਾਥ ਪਾਸ ਇਹ ਜੱਖਬਾਰ ਦੇ ਡੇਰੇ ਦੇ ਮੋਢੀ ਉਦੰਤ ਨਾਥ ਪਾਸੋਂ ਆਇਆ ਸੀ।
2. ਫਰੀਦ, ਆਦਿ-ਗ੍ਰੰਥ, ਰਾਗ ਆਸਾ, ਪੰਨਾ 488.
3. ਮਲਕ ਮੁਹੰਮਦ ਜਾਇਸੀ, ਪਦਮਾਵਤ, 1528
4. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਸਰਦਾਰ ਸਾਹਿਤ ਭਵਨ, ਪਟਿਆਲਾ, 1959, ਪੰਨਾ 9-48ਙ,

ਵਿਚ ਵੀ ਵਿਸ਼ੇਸ਼ ਸਥਾਨ ਦਿੱਤਾ ਗਿਆ। ਅੰਗ੍ਰੇਜ਼ੀ, ਵਿਚ ਇਕੋ ਇਕ ਹੀ ਪ੍ਰਸਿੱਧ ਬਾਰਾਂਮਾਹ The Shepherdscalender ਹੈ ਜਿਸ ਨੂੰ ਸਪੈਂਸਰ(ਸੰਨ1553-1599) ਨੇ ਲਿਖਿਆ ਹੈ। ਉਰਦੂ ਵਿਚ ਮੁਹੰਮਦ ਅਫ਼ਜ਼ਲ ਪਾਣੀਪੱਤੀ ਨੇ ਇਕ ਬਾਰਾਂਮਾਹ ਲਿਖਿਆ ਅਤੇ ਏਸੇ ਤਰਾਂ ਗੁਜਰਾਤੀ,ਬੰਗਾਲੀ ਤੇ ਹੋਰ ਕਈ ਭਾਰਤੀ ਬੋਲੀਆਂ ਵਿਚ ਵੀ ਬਹੁਤ ਸਾਰੇ ਬਾਰਾਂਮਾਹ ਲਿਖੇ ਮਿਲਦੇ ਹਨ।[5]

ਮੁਗਲਾਂ ਦੇ ਸਮੇਂ ਜਦੋਂ ਮੁਸਲਮਾਨ ਕਵੀਆਂ ਨੇ ਇਸ ਦੇਸ ਦੀ ਆਪਣੀ ਦੇਸੀ ਭਾਸ਼ਾ ਵਿਚ ਆਪਣੀ ਰਚਨਾ ਕੀਤੀ ਤਾਂ ਸਿੱਟਾ ਇਹ ਹੋਇਆ ਕਿ ਮੁਸਲਮਾਨ ਸੂਫ਼ੀ ਫ਼ਕੀਰਾਂ ਅਤੇ ਹੋਰ ਕਵੀਆਂ ਨੇ ਵੀ ਫ਼ਾਰਸੀ ਦੇ ਨਾਲ ਨਾਲ ਪੰਜਾਬੀ ਵਿਚ ਲਿਖਣਾ ਆਰੰਭਿਆ ਅਤੇ ਭਾਰਤੀ ਲੋਕ-ਕਾਵਿ ਪਰੰਪਰਾ ਜੋ ਗੁਰੂ ਸਾਹਿਬਨ ਦੇ ਵੇਲੇ ਤੋਂ ਆਰੰਭੀ ਜਾ ਚੁੱਕੀ ਸੀ ਨੂੰ ਸੂਫ਼ੀ ਪਰਚਾਰ ਅਰਥਾਤ ਰਹੱਸਵਾਦੀ ਸਾਹਿਤ ਦੇ ਪਰਚਾਰ ਲਈ ਬਾਰਾਮਾਂਹ ਨੂੰ ਹੀ ਯੋਗ ਸਮਝ ਕੇ ਇਕ ਜੁਗਤ ਵਜੋਂ ਅਪਣਾਇਆ ਕਿਉਂ ਜੋ ਇਹੋ ਹੀ ਇਕ ਜੁਗਤ ਤੇ ਰੂੜ੍ਹੀ ਸੀ ਜਿਸ ਵਿਚ ਪ੍ਰਕ੍ਰਿਤੀ ਚਿਤ੍ਰਣ ਦੀ ਪਿੱਠਭੂਮੀ ਵਿਚ ਬਾਰਾਂਮਾਹ ਦੇ ਸੰਦਰਭ ਅੰਦਰ ਬ੍ਰਿਹਾ-ਵਿਜੋਗ ਦੀ ਪ੍ਰਬਲਤਾ ਦਰਸਾ ਕੇ ਮੇਲ ਦੀ ਅੰਤਮ ਤਾਂਘ ਸੰਚਾਰੀ ਜਾ ਸਕਦੀ ਹੈ। ਇਸ ਤਰ੍ਹਾਂ ਬਾਰਾਂਮਾਹ ਸੂਫ਼ੀ ਭਾਵਾਂ ਦੇ ਰਹੱਸਵਾਦ ਨੂੰ ਪ੍ਰਗਟਾਉਣ ਲਈ ਵਰਤਿਆ ਗਿਆ ਅਤੇ ਇਸ ਵਿਚ ਤਸੱਵਫ਼ ਦੇ ਵਿਸ਼ਿਆਂ ਨੂੰ ਭਰਿਆ ਗਿਆ। ਇਹੋ ਕਾਰਨ ਹੈ ਕਿ ਪੁਰਾਣੇ ਸ਼ਾਇਰਾਂ ਦਾ ਆਰੰਭਿਆ ਬਾਰਾਂਮਾਹ ਕਾਵਿ-ਰੂਪ ਅਠਾਰ੍ਹਵੀਂ ਸਦੀ ਵਿਚ ਆਪਣੀਆਂ ਸਿਖਰਾਂ ਨੂੰ ਇਸ ਤਰ੍ਹਾਂ ਛੂਹ ਗਿਆ ਕਿ ਜੇ ਇਸ ਸਦੀ ਨੂੰ ਬਾਰਾਂਮਾਹ ਦਾ ਸਵਰਨ-ਕਾਲ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜੀਵਨ ਦੇ ਬਹੁਅਰਥਕ ਖੇਤਰਾਂ ਵਿਚ ਬਾਰਾਂਮਾਹ ਦਾ ਇਕ ਜੁਗਤ ਵਜੋਂ ਪਰਯੋਗ ਕਰਕੇ ਮਾਨਵੀ ਜੀਵਨ ਨੂੰ ਇਕ ਸੁਨਿਯਮਤ ਪਰਬੰਧ ਵਿਚ ਇਸ ਤਰ੍ਹਾਂ ਢਾਲਿਆ ਕਿ ਉਹ ਨੇਮਬੱਧ ਹੋ ਕੇ ਸਾਰਥਕਤਾ ਪ੍ਰਾਪਤ ਕਰ ਗਿਆ।

ਕਕਕਕ

5.ਓਹੀ,ਪੰਨਾ35ਤੋਂ43.

ਇਸ ਉਪਰੋਕਤ ਵਰਨਣ ਨੂੰ ਮੁੱਖ ਰੱਖ ਕੇ ਹੇਠਾਂ ਅਸੀਂ ਵੱਖ ਵੱਖ ਪਰਨਾਲੀਆਂ ਅਧੀਨ ਲਿਖੇ ਬਾਰਾਂਮਾਹਿਆਂ ਦੀ ਸੂਚੀ ਪੇਸ਼ ਕਰਦੇ ਹਾਂ ਜਿਨ੍ਹਾਂ ਦੇ ਆਧਾਰ ਤੇ ਅਸੀਂ ਅਧਿਆਤਮਕ ਤੇ ਰਹੱਸਵਾਦੀ ਕਾਵਿ ਦੇ ਅੰਤਰਗਤ ਇਨ੍ਹਾਂ ਦਾ ਅਧਿਐਨ ਕੀਤਾ ਹੈ:-

<u>ਉਪਦੇਸ਼ਆਤਮਕ ਬਾਰਾਂਮਾਹ</u>:-

1. ਓਮਾਂ ਦਾਸ, ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ, 1903.
2. ਉਤਾਰ ਸਿੰਘ, ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ, 1901.
3. ਅਮਰ ਦਾਸ, <u>ਪੰਜਾਬੀ ਬਾਰਾਂਮਾਹੇ</u>, ਸਰਦਾਰ ਸਾਹਿਤ ਭਵਨ ਪਟਿਆਲਾ, 1959. ਪੰਨਾ 130.
4. ਅਰੂੜਾ ਰਾਏ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1894.
5. ਅਰਜਨ ਸਿੰਘ ਬਾਗੜੀਆਂ, ਦੋ ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1895.
6. ਇੰਦਰ ਕੌਰ ਛਿੱਬਰਨ, ਦੋ ਬਾਰਾਂਮਾਹ, --- ---
7. ਈਸ਼ੁਰ ਦਾਸ ਸੰਤ, ਬਾਰਾਂਮਹ, .........
8. ਸ਼ਾਹ ਨੂਰ ਆਲਮ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1895.
9. ਸਾਵਨ ਸਿੰਘ ਰਾਧਾਸੁਆਮੀ, ਸੰਤ ਪ੍ਰਕਾਸ਼ ਭਾਗ ਤੀਜਾ, ......
10. ਸੋਭਾ ਸਿੰਘ, ਬਾਰਾਂਮਾਹ, ਕਾਰਖਾਨਾ ਬਾਜ਼ਾਰ ਲਾਇਲਪੁਰ, 1917.
11. ਸਾਹਿਬ ਸਿੰਘ, ਬਾਬਾ, ਮਰਗਿੰਦ, ਬਾਰਾਂਮਾਹ ਖਰੜਾਂ ਨੰ 182. ਸਟੇਟ ਪਬਲਿਕ ਲਾਇਬ੍ਰੇਰੀ, ਸੰਗਰੂਰ, 1873.
12. ਸਦਾ ਰਾਮ, ਬਾਰਾਂਮਾਹ, ਆਜ਼ਾਦ ਪ੍ਰੈਸ, ਅੰਬਾਲਾ, 1911.
13. ਹਰੀਆ (ਹਰੀ ਦਾਸ਼) , ਬਾਰਾਂਮਾਹ, ਖਰੜਾ ਮੇਰੇ ਪਾਸ ਹੈ।
14. ਹਾਕਮ ਸਿੰਘ ਦਰਵੇਸ਼, ਬਾਰਾਂਮਾਹ, .......
15. ਕਾਹਨ ਸਿੰਘ ਚੌੜਪੁਰੀਆ, ਬਾਰਾਂਮਾਹ, ....ਵ...

16. ਖੁਸ਼ੀ ਰਾਮ ਆਰਿਫ਼, ਦੋ ਬਾਰਾਂਮਹ ,ਪੰਜਾਬੀ ਬਾਰਾਂਮਹੇ,ਪੰਨਾ322. ਪਿਆਰਾ ਸਿੰਘ ਪਦਮ, 1959.

17. ਗੁਰੂ ਨਾਨਕ ਦੇਵ , ਬਾਰਾਂਮਾਹ,ਆਦਿ ਗ੍ਰੰਥ, 1604.

18. ਗੁਰੂਅਰਜਨ ਦੇਵ, ਬਾਰਾਂਮਾਹ, ਆਦਿ ਗ੍ਰੰਥ, 1604.

19. ਗੋਬਿੰਦਾ ਨੰਦ ਸੁਆਮੀ,ਗੋਬਿੰਦ ਬਿਲਾਸ,ਪੰਨਾ140.ਠਾਕਰਦਾਸ ਕਾਰਖਾਨਾ ਬਾਜ਼ਾਰ,ਲਾਇਲਪੁਰ, 1915.

20. ਗੋਰਖ ਨਾਥ, ਇਹ ਬਾਰਾਂਮਾਹ ਮੇਰੇ ਪਾਸ ਹੈ।

21. ਚਰੰਜੀ ਲਾਲ ,ਲਾਲਾ,ਬਾਰਾਂਮਾਹ,.........

22. ਚਕਰਧਾਰੀ ਬੇਜ਼ੂਰ,ਬਾਰਾਂਮਾਹ,..........

23। ਜੈ ਸਿੰਘ, ਬਾਰਾਂਮਾਹ,ਮੁਫ਼ੀਦ ਆਮ ਪ੍ਰੈਸ,ਲਾਹੌਰ।

24. ਟਹਿਲ ਸਿੰਘ,ਬਾਰਾਂਮਹ,.........

25. ਠਾਕਰ ਸਿੰਘ, ਬਾਰਾਂਮਾਹ,........

26. ਦੌਲਤ ਰਾਮ ਪੰਡਤ, ਬਾਰਾਂਮਾਹ,ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼,ਲਾਹੌਰ।

27. ਧਿਆਨ ਸਿੰਘ ਸੇਖਵਾਂ, ਬਾਰਾਂਮਾਹ, .......

28. ਨਰਿੰਦਰ ਨਾਥ, ਬਾਰਾਂਮਹ , .......

29. ਪਾਲ ਸਿੰਘ ਆਰਿਫ਼, ਬਾਰਾਂਮਾਹ,ਪੰਜਾਬੀ ਬਾਰਾਂਮਾਹੇ,ਪੰਨਾ585,ਸਰਦਾਰ ਸਾਹਿਤ ਭਵਨ,ਪਟਿਆਲਾ, 1959.

30. ਪੂਰਨ ਸਿੰਘ,ੳ. ਬਾਰਾਂਮਾਹ ਦੇਸੀ ਮਹੀਨੇ)
ਅ. ਬਾਰਾਂਮਾਹ ਅੰਗ੍ਰੇਜ਼ੀ ਮਹੀਨੇ) ਸੁਰਸ਼ਾ ਪ੍ਰਿੰਟਿੰਗ ਪ੍ਰੈਸ,ਜਗਰਾਉਂ, 1939

31. ਪਿਰਥੀ ਦਾਸ,ਬਾਰਾਂਮਾਹ,.......

32. ਬਿਸ਼ਨ ਦਾਸ ਗਹਿਰਗੰਭੀਰੀਆ,ਤਿੰਨ ਬਾਰਾਂਮਾਹ,..... 1884.

33. ਬ੍ਰਹਿਮਾ ਨੰਦ ਸੁਆਮੀ,ਬਾਰਾਂਮਾਹ,..........

34. ਬੂਟਾ ਸਿੰਘ ਸਹਿਸਰਾ,ਬਾਰਾਂਮਾਹ,ਮੁਫ਼ੀਦ ਆਮ ਪ੍ਰੈਸ,ਲਾਹੌਰ, 1902.

35. ਬਰਕਤ ਸਿੰਘ, ਬਾਰਾਂਮਾਹ,. . . . . . . .

36. ਬਾਲ ਮੁਕੰਦ, ਬਾਰਾਂਮਾਹ,. . . . . . . .

37. ਬਿਹਬਲ ਕਵੀ, ਬਾਰਾਂਮਾਹ, ਨਵਲ ਕਿਸ਼ੋਰ, ਪ੍ਰੈਸ, ਲਖਨਊ,)1904.

38. ਬਲਵੰਤ ਸਿੰਘ, ਬਾਰਾਂਮਾਹ, . . . . . . . . . . .

39. ਮੂਸੇ ਮਸਕੀਂ,ਬਾਰਾਂਮਾਹ, ਹੱਥਲਿਖਤ ਭਾਈ ਰਣਧੀਰ ਸਿੰਘ ਪਾਸ ਹੈ।

40. ਮੋਤੀ ਰਾਮ ਬਾਵਾ,ਬਾਰਾਂਮਾਹ,ਮੁਫ਼ੀਦ ਆਮ ਪ੍ਰੈਸ,ਲਾਹੌਰ,1916.

41. ਮਲੂਕ ਸਿੰਘ ਆਜ਼ਿਜ਼, ਬਾਰਾਂਮਾਹ,. . . . . . . .

42. ਮਿਲਖੀ ਰਾਮ, ਦੋ ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇ,</u> ਪਦਮ,ਸਰਦਾਰ ਸਾਹਿਤ ਭਵਨ,ਪਟਿਆਲਾ,1959.

43. ਮਾਛੂ ਰਾਮ ਸੰਤ, ਬਾਰਾਂਮਾਹ, ਖਰੜਾਂ ਪਿੰਡ ਲਸੋਈ ਜ਼ਿਲਾ ਲੁਧਿਆਣਾ ਵਿਚ ਸੰਤ ਮਾਛੂ ਰਾਮ ਦੇ ਡੇਰੇ ਵਿਚ ਉਨ੍ਹਾਂ ਦੇ ਚੇਲੇ ਸੰਤ ਮੋਹਨ ਰਾਮ ਪਾਸ ਪਿਆ ਹੈ।

44. ਮੇਘ ਰਾਜ, ਬਾਰਾਂਮਾਹ, . . . . . . . ,1903.

45. ਮੇਲਾ ਰਾਮ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ,ਲਾਹੌਰ,1916.

46. ਮੋਹਨ ਸਿੰਘ ਚੰਦਨ,ਬਾਰਾਂਮਾਹ, . . . . . . .

47. ਲਾਲ ਦਾਸ ਬੈਰਾਗੀ,ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇ,</u> ਪਦਮ'ਪੰਨਾ326 ਸਰਦਾਰ ਸਾਹਿਤ ਭਵਨ,ਪਟਿਆਲਾ,1959.

48. ਲਾਲ ਸਿੰਘ, ਬਾਰਾਂਮਾਹ, . . . . . . .

49. ਲੱਧੂ ਰਾਮ, ਬਾਰਾਂਮਾਹ, . . . . . . . . 1921.

50. ਵਰਿਆਮ ਸਿੰਘ,ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇ,</u>ਪਦਮ,ਪੰਨਾ343.ਸਰਦਾਰ ਸਾਹਿਤ ਭਵਨ,ਪਟਿਆਲਾ,1959.

51.

ਸੰਗਿਆਤਮਕ ਬਾਰਾਂਮਾਹ

1. ਉਮਰਦੀਨ ਮੀਆਂ,, ਬਾਰਾਂਮਾਹ, ਤਾਰਾ ਚੰਦ, ਬੁਕਸੈਲਰ, ਲਾਹੌਰ ਗੇਟ, , 1921.

2. ਅਗਿਆਤ(ਲੋਕ ਕਵੀ) ਚਾਰ ਬਾਰਾਂਮਾਹ, ਪੰਜਾਬੀ ਬਾਰਾਂਮਾਹੇਂ, ਪਦਮ, ਪੰਨਾ59-65, ਸਰਦਾਰ ਸਾਹਿਤ ਭਵਨ, ਪਟਿਆਲਾ, 1959.

3. ਅਬਦੁੱਲ ਸੱਤਰ ਮੌਲਵੀ, ਮਜਮੂਆ-ਇ-ਅਸ਼ਆਰ, ਮੁਫ਼ੀਦ ਆਮ ਪ੍ਰੈਸ, ਲਾਹੌਰ, 1921.

4. ਅਬਦੁਲ ਰਹਿਮਾਨ , ਬਾਰਾਂਮਾਹ ਪੰਜਾਬੀ ਬਾਰਾਂਮਾਹੇਂ, ਪਦਮ, ਪੰਨਾ267. ਸਰਦਾਰ ਸਾਹਿਤ ਭਵਨ, ਪਟਿਆਲਾ, 1959.

5. ਅਫ਼ਜ਼ਲ ਪਰਵੇਜ਼, ਬਾਰਾਂਮਾਹ, ਤਾਰਾ ਚੰਦ ਬੁਕ ਸੈਲਰ, ਲਾਹੌਰ ਦਰਵਾਜ਼ਾ, ਲਾਹੌਰ, 1921.

6. ਅਲੀ ਹੈਦਰ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1920.

7. ਅਮੀਰ ਹੈਦਰ ਸ਼ਾਹ(ਮੀਰਨ ਬਹਾਵਲਪੁਰੀ) , ਬਾਰਾਂਮਾਹ . . . .

8. ਇਸਮਾਈਲ ਨਕੋਦਰੀ, ਬਾਰਾਂਮਾਹ, ਪੰਜਾਬੀ ਬਾਰਾਂਮਾਹੇਂ, ਪਦਮ, ਪੰਨਾ339 ਸਰਦਾਰ ਸਾਹਿਤ ਭਵਨ, ਪਟਿਆਲਾ, 1959.

9. ਈਸ਼ੁਰ ਦਾਸ ਉਦਾਸੀ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1920.

10. ਈਮਾਮ ਦੀਨ , ਬਾਰਾਂਮਾਹ, ਕੈਸਰ ਹਿੰਦ ਪ੍ਰੈਸ, ਲੁਧਿਆਣਾ, 1927.

11. ਇਲਾਇਚੀ ਰਾਮ, ਬਾਰਾਂਮਾਹ, ਕੈਸਰ ਹਿੰਦ ਪ੍ਰੈਸ, ਲੁਧਿਆਣਾ, 1927.

12. ਸ਼ਾਹ ਹਦਾਇਤ , ਬਾਰਾਂਮਾਹ , ਪੰਜਾਬੀ ਬਾਰਾਂਮਾਹੇਂ, ਪਦਮ, ਪੰਨਾ215, ਸਰਦਾਰ ਸਾਹਿਤ ਭਵਨ, ਪਟਿਆਲਾ, 1959.

13. ਸ਼ਾਹ ਮੁਰਾਦ, ਬਾਰਾਂਮਾਹ, ਮੋਤੀ ਬਾਗ਼, ਲਾਇਬ੍ਰੇਰੀ, ਖਰੜਾ ਨੰ. 82.

14. ਸ਼ਾਹ ਮੁਰਾਦ ਦੂਜਾ, ਬਾਰਾਂਮਾਹ, ਮੋਤੀ ਬਾਗ, ਲਾਇਬਰ੍ਰੇਰੀ, ਖਰੜਾ ਨੰ. 82.

15. ਸੁੰਦਰ ਸਿੰਘ ਕੌਮੀ ਸੰਤ, ਦੋ ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ,

16. ਸੁਰਧਾ ਰੌਮ ਪੰਡਤ, ਬਾਰਾਂਮਾਹ ,. . . . . . . .

17. ਸੁੰਦਰ ਸਿੰਘ, ਬਾਰਾਂਮਾਹ,. . . . . . . . . . .

18. ਸੰਤ ਸਿੰਘ, ਸੰਤ, ਬਾਰਾਂਮਾਹ,* ਮੁਫ਼ੀਦ ਆਮ ਪ੍ਰੈਸ, ਲਾਹੌਰ ,. . .

19. ਸੁੰਦਰ ਦਾਸ, ਚਾਰ ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ,. . . .

20. ਸਾਵਣ ਦਾਸ, ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ, 1913.

21. ਸੰਤ ਰਾਮ, ਸੁਆਮੀ, ਬਾਰਾਂਮਾਹ,. . . . . . .

22. ਸੰਤ ਦਾਸ, ਬਾਰਾਂਮਾਹ,. . . . . .

23. ਸੇਵਾ ਸਿੰਘ, ਬਾਰਾਂਮਾਹ, ਕੇਸਰ ਹਿੰਦ ਪ੍ਰੈਸ, ਲੁਧਿਆਣਾ।

24. ਸਰਦਾਰ ਸਿੰਘ, ਸਰ, ਬਾਰਾਂਮਾਹ,. . . . . . . .

25. ਹਸਨ ਸ਼ਾਮ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1900.

26. ਹਕੂਮਤ ਰਾਏ, ਬਾਰਾਂਮਾਹ, ਮੋਤੀ ਬਾਗ਼ ਲਾਇਬ੍ਰੇਰੀ, ਖਰੜਾ ਨੰ. 82. 1784ਈ.

27. ਹਦਾਇਤ ਉੱਲਾ, ਬਾਰਾਂਮਾਹ, ਹਥਲਿਖਤ ਦੇਵਿੰਦਰ ਵਿਦਿਆਰਥੀ ਨਾਭਾ ਪਾਸ ਹੈ।

28. ਹਕੂਮਤ ਜ਼ਨ, ਦੋ ਬਾਰਾਂਮਾਹ, <u>ਪੰਜਾਬੀ ਬਾਰਾਂਮਾਹੇ</u>, ਪਦਮ, ਪੰਨਾ320. ਸਰਦਾਰ ਸਾਹਿਤ ਭਵਨ, ਪਟਿਆਲਾ, 1959.

29. ਹਾਫ਼ਜ਼ ਬਰਖ਼ੁਰਦਾਰ, ਬਾਰਾਂਮਾਹ,. . . . . . .

30. ਹਰਦਿਆਲ, ਬਾਰਾਂਮਾਹ,

31. ਕੁੰਦਨ ਰਾਮ, ਬਾਰਾਂਮਾਹ, <u>ਪੰਜਾਬੀ ਬਾਰਾਂਮਾਹੇ</u>, ਪਦਮ ਪੰਨਾ336, ਸਰਦਾਰ ਸਾਹਿਤ ਭਵਨ, ਪਟਿਆਲਾ, 1959.

32. ਕਿਸ਼ਨ ਸਿੰਘ ਆਰਫ਼, ਦੋ ਬਾਰਾਂਮਾਹ, <u>ਆਰਫ਼ ਰਚਨਾਵਲੀ</u>, 1898.

33. ਕਿਸ਼ਨ ਸਿੰਘ ਠਕਰਾਲਾ, ਬਾਰਾਂਮਾਹ, ਕੇਸਰ ਹਿੰਦ ਪ੍ਰੈਸ, ਲੁਧਿਆਣਾ, 1899.

34. ਕੇਸਰ ਸਿੰਘ ਛਿੱਬਰ, ਬਾਰਾਂਮਾਹ, ਮੋਤੀ ਬਾਗ ਲਾਇਬ੍ਰੇਰੀ, ਖਰੜਾ ਨੰ.82.

35. ਕਰਮ ਚੰਦ, ਬਾਰਾਂਮਾਹ,. . . . . . . .
36. ਕਿਸ਼ਨ ਸਿੰਘ ਜੀਵਾ ਸਿੰਘ, ਬਾਰਾਂਮਾਹ, ਕੈਸਰ ਹਿੰਦ ਪ੍ਰੈਸ, ਲੁਧਿਆਣਾ 1899.
37. ਕੇਹਰ ਸਿੰਘ, ਬਾਰਾਂਮਾਹ,. . . . . . . .

38. ਕਾਂਸ਼ੀ ਰਾਮ ਨਮੋਲ, ਦੋ ਬਾਰਾਂਮਾਹ, ਕੈਸਰ ਹਿੰਦ ਪ੍ਰੈਸ, ਲੁਧਿਆਣਾ 1897.

39. ਕਾਹਨ ਸਿੰਘ ਬੰਗਾ, ਬਾਰਾਂਮਾਹ,. . . . . .

40. ਕਵੀ ਬਿਸ਼ਨ, ਬਾਰਾਂਮਾਹ ਕਲਜੁਗ,. . . . . .

41. ਗੁਲਾਮ ਰਸੂਲ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ 269. ਸਰਦਾਰ ਸਾਹਿਤ ਭਵਨ, ਪਟਿਆਲਾ, 1959.

42. ਗੁਰਦੇਵ ਸਿੰਘ ਪੰਦੋਹਲ, ਬਾਰਾਂਮਾਹ, ਖਰੜਾ ਮੇਰੇ ਪਾਸ ਮੌਜੂਦ ਹੈ, 1967.

43. ਗਿਆਨ ਸਿੰਘ, ਬਾਰਾਂਮਾਹ,. . . . . . .

44. ਗੋਪਾਲ ਸਿੰਘ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ 351., ਸਰਦਾਰ ਸਾਹਿਤ ਭਵਨ, ਪਟਿਆਲਾ, 1959.

45. ਗੁਲਾਮ ਹੁਸੈਨ ਕੋਲਿਆਂ ਵਾਲਾ, ਬਾਰਾਂਮਾਹ, ਖਰੜਾ ਨਰੰਜਣ ਸਿੰਘ ਨਵਾਸੀ, ਪਟਿਆਲਾ, ਪਾਸ ਹੈ, 1931.

46. ਚੰਦੂ ਲਾਲ, ਬਾਰਾਂਮਾਹ,. . . . . . .

47. ਚਰਨ ਸਿੰਘ ਚੱਕ ਨੰ: 74, ਬਾਰਾਂਮਾਹ, ਗੁਲਾਬੀ ਪ੍ਰੈਸ, ਲਾਇਲਪੁਰ, 1927.

48. ਜਵਾਹਰ ਯਾਰ, ਬਾਰਾਂਮਾਹ, ਹੱਥਲਿਖਤ ਸੰਤ ਇੰਦਰ ਸਿੰਘ ਚੱਕਰਵਰਤੀ ਪਾਸ ਮੌਜੂਦ ਹੈ।

49. ਜੋਰਾ ਸਿੰਘ, ਬਾਰਾਂਮਾਹ, . . . . . .

50. ਜਿੰਦਾਂ, ਬਾਰਾਂਮਾਹ, ਮੁਫ਼ੀਮ ਆਮ ਪ੍ਰੈਸ, ਲਾਹੌਰ, 1921.

51. ਜੈਤੀ ਰਾਮ, ਬਾਰਾਂਮਾਹ, . . . . . .

52. ਠਾਕਰ ਸਿੰਘ ਸੰਤਰੀ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ 347. ਸਰਦਾਰ ਸਾਹਿਤ ਭਵਨ, ਪਟਿਆਲਾ, 1959.

53ਙ ਤੇਜਾ ਸਿੰਘ,ਪੰਡਤ,ਦੋ ਬਾਰਾਂਮਾਹ, ਹੱਥਲਿਖਤ ਜਨਰਲ ਸ਼ਿਵਦੇਵ ਸਿੰਘ, ਨਾਭਾ ਪਾਸ ਪਈ ਹੈ।

54. ਦੇਸ ਰਾਜ ਬਾਵਾ,ਬਾਰਾਂਮਾਹ, ਅਨੁਭਵ ਹੁਲਾਸ, ਮੁਫੀਦ ਆਮ ਪ੍ਰੈਸ, ਲਾਹੌਰ, 1887.

55. ਨਰੈਣ ਸਿੰਘ,ਬਾਰਾਂਮਾਹ, ਮੁਨਸ਼ੀ ਗੁਲਾਬ ਚੰਦ ਐਂਡ ਸੰਨਜ਼, ਲਾਹੌਰ 1856.

56. ਨਿਆਜ਼, ਬਾਰਾਂਮਾਹ,.......

57. ਨੌਰ ਅਲੀਸ਼ਾਹ,ਬਾਰਾਂਮਾਹ,.....

58. ਪ੍ਰੀਤਮ ਸਿੰਘ ਕੌਮੀ,ਦੋ ਬਾਰਾਂਮਾਹ,ਪੰਜਾਬੀ ਬਾਰਾਂਮਾਹੇ,ਪਦਮ,ਪੰਨਾ332-334. ਸਰਦਾਰ ਸਾਹਿਤ ਭਵਨ,ਪਟਿਆਲਾ,1959.

59. ਪ੍ਰੇਮ ਦਾਸ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ,ਪੰਨਾ353,ਸਰਦਾਰਸਾਹਿਤ ਭਵਨ,ਪਟਿਆਲਾ,1959.

60. ਪਰਦੇਸੀ,ਬਾਰਾਂਮਾਹ,.......

61. ਫ਼ਜ਼ਲ ਸ਼ਾਹ,ਬਾਰਾਂਮਾਹ,ਪੰਜਾਬੀ ਬਾਰਾਂਮਾਹੇ,ਪਦਮ,ਪੰਨਾ210.ਸਰਦਾਰ ਸਾਹਿਤ ਭਵਨ,ਪਟਿਆਲਾ,1959.

62. ਫ਼ਰਦ ਫ਼ਕੀਰ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ,ਪਦਮ,ਪੰਨਾ222. ਸਰਦਾਰ ਸਾਹਿਤ ਭਵਨ,ਪਟਿਆਲਾ,1959.

63. ਫ਼ੀਰੋਜ਼ਦੀਨ ਸ਼ਰਫ਼,ਬਾਬੂ,ਬਾਰਾਂਮਾਹ,ਸ਼ਰਫ਼ ਰਚਨਾਵਲੀ,ਪੰਨਾ232. ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1961.

64. ਬਖਸ਼ੁੱਲਾ,ਬਾਰਾਂਮਾਹ,ਪੰਜਾਬੀ ਬਾਰਾਂਮਾਹੇ, ਪਦਮ,ਪੰਨਾ203.ਸਰਦਾਰ ਸਾਹਿਤ ਭਵਨ,ਪਟਿਆਲਾ,1959.

65. ਬੁੱਲ੍ਹੇਸ਼ਾਹ ਸਾਂਈਂ, ਬਾਰਾਂਮਾਹ,ਬੁੱਲ੍ਹੇਸ਼ਾਹ-ਜੀਵਨ ਤੇ ਰਚਨਾ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1970.ਪੰ.128.

66. ਬਿਸ਼ਨ ਦਾਸ ਗਹਿਰ ਗੰਭੀਰੀਆ,ਬਾਰਾਂਮਾਹ,ਹੱਥ ਲਿਖਤ ਬਾਬਾ ਪ੍ਰੇਮ ਸਿੰਘ ਹੋਤੀ ਪਾਸ,1884.

67. ਭਈਆ ਰਾਮ(ਨੱਥੇ ਭੱਈਆ),ਦੋ ਬਾਰਾਂਮਾਹ,ਪੰਜਾਬੀ ਬਾਰਾਂਮਾਹੇ, ਪਦਮ ਪੰਨਾ~~199~~201. ਸਰਦਾਰ ਸਾਹਿਤ ਭਵਨ,ਪਟਿਆਲਾ,1959.

68. ਭਗਵਾਨ ਸਿੰਘ ਬਨੂੜੀ,ਬਾਰਾਂਮਾਹ,ਹੱਥ ਲਿਖਤ ਨਰੰਜਣ ਸਿੰਘ ਪਟਿਆਲਾ ਪਾਸ ਹੈ।

69. ਮੁਸਾਫ਼ਰ ਸ਼ਾਇਰ,ਬਾਰਾਂਮਾਹ,ਮੁਫ਼ੀਦ ਆਮ ਪ੍ਰੈਸ, ਲਾਹੌਰ,1906. (ਪਿੰਡ ਗੋਤਾ,ਸਿਆਲਕੋਟ)

70. ਮੁਹੰਮਦ ਅਜ਼ੀਮ,ਬਾਰਾਂਮਾਹ, ਮੋਤੀ ਬਾਗ ਲਾਇਬ੍ਰੇਰੀ,ਪਟਿਆਲਾ,ਖਰੜਾ ਨੰ.82.

71. ਮੁਹੰਮਦ ਦੀਨ ਦਰਦੀ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ,ਪੰਨਾ358 ਸਰਦਾਰ ਸਾਹਿਤ ਭਵਨ,ਪਟਿਆਲਾ,1959.

72. ਮੁਹੰਮਦ ਬੂਟਾ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ,ਪੰਨਾ261.,ਸਰਦਾਰ ਸਾਹਿਤ ਭਵਨ,ਪਟਿਆਲਾ,1959.

73. ਮੌਲੇ ਸ਼ਾਹ ਮਜੀਠਵੀ,ਬਾਰਾਂਮਾਹ,ਮੁਨਸ਼ੀ ਗੁਲਾਬ ਚੰਦ ਐਂਡ ਸੰਨਜ਼, ਲਾਹੌਰ, 1903.

74. ਮੇਜਰ ਸਿੰਘ 'ਤਾਣਾ' ਬਾਰਾਂਮਾਹ, ਜਨ ਸਾਹਿਤ,ਪਛੱਮੀ ਬੰਗਾਲ ਪੰਜਾਬੀ ਸਾਹਿਤਕ ਅੰਕ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ, ਜਨਵਰੀ-ਫ਼ਰਵਰੀ,1978.

75. ਮੰਗਲ ਸਿੰਘ,ਬਾਰਾਂਮਾਹ,. . . . . .

76. ਮਤੀਆ,ਬਾਰਾਂਮਾਹ,. . . . . 1913.

77. ਮਨੀ ਰਾਮ,ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ,ਲਖਨਊ, 1917.

78. ਮਿੱਤ ਸਿੰਘ,ਬਾਰਾਂਮਾਹ, . . . . . . .

79. ਮਸਤਾਨ ਖਾਂ ਮਸਤਾਨ,ਬਾਰਾਂਮਾਹ, . . . . . .

80. ਮਿਹਰ ਅਲੀ,ਬਾਰਾਂਮਾਹ, ਪੀਰਜ਼ਾਦਾ ਪ੍ਰੈਸ,ਲਾਹੌਰ,1935.

81. ਮਹੰਮਦ ਫ਼ਾਜ਼ਲ ਜਿਹਲਮੀ, ਬਾਰਾਂਮਾਹ,. . . . . . .

82. ਮਟਕ,ਬਾਰਾਂਮਾਹ,........

83. ਮਿਹਰ ਸਿੰਘ,ਬਾਰਾਂਮਾਹ, ਮਸ਼ਅਲ ਪ੍ਰੈਸ,ਖਰੜ੍ਹ 1944.

84. ਮੂਲ ਸਿੰਘ, ਬਾਰਾਂਮਾਹ, ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ,ਹੱਥ ਲਿਖਤਨੰ. 1812.

85. ਹਕੀਮ ਯਾਰ,ਬਾਰਾਂਮਾਹ,......

86. ਰਾਮ ਦਾਸ,ਬਾਰਾਂਮਾ, ਪੰਜਾਬੀ ਬਾਰਾਂਮਾਹੇ,ਪੰਦਮ, ਪੰਨਾ349.

87. ਰਲਾ ਦਾਸ,ਦੋ ਬਾਰਾਂਮਾਹ,ਨਵਰੰਗ ਪ੍ਰੈਸ ਮੁਲਤਾਨ,1907.

88. ਰਲਾ ਰਾਮ, ਬਾਰਾਂਮਾਹ,.......

89. ਵੀਰ ਸਿੰਘ ,ਭਾਈ,ਬਾਰਾਂਮਾਹ ਕੰਤ ਮਹੇਲੀ,ਭਾਈ ਵੀਰ ਸਿੰਘ ਰਚਨਾਵਲੀ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1952.

90. ਵਜ਼ੀਦ ,ਬਾਰਾਂਮਾਹ, ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਲਾਹੌਰ,1913.

## ਕ੍ਰਿਸ਼ਨ-ਕਾਵਿ ਦੇ ਅੰਤਰਗਤ ਬਾਰਾਂਮਾਹ:

1. ਅਕਰੂਰ ਭਗਤ, ਬਾਰਾਂਮਾਹ,........

2. ਅਮਰ ਸਿੰਘ,ਬਾਰਾਂਮਾਹ,..........,1927.

3. ਸਾਹਿਬ ਸਿੰਘ ਮਰਗਿੰਦ, ਬਾਰਾਂਮਾਹ, .......

4. ਹਕੂਮਤ ਜਨ, ਦੋ ਬਾਰਾਂਮਾਹ, ....... 1925.

5. ਕੇਸੋ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ,ਪਦਮ,ਪੰਨਾ195ਸਰਦਾਰ ਸਾਹਿਤ ਭਵਨ,ਪਟਿਆਲਾ,,1959.

6. ਕੇਸੋ ਗੁਣੀ,ਬਾਰਾਂਮਾਹ,ਮੋਤੀ ਬਾਗ ਲਾਇਬ੍ਰੇਰੀ, ਪਟਿਆਲਾਖਰੜਾਨੰ. 82, 18ਵੀਂ ਸਦੀ।

7. ਖੁਸ਼ੀ ਰਾਮ ਆਰਿਫ਼, ਬਾਰਾਂਮਾਹ,ਪੰਜਾਬੀ ਬਾਰਾਂਮਾਹੇ,ਪਦਮ, ਪੰਨਾ322. ਸਰਦਾਰ ਸਾਹਿਤ ਭਵਨ,ਪਟਿਆਲਾ,1959.

8. ਗੁਲਾਮ ਹੁਸੈਨ, ਬਾਰਾਂਮਾਹ, . . . . . .

9. ਜਸਵੰਤੀ ਦੇਵੀ, ਬਾਰਾਂਮਾਹ ਖਰੜਾ ਮੇਰੇ ਪਾਸ ਹੈ।
(ਪਿੰਡ ਜਨੇਦ, ਲੁਧਿਆਣਾ)

10. ਦਿਆਲ ਸਿੰਘ, ਬਾਰਾਂਮਾਹ ਪੰਜਾਬੀ ਬਾਰਾਂਮਾਹੇ, ਪਦਮ, ਪੰਨਾ97.
ਸਰਦਾਰ ਸਾਹਿਤ ਭਵਨ, ਪਟਿਆਲਾ, 1959.

11. ਦਿਆਲਸਿੰਘ, ਬਾਰਾਂਮਾਹ, . . . . . . .

12. ਨਾਰਾਇਣ ਸਿੰਘ, ਦੋ ਬਾਰਾਂਮਾਹ,. . . . . .

13. ਨਿਹਾਲ ਸਿੰਘ, ਸ਼ਾਹ ਆਬਾਦੀ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1917.

14. ਨੌ ਬ ਮੌਲ, ਬਾਰਾਂਮਾਹ,. . . . . . .

15. ਮੀਰਾਂਸ਼ਾਹ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ259, ਸਰਦਾਰ
ਸਾਹਿਤ ਭਵਨ, ਪਟਿਆਲਾ, 1959.

16. ਮੂਲ ਸਿੰਘ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ197, ਸਰਦਾਰ
ਸਾਹਿਤ ਭਵਨ, ਪਟਿਆਲਾ, 1959.

17. ਮਿਲਖੀ ਰਾਮ, ਮੁਸਵੱਰ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ318, ਸਰਦਾਰ
ਸਾਹਿਤ ਭਵਨ, ਪਟਿਆਲਾ, 1959.

18. ਰਲਿਆ ਰਾਮ ਵ ਭਗਤ ਦੇਵੀ ਦਾਸ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ
ਪਦਮ, ਪੰਨਾ355, ਸਰਦਾਰ ਸਾਹਿਤ ਭਵਨ, ਪਟਿਆਲਾ, 1959.

19. ਰਸਿਕ ਰਾਮ ਦੇਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ, 1913.

20. ਰਣਜੀਤ ਸਿੰਘ, ਦੋ ਬਾਰਾਂਮਾਹ,. . . . . . .

ਬਾਰਾਂਮਾਹ ਮਹੀਮਦੀ:

1. ਅਹਿਮਦ ਦੀਨ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1917.

2. ਅਫ਼ਜ਼ਲ ਖਾਂ ਜੋਗੀ, ਬਾਰਾਂਮਾਹ, ਨਵਲ ਕਿਸ਼ੋਰ ਪ੍ਰੈਸ, ਲਖਨਊ, 1903.

3. ਇਕਬਾਲ ਮੁਹੰਮਦ ਜਲੰਧਰੀ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ,ਪਦਮ, ਪੰਨਾ 356, ਸਰਦਾਰ ਸਾਹਿਤ ਭਵਨ,ਪੇਟਿਆਲਾ,1959.

4. ਇਸਮਾਈਲ ਨਕੋਦਰੀ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ339. ਸਰਦਾਰ ਸਾਹਿਤ ਭਵਨ,ਪਟਿਆਲਾ,1959.

5. ਹਾਫ਼ਜ਼ ਮੁਹੰਮਦ ,ਪੀਰ,ਬਾਰਾਂਮਾਹ,......

6. ਹਾਸ਼ਮ,ਬਾਰਾਂਮਾਹ,......

7. ਕਰੀਮ ਬਖਸ਼, ਬਦਰ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ298. ਸਰਦਾਰ ਸਾਹਿਤ ਭਵਨ,ਪਟਿਆਲਾ,1959.

8. ਗ਼ੁਲਾਮ ਫ਼ਰੀਦ ਮੁਲਤਾਨੀ,ਬਾਰਾਂਮਾਹ, ਨਜ਼ਾਮੀ ਪ੍ਰੈਸ,ਮੁਲਤਾਨ, 1902.

9. ਗ਼ੁਲਾਮ ਮੁਸਤਫ਼ਾ ਮਗ਼ਮੂਮ,ਬਾਰਾਂਮਾਹ, ਕੈਸਰੀ ਛਾਪਾਖਾਨਾ,ਲਾਇਲਪੁਰ, 1903.

10. ਚੰਨਣ ਦੀਨ,ਦੋ ਬਾਰਾਂਮਾਹੇ,ਪੰਜਾਬੀ ਬਾਰਾਂਮਾਹੇ,ਪਦਮ, ਪੰਨਾ308. ਸਰਦਾਰ ਸਾਹਿਤ ਭਵਨ ,ਪਟਿਆਲਾ,1959.

11. ਚਿਰਾਗ਼ ਦੀਨ, ਬਾਰਾਂਮਾਹ,......

12. ਜ਼ਹੂਰ ਦੀਨ,ਬਾਰਾਂਮਾਹ,......

13. ਨਜ਼ੀਰ ਅਹਿਮਦ, ਮੁਨਸ਼ੀ, ਬਾਰਾਂਮਾਹ,ਪੰਜਾਬੀ ਬਾਰਾਂਮਾਹੇ, ਪਦਮ/ਪੰਨਾ351. ਸਰਦਾਰ ਸਾਹਿਤ ਭਵਨ,ਪਟਿਆਲਾ,1959.

14. ਨਿਆਜ਼ ਅਹਿਮਦ ਨਿਆਜ਼, ਬਾਰਾਂਮਾਹ,........

15. ਮਿਲਖੀ ਰਾਮ,ਦੋ ਬਾਰਾਂਮਾਹ,ਪੰਜਾਬੀ ਬਾਰਾਂਮਾਹੇ,ਪਦਮ,ਪੰਨਾ 314 , ਸਰਦਾਰ ਸਾਹਿਤ ਭਵਨ,ਪਟਿਆਲਾ,1959.

16. ਪੀਰ ਨੇਕ ਆਲਮ,ਬਾਰਾਂਮਾਹ, ਪੰਜਾਬੀ ਬਾਰਾਂਮਾਹੇ,ਪਦਮ,ਪੰਨਾ300, ਸਰਦਾਰ ਸਾਹਿਤ ਭਵਨ,ਪਟਿਆਲਾ,1959.

17. ਮਿਅਰਾਜਦੀਨ ਸ਼ਾਦ, ਗੁਜਰਾਤੀ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ. . .

18. ਮੁਹੰਮਦ ਦੀਨ ਦਰਦੀ, ਬਾਰਾਂਮਾਹ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ358, ਸਰਦਾਰ ਸਾਹਿਤ ਭਵਨ, ਪਟਿਆਲਾ, 1959.

19. ਮੇਲਾ ਰਾਮ, ਬਾਰਾਂਮਾਹ, ਮੁਫ਼ੀਦ ਆਮ ਪ੍ਰੈਸ, ਲਾਹੌਰ, 1907.

20. ਰਹੀਮ ਬਖਸ਼ਸ਼ਾਅਦ, ਬਾਰਾਂਮਾਹ, ਮੁਫੀਦ ਆਮ ਪ੍ਰੈਸਰਾਲਾਹੌਰ, 1909.
(ਪਿੰਡ ਦਊਦ, ਸਿਆਲਕੋਟ)

21. ਰਹੀਮ ਯਾਰ, ਬਾਰਾਂਮਾਹ, ਨਗੀਨਾ ਪ੍ਰੈਸ ਮੁਲਤਾਨ, 1905.

22.

ਪਰਸੰਗਆਤਮਕ ਬਾਰਾਂਮਾਹ :

1. ਅਗਿਆਤ, ਬਾਰਾਂਮਾਹ, ਕੰਵਰ ਨੌਨਿਹਾਲ ਸਿੰਘ, ਨਵਲ ਕਿਸ਼ੋਰ ਪ੍ਰੈਸ, ਲਖਨਊ, 1904.

2. ਅਗਿਆਤ, ਬਾਰਾਂਮਾਹ ਦੇਵੀ ਜੀ ਕਾ, . . . . . .

3. ਅਹਿਮਦ ਦੀਨ, ਬਾਰਾਂਮਾਹ ਸਰਵਣ ਪੁੱਤਰ, ਮੁਫੀਦੇ ਆਮ ਪ੍ਰੈ;, ਲਾਹੌਰ, 1917.

4. ਅਮੀਰ ਅਲੀ, ਬਾਰਾਂਮਹ ਕਿਚਲੂ, . . . . . .

5. ਇਕਬਾਲ ਸਿੰਘ, ਚਾਰ ਬਾਰਾਂਮਾਹ, ਸਤਿਗੁਰੂ ਰਾਮ ਸਿੰਘ, ਮਨੈਜਰ 'ਸਤਿਜੁਗ' ਜੀਵਨ ਨਗਰ, 1941.

6. ਹਾਫ਼ਜ਼, ਬਾਰਾਂਮਾਹ ਹਕੀਕਤ ਰਾਏ ਧਰਮੀ, ਮੇਰੇ ਪਾਸ ਹੈ, . . .

7. ਕਰਤਾਰ ਸਿੰਘ ਕਲਾਸਵਾਲੀਆ, ਬਾਰਾਂਮਾਹ ਜੰਗ ਚਿਤਰਾਲ, ਮੇਰੇ ਪਾਸ ਹੈ, . . .

8. ਕਾਹਨ ਸਿਘ, ਦੋ ਬਾਰਾਂਮਾਹ, ਗੁਰੂ ਨਾਨਕ ਦੇਵ, . . . . . .

9. ਕਾਲੀ ਦਾਸ, ਬਾਰਾਂਮਾਹ ਦੁਰਗਾ ਉਸਤਤੀ, ਪੰਜਾਬੀ ਬਾਰਾਂਮਾਹੇ, ਪਦਮ, ਪੰਨਾ328. ਸਰਦਾਰ ਸਾਹਿਤ ਭਵਨ, ਪਟਿਆਲਾ, 1959.

10. ਗੁਰਦਾਸ ਸਿੰਘ, ਬਾਰਾਂਮਾਹ ਸ੍ਰੀ ਰਾਮ ਚੰਦਰ(ਕੌਸ਼ਲਿਆ ਵਿਜੋਗ),. .

11. ਗੋਪਾਲ ਸਿੰਘ ਮਿਸਤਰੀ,ਬਾਰਾਂਮਾਹ ਕਰਮ ਸਿੰਘ,. . . .

12. ਗੁਰਦਿੱਤ ਸਿੰਘ,ਬਾਰਾਂਮਾਹ ਰੂਹ ਵ ਬੁੱਤ,. . . . .

13. ਚੰਦਾ ਸਿੰਘ,ਬਾਰਾਂਮਾਹ, ਸਤਿਗੁਰੂ ਤਾਂਘ,<u>ਪੰਜਾਬੀ ਬਾਰਾਂਮਾਹੇ</u>,ਪਦਮ,ਪੰਨਾ271. ਸਰਦਾਰ ਸਾਹਿਤ ਭਵਨ,ਪਟਿਆਲਾ,1959.

14. ਜਾਨ ਮੁਹੰਮਦ, ਬਾਰਾਂਮਾਹ ਮਹਾਤਮ ਗਾਂਧੀ,1954.

15. ਤੇਜਾ ਸਿੰਘ, ਬਾਰਾਂਮਾਹ ਰਸੀਆ,. . . .

16. ਦਲ ਸਿੰਘ ਸੰਗੀਤਕਾਰ,ਬਾਰਾਂਮਾਹ ਨਸੀਹਤ ਕਮਲ,. . . . .

17. ਨਿਹਾਲ ਸਿੰਘ,ਸੰਤ(ਕੂਕਾ)ਬਾਰਾਂਮਾਹ,ਬਾਬਾ ਰਾਮ ਸਿੰਘ,ਮਨੇਜਰ ਸਤਿਜੁਗ ਜੀਵਨ ਨਗਰ, . . .

18. <u>ਪੁਸਤਕ ਪਰਾਣਸੰਗਲੀ</u>, ਬਾਰਾਂਮਾਹ, ਨਾਨਕ ਕਾ, . . .

19. ਬੁਲਾਕੀ ਦਾਸ(ਗੁਲਾਬ ਦਾਸੀ),ਬਾਰਾਂਮਾਹ,ਗੁਲਾਬ ਦਾਸ,ਖਰੜਾ ਨੰ 5033,ਸਿਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ।

20. ਬਚਨ ਸਿੰਘ ਹਕੀਮ, ਬਾਰਾਂਮਾਹ ਨਾਮਧਾਰੀ ਬਾਬਾ ਰਾਮ ਸਿੰਘ ਕੂਕਾ, (ਢੀਂਡਸਾ) 1949(ਇਹ ਬਾਰਾਂਮਾਹ ਮੇਰੇ ਪਾਸ ਹੈ)

21. ਬੂਟਾ ਸਿੰਘ,ਬਾਰਾਂਮਾਹ ਬਾਬਾ ਰਾਮ ਸਿੰਘ,ਗੁਰਬਖਸ਼ ਸਿੰਘ ਪ੍ਰੈਸ,ਲਾਹੌਰ

22. ਬੂਟਾ ਮੱਲ,ਬਾਰਾਂਮਾਹ,ਹਰੀਚੰਦ,. . .

23. ਭਗਵਾਨ ਬਿਸ਼ਨ,ਬਾਰਾਂਮਾਹ ਗੁਰੂ ਨਾਨਕ ਕਾ,. . . .

24. ਮੰਗਲ ਸਿੰਘ,ਦੋ ਬਾਰਾਂਮਾਹ ਪੰਜਾਬ ਸਾਹਿਬ,(ਮੇਰੇ ਪਾਸ ਮੌਜੂਦ ਹਨ). . . .

25. ਮਿੱਤ ਸਿੰਘ ਬਾਰਾਂਮਾਹ ਮਨਸਾ ਦੇਵੀ ਦਾ,. . . .

25-ਏ.ਰਾਮ ਨਰਾਇਣ ਸਾਈਂ,ਬਾਰਾਂਮਾਹ ਪੂਰਨ ਭਗਤ(ਮੇਰੇ ਪਾਸ ਹੈ)

26. ਵਿਧਾਤਾ ਸਿੰਘ,ਬਾਰਾਂਮਾਹ ਜੰਗ ਚਿਤਰਾਲ ,(ਮੇਰੇ ਪਾਸ ਮੌਜੂਦ ਹੈ)

<u>ਇਨਕਲਾਬੀ ਬਾਰਾਂਮਾਹ</u>


1. ਅਗਿਆਤ,ਦੋ ਬਾਰਾਂਮਾਹ, ਹਕੀਕਤ ਰਾਏ . . . . .

2. ਅੰਮ੍ਰਿਤਾ ਪ੍ਰੀਤਮ,ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇਂ</u>,ਪਦਮ,ਪੰਨਾ362, ਸਰਦਾਰ ਸਾਹਿਤ ਭਵਨ,ਪਟਿਆਲਾ,1959.

3. ਗੁਰਦਿੱਤ ਸਿੰਘ, ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇਂ</u>, ਪਦਮ,ਪੰਨਾ363, ਸਰਦਾਰ ਸਾਹਿਤ ਭਵਨ,ਪਟਿਆਲਾ,1959.

4. ਪ੍ਰਭ ਦਿਆਲ,ਬਾਰਾਂਮਾਹ, (ਮੇਰੇ ਪਾਸ ਮੌਜੂਦ ਹੈ)

5. ਪ੍ਰਭਜੋਤ ,ਬਾਰਾਂਮਾਹ, (ਮੇਰੇ ਪਾਸ ਮੌਜੂਦ ਹੈ)

6. ਮੌਲਾ ਬਖਸ਼ ਕੁਸ਼ਤਾ, ਬਾਰਾਂਮਾਹ,<u>ਦੀਵਾਨੇ ਕੁਸ਼ਤਾ</u> ਲਾਹੌਰ।

7. ਮੁਨਸ਼ਾ ਸਿੰਘ ਦੁਖੀ,ਬਾਰਾਂਮਾਹ,(ਮੇਰੇ ਪਾਸ ਮੌਜੂਦ ਹੈ)


<u>ਬੀਰ ਰਸੀ ਬਾਰਾਂਮਾਹ:</u>


1. ਬੀਰ ਸਿੰਘ, ਬਾਰਾਂਮਾਹ,ਗੁਰੂ ਗੋਬਿੰਦ ਸਿੰਘ,<u>ਪੰਜਾਬੀ ਬਾਰਾਂਮਾਹੇਂ</u>, ਪਦਮ,ਪੰਨਾ138,ਸਰਦਾਰ ਸਾਹਿਤ ਭਵਨ,ਪਟਿਆਲਾ,1959.

2. ਰਾਮ ਸਿੰਘ,ਬਾਰਾਂਮਾਹ,<u>ਪੰਜਾਬੀ ਬਾਰਾਂਮਾਹੇਂ</u>, ਪਦਮ,ਪੰਨਾ144,ਸਰਦਾਰ ਸਾਹਿਤ ਭਵਨ, ਪਟਿਆਲਾ,1959.


<u>ਫੁਟਕਲ ਬਾਰਾਂਮਾਹੇਂ:</u>


1. ਅੰਮ੍ਰਿਤਾ ਪ੍ਰੀਤਮ, ਬਾਰਾਂਮਾਹ,<u>ਸੁਨੇਹੜੇ</u>,ਨਵਯੁਗ ਪ੍ਰੈ; ,ਦਿਲੀ,1960.

2. ਗੁਰਦੇਵ ਸਿੰਘ ਪੰਦੋਹਲ,ਬਾਰਾਂਮਾਹ,ਮੇਰੇ ਪਾਸ ਮੌਜੂਦ ਹੈ।

3. ਗੁਰਦਿਤ ਸਿੰਘ,ਬਾਰਾਂਮਾਹ,<u>ਸੂਮ ਦੀ ਮੌਤ</u>, . . . .

4. ਗੋਪਾਲ ਸਿੰਘ,ਬਾਰਾਂਮਾਹ, <u>ਦਿਉਰ ਤੇ ਭਾਬੀ</u>,. . . .

5. ਛੱਜੂ ਰਾਮ, ਬਾਰਾਂਮਾਹ ਦ੍ਵਿਭਾਬੀ,. . . . .

6. ਦੇਵੀ ਦਿਆਲ ਮੁਖ਼ਤਾਰ, ਹਥ ਲਿਖਤ ਪਿਆਰਾ ਸਿੰਘ ਪਦਮ ਪਾਸ ਹੈ।

7. ਪੂਰਨ ਦਾਸ ਜੀਡਿਆਲਵੀ, ਬਾਰਾਂਮਾਹ,. . . .

8. ਮੁਹੰਮਦ ਬਖ਼ਸ਼ ਮੀਆਂ, ਸੈਫ਼ੁਲ ਮਲੂਕ, ਭਾਸ਼ਾ ਵਿਭਾਗ, ਪਟਿਆਲਾ।

9. ਰੋਡੂ ਗਿਰ ਬਾਬਾ,ਬਾਰਾਂਮਾਹ, ਮੇਰੇ ਪਾਸ ਮੌਜੂਦ ਹੈ।

10. ਰਾਮ ਸਰੂਪ ਮਹਾਰਾਜ ਜੈਨੀ,ਬਾਰਾਂਮਾਹ . . . .

11. ਵਿਸਾਖਾ ਸਿੰਘ,ਬਾਰਾਂਮਾਹ ਨੌਕਰ ਦੀ ਨਾਰ,. . . . .

12. ਵਰਿਆਮ ਸਿੰਘ,ਬਾਰਾਂਮਾਹ ਭਾਨੀਮਾਰ,. . . . .

## ਬਾਰਾਂਮਾਹ ਸੂਚੀ(ਹਿੰਦੀ)

1. ਅਫ਼ਜ਼ਲ ਪਾਣੀਪੱਤੀ, ਬਾਰਾਂਮਾਹ, . . . . . . . .

2. ਅੱਲਾ ਬਖਸ਼, ਬਾਰਾਂਮਾਹ,. . . . .

3. ਅਜ਼ਮਤ, ਬਾਰਾਂਮਾਹ,. . . . . .

4. ਅਬਦੁਲ ਮਜੀਦ ਖਾਂ, ਮੌਲਵੀ, ਬਾਰਾਂਮਾਹ
ਬਾਰਾਂਮਾਹ ਅੰਮ੍ਰਿਤਸਰ ।

5. ਇਲਾਇਚੀ ਰਾਮ, ਦੋ ਬਾਰਾਂਮਾਹ, . . . . . .

6. ਸਾਹਬ ਸਿੰਘ, ਦੋ ਬਾਰਾਂਮਾਹ, . . . . . .

7. ਸੁੰਦਰ ਕਲੀ,ਬਾਰਾਂਮਾਹ, . . . . .

8. ਸੁੰਦਰ ਦਾਸ, ਬਾਰਾਂਮਾਹ

9. ਸੁੰਦਰ ਸਿੰਘ(1) ਬਾਰਾਂਮਾਹ,

10. ਸੁੰਦਰ ਸਿਘ(2) ਬਾਰਾਂਮਾਹ ? . . . .

11. ਸਤੀ ਸਿੰਘ, ਬਾਰਾਂਮਾਹ

12. ਹਰ ਨਾਰਾਇ, ਬਾਰਾਂਮਾਹ ਕ੍ਰਿਸ਼ਨ,

13. ਹਰੀ ਦਾਸ ਸੰਤ, ਬਾਰਾਂਮਾਹ, .

14. ਕੇਸਰ ਸਿੰਘ ਬਾਰਾਂਮਾਹ ਸੀਤਾ,

15. ਕਬੀਰ, ਬਾਰਾਂਮਾਹ

16. ਖ਼ੈਰੇ ਸ਼ਾਹ, ਬਾਰਾਂਮਾਹ

17. ਗੁਰੂ ਗੋਬਿੰਦ ਸਿੰਘ ,ਬਾਰਾਂਮਾਹ ਕ੍ਰਿਸ਼ਨ ਗੋਪੀਆਂ

18. ਗੁਰਦਿਆਲ ਸਿੰਘ ਸੰਜੋਗ, ਬਾਰਾਂਮਾਹ

19. ਗੁਰੂ ਜੀ (ਸ੍ਰੀ) ਬਾਰਾਂਮਾਹ

20. ਗੰਗ ਭੱਟ, ਬਾਰਾਂਮਾਹ

21. ਚਿੰਤਾ, ਬਾਰਾਂਤਾਹ

22. ਤੇਜਾ ਸਿੰਘ ਪੰਡਤ, ਬਾਰਾਂਮਾਹ ਕ੍ਰਿਸ਼ਨ ਰਾਮ ਮੰਡਲੀ ਕੇ।

23. ਦੀਦਾਰ ਸਿੰਘ, ਬਾਰਾਂਮਾਹ

24. ਦਲ ਸਿੰਘ ਸੰਤ, ਬਾਰਾਂਮਾਹ ਵੇਦਾਂਤ

25. ਧਰਮ ਸਿੰਘ ਬਾਰਾਂਮਾਹ

26. ਨੱਥ ਮੱਲ, ਬਾਰਾਂਮਾਹ

27. ਨਾਮਦੇਵ, ਗੁਰੂ, ਬਾਰਾਂਮਾਹ

28. ਪਾਲੀ, ਬਾਰਾਂਮਾਹ

29. ਬੇਨੀ ਮਾਧੋ, ਬਾਰਾਂਮਾਹ

30. ਭਰਥ, ਬਾਰਾਂਮਾਹ,

31. ਮਕਸੂਦ, ਬਾਰਾਂਮਾਹ।

32. ਮਜੀਦ, 11 ਬਾਰਾਂਮਾਹ

33. ਮਹਾਂਦੇਵ,ਬਾਰਾਂਮਾਹ

34. ਮਲਕ ਮੁਹੰਮਦ ਜਾਇਸੀ, ਬਾਰਾਂਮਾਹ,ਪੁਸਤਕ ਪਦਮਾਵਤ ਵਿਚੋਂ ਇਹ ਸਭ ਤੋਂ ਪੁਰਾਣਾ ਹੈ।

35. ਰਾਮਦਾਸ,ਬਾਰਾਂਮਾਹ

36. ਲਾਲ ਕਵੀ, ਬਾਰਾਂਮਾਹ ਸ੍ਰੀ ਸੂਰਜ ਸਿੰਘ ਕਾ

37. ਵਾਰਸ ਅਲੀ ਸ਼ਾਹ, ਬਾਰਾਂਮਾਹ

38. ਵਹਾਬ,ਬਾਰਾਂਮਾਹ।

<u>ਬਾਰਾਂਮਾਹ ਸੂਚੀ(ਉਰਦੂ)</u>

1. ਸੁੰਦਰ ਦਾਸ, ਬਾਰਾਂਮਾਹ

2. ਸੈਨਾਪਤੀ,ਬਾਰਾਂਮਾਹ

3. ਕੇਸ਼ਵ ਦਾਸ,ਬਾਰਾਂਮਾਹ

4. ਨੰਦ ਦਾਸ,ਬਾਰਾਂਮਾਹ

5. ਬਿਹਾਰੀ,ਬਾਰਾਂਮਾਹ

6. ਬ੍ਰਿੰਦ, ਬਾਰਾਂਮਾਹ

7. ਮੁਹੰਮਦ ਅਫ਼ਜ਼ਲ ਪਾਣੀਪੱਤੀ,ਬਾਰਾਂਮਾਹ, ਇਹ ਬਾਰਾਂਮਾਹ ਸਭ ਤੋਂ ਪੁਰਾਣਾ ਹੈ।

ਬਾਰਾਂਮਾਹ ਸੂਚੀ( ਅੰਗ੍ਰੇਜ਼ੀ )

1. The Shepherds calender, Spenser, 1555–59.

ਬਾਰਾਂਮਾਹ ਸੂਚੀ(ਫ਼ਾਰਸੀ)

1.ਮਸਊਦ ਸਾਅਦ ਸਲੇਮਾਨ,ਬਾਰਾਂਮਾਹ ਆਕਾ ਰਸ਼ੀਦ ਯਾਸਮੀ,ਤਹਿਰਾਨ,
ਮਸਊਦ
(ਵੇਰਵਾ)/1047 ਤੋਂ 1122) ਇਹ ਗ਼ਜ਼ਨਵੀ ਦੇ ਪੋਤੇ ਲਾਹੌਰ
ਦੇ ਗਵਰਨਰ ਇਬਰਾਹੀਮ ਦਾ ਦਰਬਾਰੀ ਸੀ।
ਤੇ 1117-18 ਵਿਚ 'ਮਾਹਾਏ ਫਾਰਸੀ' ਦੇ ਸਿਰਲੇਖ ਹੇਠ
ਛਪਿਆ ਹੈ।

***********

*******

****

**

*

ਅਧਿਆਇ ਚੌਥਾ:

## ਬਾਰਾਂਮਾਹ ਪੰਜਾਬੀ ਕਿੱਸਾਕਾਵਿ ਦੇ ਅੰਤਰਗਤ

ਪੰਜਾਬੀ ਸਭਿਆਚਾਰ ਦੇ ਗਲਪ-ਪ੍ਰਬੰਧ ਵਿਚ ਬਾਰਾਂਮਾਹ ਦੇ ਵਿਸ਼ੇਸ਼ ਪਰਯੋਜਨ ਉਪਰ ਵਿਚਾਰ – ਪੰਜਾਬੀ ਕਿੱਸਿਆਂ ਵਿਚ ਪੰਜਾਬੀ ਸਭਿਆਚਾਰ ਦਾ ਚਿੱਤਰ, ਇਸ ਵਿਚਲੀ ਗਲਪਰਚਨਾਤਮਕਤਾ, ਇਨ੍ਹਾਂ ਦੇ ਅੰਤਰਗਤ ਬਾਰਾਂਮਾਹ ਦਾ ਰੋਲ।

*****

## ਅਧਿਆਇ ਚੌਥਾ

## ਪੰਜਾਬੀ ਬਾਰਾਂਮਾਹ - ਕਿੱਸਾਕਾਵਿ ਦੇ ਅੰਤਰਗਤ

ਬਾਰਾਂਮਾਹ ਮੱਧਕਾਲੀ ਪੰਜਾਬੀ ਸਾਹਿਤ ਦੀ ਸਮੁੱਚੀ ਮਰਯਾਦਾ ਵਿਚ ਇਕ ਵਿਆਪਕ ਜੁਗਤ ਵਾਂਗ ਸਮਾਇਆ ਹੋਇਆ ਹੈ। ਜਿੱਥੇ ਗੁਰਬਾਣੀ ਤੇ ਸੂਫ਼ੀ ਕਵਿਤਾ ਵਿਚ ਇਹ ਰਹੱਸਯ ਤੇ ਤਸੱਵਫ਼ ਦੇ ਵਿਸ਼ੇ ਸੰਗਠਨਾਂ ਨੂੰ ਉਘਾੜਨ ਲਈ ਵਰਤੋਂ ਵਿਚ ਆਇਆ ਹੈ ਉਥੇ ਕਿੱਸਾ-ਕਾਵਿ ਵਿਚ ਵੀ ਇਸਦੀ ਵਰਤੋਂ ਨੇ ਇਕ ਖ਼ਾਸ ਰੋਲ ਅਦਾ ਕੀਤਾ ਹੈ। ਪਰੰਤੂ ਬਾਰਾਂਮਾਹ ਦਾ ਇਹ ਰੋਲ ਕਿੱਸਾਕਾਵਿ ਵਿਚ ਅੰਸ਼ਕ ਰੋਲ ਹੈ। ਇਸ ਲਈ ਇਸਦੀ ਵਿਆਖਿਆ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਕਿੱਸਕਾਵਿ ਦੀ ਇਕ ਵਿਸਥਾਰ ਪੂਰਬਕ ਭੂਮਿਕਾ ਬਣਾ ਲਈ ਜਾਵੇ ਤੇ ਇਸ ਪਿੱਠਭੂਮੀ ਦੇ ਅੰਤਰਗਤ ਬਾਰਾਂਮਾਹ ਦੇ ਵਿਸ਼ੇਸ਼ ਰੋਲ ਨੂੰ ਨਿਸ਼ਚਿਤ ਕੀਤਾ ਜਾਵੇ।

ਪਿੱਛੇ ਇਸ ਸਿੱਟੇ ਤੇ ਪੁੱਜ ਚੁੱਕੇ ਹਾਂ ਕਿ ਪ੍ਰਾਕ੍ਰਿਤਕ ਸ਼ਕਤੀਆਂ ਦੇ ਭੈ ਤੋਂ ਸੁਚੇਤ ਹੋ ਕੇ ਹੀ ਮਨੁੱਖ ਨੇ ਉਸਦੀ ਜੈ-ਦੇਵਾ ਤੇ ਆਰਾਧਨਾ ਆਰੰਭੀ ਸੀ ਜਿਸਦਾ ਵਰਣਨ ਅਜਿਹੇ ਪਰਸੰਸਾਤਮਕ ਸਾਹਿਤ ਵਿਚ ਕੀਤਾ ਗਿਆ ਜਿਸ ਨੂੰ ਅਧਿਆਤਮਕ ਸਾਹਿਤ ਦਾ ਨਾਂ ਦਿੱਤਾ ਗਿਆ ਅਤੇ ਜਿਸ ਰਾਹੀਂ ਅਨੇਕਾਂ ਬ੍ਰਹਿਮ-ਰੂਪਾਂ ਦੀ ਸਿਰਜਨਾ ਕੀਤੀ ਗਈ। ਨਤੀਜਾ ਇਹ ਹੋਇਆ ਕਿ ਜਿਹੋ ਜਿਹਾ ਕਿਸੇ ਨੂੰ ਭਾਇਆ, ਆਪਣੀ ਕਲਪਨਾ ਦੁਆਰਾ ਓਹੋ ਜਿਹਾ ਉਸਨੇ ਆਪਣਾ ਬ੍ਰਹਿਮ ਰਚ ਧਰਿਆ ਅਤੇ ਉਸ ਕਾਲਪਨਿਕ ਬ੍ਰਹਿਮ ਦੀ ਵਡਿਆਈ ਦੇ ਸੋਹਿਲੇ ਗਾਉਣ ਨਾਲ ਕਿਉਂ ਜੋ ਭੈ ਭੀਤ ਹੋਏ ਮਨਾਂ ਨੂੰ ਰਾਹਤ ਮਿਲਦੀ ਸੀ, ਇਸ ਲਈ ਧਾਰਮਕ ਸਾਹਿਤ ਅਮੀਰ ਹੁੰਦਾ ਚਲਾ ਗਿਆ।

ਧਾਰਮਕ ਸਾਹਿਤ ਦੀ ਰੁਚੀ ਸਿੱਖਿਆ ਤੇ ਪਰਚਾਰ ਦੀ ਰੁਚੀ ਹੁੰਦੀ ਹੈ ਜੋ ਮਨੁੱਖ ਨੂੰ ਭਾਣਾ ਮੰਨਣਾ ਤੱਕ ਹੀ ਸੀਮਤ ਰਖਦੀ ਹੈ। ਪਰ ਅਸੀਂ ਵੇਖਦੇ ਹਾਂ ਕਿ ਇਸ ਤੋਂ ਉਪਰੰਤ ਮਨੁੱਖ ਦੇ ਅੰਦਰ ਅਨੇਕਾਂ ਹੋਰ ਵੀ ਰੁਚੀਆਂ ਹੁੰਦੀਆਂ ਹਨ ਜੋ ਵੇਗਾਂ ਜਾਂ ਜਜ਼ਬਾਤ ਨਾਲ ਸੰਬੰਧਤ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਵੇਗਮਈ ਰੁਚੀਆਂ ਕਹਿ ਸਕਦੇ ਹਾਂ। ਧਾਰਮਕ ਸਾਹਿਤ ਕਿਉਂ ਜੋ ਇਕ ਪਾਸੜਾ ਸਾਹਿਤ ਹੁੰਦਾ ਹੈ ਇਸ ਲਈ ਉਹ ਸਾਰੀਆਂ ਜਜ਼ਬਾਤੀ ਰੁਚੀਆਂ ਨੂੰ ਪ੍ਰਗਟਾਉਣ ਦਾ ਮਾਧਿਅਮ ਨਹੀਂ ਬਣਦਾ। ਇਸ ਲਈ ਇਕ ਅਜਿਹੇ ਸਾਹਿਤ ਦੀ ਲੋੜ ਅਨੁਭਵ ਕੀਤੀ ਗਈ ਜੋ ਸਾਰੀਆਂ ਦੱਬੀਆਂ ਘੁਟੀਆਂ ਰੁਚੀਆਂ ਨੂੰ ਧਾਰਮਕ ਬੰਦੀ ਤੋਂ ਮੁਕਤ ਕਰਨ ਵਿਚ ਸਹਾਇਕ ਹੋ ਸਕੇ ਅਤੇ ਮਨੁੱਖ ਉਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਅਜਿਹੇ ਢੰਗ ਨਾਲ ਪੇਸ਼ ਕਰੇ ਜਿਸ ਨਾਲ ਉਸਦੀ ਸਾਂਝ ਤੇ ਅਪਣੱਤ ਹੋਵੇ। ਇਸ ਤਰ੍ਹਾਂ ਜਿਸ ਮਾਨਵ-ਵੇਗਾਂ ਨੂੰ ਉਘਾੜਨ ਦੀ ਸਮਰੱਥਾ ਰੱਖਣ ਵਾਲੀ ਨਵੀਨ ਸਾਹਿਤਕ ਵੰਨਗੀ ਦਾ ਜਨਮ ਹੋਇਆ, ਉਸ ਨੂੰ ਲੋਕ-ਗੀਤ ਕਿਹਾ ਗਿਆ।

ਮਨੁੱਖੀ ਜਜ਼ਬਾਤ 'ਵਾਹ' ਅਤੇ 'ਆਹ' ਨੂੰ ਉਪਜਾਉਂਦੇ ਹਨ ਜੋ ਸੁੱਖ ਤੇ ਦੁੱਖ ਦੇ ਪਰਤੀਕ ਹਨ। ਦੁਖੀ ਜਜ਼ਬਾਤ ਨੂੰ ਸੁਖੀ ਜਜ਼ਬਾਤ ਵਿਚ ਬਦਲਣ ਲਈ ਮਨੁੱਖ ਜਨਮ ਤੋਂ ਮਰਨ ਤਕ ਕੋਸ਼ਿਸ਼ ਵਿਚ ਰੁੱਝਾ ਰਹਿੰਦਾ ਹੈ। ਇਸ ਤਰ੍ਹਾਂ ਪ੍ਰੋ: ਸੀਤਾ ਰਾਮ ਬਾਹਰੀ ਅਨੁਸਾਰ, "ਸੁਖੀ ਹਿਰਦੇ ਵਿਚੋਂ ਸੁਖ ਦੇ ਸਮੇਂ ਨਿਕਲੀ ਵਾਹ ਜਾਂ ਦੁਖ ਦੇ ਸਮੇਂ ਨਿਕਲੀ ਆਹ ਜਦੋਂ ਵਿਕਸਿਤ ਹੋ ਗਈ ਤਾਂ ਲੋਕ-ਗੀਤ ਦਾ ਜਨਮ ਹੋਇਆ।"[1]

ਪਰ ਲੋਕ-ਗੀਤਾਂ ਵਿਚ ਵੀ ਨਾ ਤਾਂ ਕਾਲਪਨਿਕ ਕਥਾ ਹੀ ਲਿਆਂਦੀ ਗਈ ਹੈ ਅਤੇ ਨਾ ਹੀ ਯਥਾਰਥਕ ਕਥਾ ਰੂਪਾਂ ਨੂੰ ਪ੍ਰਗਟਾਉਣ ਲਈ ਕਾਵਿ-ਧਾਰਾ ਵਿਚ

---

1. ਬਾਹਰੀ, ਸੀਤਾ ਰਾਮ, '<u>ਸਾਹਿਤ ਮੰਥਨ</u>, ਪੰਨਾ 107.

LIBRARY PANJAB UNIVERSITY
332867

ਕਥਾ-ਕਾਵਿ ਦੀ ਲੋੜ ਨੂੰ ਅਨੁਭਵ ਕੀਤਾ ਗਿਆ ਹੈ ਜੋ ਮਨੁੱਖੀ ਘਟਨਾਵਾਂ ਦੇ ਵਾਪਰਨ ਅਤੇ ਮਨੁੱਖ ਦੇ ਉਨ੍ਹਾਂ ਨਾਲ ਜੂਝਣ ਦੀ ਰੰਗ-ਭੂਮੀ ਹੋ ਨਿਬੜਿਆ ਜਿਸ ਪਰ ਮਨੁੱਖੀ ਵਜੂਦ ਦੀ ਹਮ-ਉਮਰ ਸੂਕਦੀ ਨਦੀ ਦੋ ਧਾਰਾਂ ਵਿਚ ਬਟ ਗਈ - ਇਕ ਵਿਚ ਬੀਰਤਾ, ਅਣਖ ਤੇ ਵਤਨਪ੍ਰਸਤੀ ਦੇ ਤੂਫ਼ਾਨ ਆਉਣ ਕਰਕੇ ਬੀਰ-ਗਾਥਾ ਬਣ ਗਈ - ਅਤੇ ਦੂਜੀ ਪ੍ਰੀਤ ਵਿੰਨ੍ਹੇ ਹਿਰਦਿਆਂ ਦੀ ਚੀਸਾਂ ਤੇ ਫਰਿਆਦਾਂ ਭਰਪੂਰ ਦਾਸਤਾਂ ਬਣਕੇ ਰੂਪਮਾਨ ਹੋਈ। ਬਸ ਇਹੋ ਚੀਸਾਂ ਤੇ ਫ਼ਰਿਆਦਾਂ ਭਰੀ ਦਾਸਤਾਨ ਜਦੋਂ ਈਰਾਨੀ ਪਰਭਾਵ ਵਿਚ ਆਈ ਤਾਂ ਕਿੱਸਾ-ਕਾਵਿ ਰੂਪ ਵਿਚ ਸਥਪਤ ਹੋ ਗਈ। ਅਸੀਂ ਇਸ ਗੱਲ ਦੀ ਪੁਸ਼ਟੀ ਡ.ਸੀਤਲ ਦੇ ਸ਼ਬਦਾਂ ਵਿਚ ਵੀ ਕਰ ਸਕਦੇ ਹਾਂ:

"ਕਿੱਸਾਕਾਰੀ ਦੋ ਮੁਖੀਆ ਦੀਵਾ ਹੈ। ਇਸਦੀ ਇਕ ਬੱਤੀ ਮਨੁੱਖ ਦੀ ਬਹਾਦਰੀ, ਅਣਖ, ਗ਼ੈਰਤ, ਵਫ਼ਾ ਤੇ ਦੇਸ਼-ਭਗਤੀ ਦੀ ਲੰਮੀ ਕਹਾਣੀ ਹਰ ਰਾਤ ਨੂੰ ਅੱਗ ਦੇ ਚਿਟਕਾਰੇ ਲੈ ਲੈ ਕੇ ਸੁਣਾਉਂਦੀ ਹੈ ਤੇ ਦੂਜੀ ਕਿਸੇ ਇਸ਼ਰਤ ਦੀ ਮਹਿਫ਼ਲ ਵਿਚ ਮਨੁੱਖੀ ਪ੍ਰੀਤ, ਬ੍ਰਿਹਾ ਤੇ ਮਿਲਣੀ ਦਾ ਕਿੱਸਾ ਸੁਣਾ ਸੁਣਾ ਕੇ ਹੰਝੂ ਕੇਰਦੀ ਹੈ।"[2]

ਇਸ ਤਰ੍ਹਾਂ ਕਿੱਸੇ ਨੂੰ ਅਸੀਂ ਇਕ ਪ੍ਰਕਾਰ ਦਾ ਲੋਕਯਾਨ ਕਹਿ ਸਕਦੇ ਹਾਂ, ਕਿਉਂਕਿ "ਪ੍ਰੰਪਰਾਗਤ ਰੂਪ ਵਿਚ ਪ੍ਰਾਪਤ ਲੋਕ-ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰ ਦੇ ਅਵਸ਼ੇਸ਼ ਨਾਲ ਭਰਪੂਰ ਲੋਕ-ਸਮੂਹ ਦਾ ਗਿਆਨ ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ-ਸਮੂਹ ਪਰਵਾਨਗੀ ਦੇ ਕੇ ਪੀੜ੍ਹੀਉਂ ਪੀੜ੍ਹੀ ਅਗੇ ਤੋਰੇ, ਲੋਕਯਾਨ ਹੁੰਦਾ ਹੈ। ਇਸ ਵਿਚ ਸਾਹਿਤ ਕਲਾ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ਼, ਕਿੱਤੇ ਮਨੋਰੰਜਨ, ਆਦਿਕ ਲੋਕ-ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਤ ਸਾਮਗ੍ਰੀ ਸ਼ਾਮਿਲ ਹੋ ਸਕਦੀ ਹੈ।"[3]

ਇਹ ਸਭ ਕੁਝ ਕਿਸੇ ਨਾ ਕਿਸੇ ਰੂਪ ਵਿਚ ਕਿੱਸੇ ਵਿਚ ਸੰਮਿਲਤ ਹੁੰਦਾ

---

2. ਜੀਤ ਸਿੰਘ ਸੀਤਲ, (ਡਾ.) ਪੰਜਾਬੀ ਦੁਨੀਆਂ, (ਵਾਰਸ ਅੰਕ) ਜਨਵਰੀ-ਫਰਵਰੀ, 1964 (ਪੰਨਾ ਅ.ੲ.)
3. ਕਰਨੈਲ ਸਿੰਘ ਥਿੰਦ, (ਡਾ.), ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 2.

ਹੈ ਜੋ ਵਿਸ਼ੇ ਤੇ ਰੂਪ, ਦੋਹਾਂ ਪੱਖਾਂ ਤੋਂ ਅਜਿਹੀ ਵੰਨੀ ਸੁਵੰਨੀ ਸਾਮਗਰੀ ਰਖਦਾ ਹੈ ਜੋ ਲੋਕਾਂ ਦੀਆਂ ਆਸ਼ਾਂ, ਉਮੀਦਾਂ ਅਤੇ ਆਤਮਾਵਾਂ ਨਾਲ ਸੰਬੰਧਤ ਹੁੰਦੀ ਹੈ। ਇਸ ਤਰ੍ਹਾਂ ਇਹ ਆਦਿ ਕਾਲੀਨ ਮਾਨਵ ਦੀਆਂ ਆਦਿਮ ਪ੍ਰਵਿਰਤੀਆਂ ਦਾ ਕੋਸ਼ ਹੁੰਦਾ ਹੈ।"[4]

ਡਾ. ਸੀਤਲ ਅਨੁਸਾਰ ਤਾਂ ਕਿੱਸਾਕਾਰੀ ਮਨੁੱਖ ਦੇ ਧਰਤ ਉਪਰ ਪੈਰ ਪਾਉਣ ਦੇ ਨਾਲ ਹੀ ਆਰੰਭ ਹੋ ਚੁੱਕੀ ਸੀ ਅਤੇ ਹਰ ਸਾਹਿਤ ਮਨੁੱਖ ਦੇ ਕਿਸੇ ਨਾ ਕਿਸੇ ਕਿੱਸੇ ਤੋਂ ਹੀ ਆਰੰਭ ਹੁੰਦਾ ਹੈ ਅਤੇ ਇਸਤਰ੍ਹਾਂ ਅਠਵੀਂ ਨਾਵੀਂ ਸਦੀ ਦੀਆਂ ਧੁਨੀਆਂ ਦੀਆਂ ਵਾਰਾਂ ਵੀ ਇਕ ਪ੍ਰਕਾਰ ਦੇ ਕਿੱਸਾ ਸਾਹਿਤ ਦੇ ਘੇਰੇ ਵਿਚ ਹੀ ਆ ਜਾਂਦੀਆਂ ਹਨ ਕਿਉਂਕਿ ਇਨ੍ਹਾਂ ਦੇ ਵਿਸ਼ੇ ਵੀ ਕਿੱਸਾਕਾਰੀ ਦੇ ਮੂਲ ਵਿਸ਼ਿਆਂ ਅਰਥਾਤ ਜ਼ਰ, ਜ਼ੋਰੂ, ਜ਼ਮੀਨ ਉਪਰ ਹੀ ਆਧਾਰਤ ਹਨ। ਪਰ ਪੰਜਾਬੀ ਕਿੱਸਾਕਾਰੀ ਦਾ ਇਕ ਵਿਸ਼ੇਸ਼ ਤੱਤ ਵਿਛੋੜਾ ਤੇ ਵਸਲ ਵੀ ਹੈ। ਜੇ ਇਸ ਨੂੰ ਕਿੱਸਾਕਾਰੀ ਦਾ ਮੂਲ ਲੱਛਣ ਮੰਨ ਲਈਏ ਤਾਂ ਬਾਬਾ ਫ਼ਰੀਦ ਦੇ ਸ਼ਲੋਕ ਵੀ ਪੰਜਾਬੀ ਕਿੱਸਾਕਾਰੀ ਦੇ ਘੇਰੇ ਵਿਚ ਹੀ ਆ ਜਾਣਗੇ ਕਿਉਂਕਿ ਇਨ੍ਹਾਂ ਵਿਚ ਵੀ "ਵਿਛੜੀ ਹੋਈ ਆਤਮਾ ਦੀ ਬ੍ਰਿਹਾ ਤੇ ਮਿਲਣੀ ਦੀ ਹੀ ਕਹਾਣੀ ਹੈ।"[5]

ਜੇ ਵੇਖਿਆ ਜਾਵੇ ਤਾਂ ਪੁਰਾਤਨ ਕਲਾਸਕੀ ਸਾਹਿਤ ਵਿਚ ਵੀ ਅਜਿਹੀ ਹੀ ਝਲਕ ਪਰਤੱਖ ਨਜ਼ਰੀਂ ਪੈਂਦੀ ਹੈ ਜੋ ਅਰਬੀ, ਫ਼ਾਰਸੀ ਤੇ ਸੰਸਕ੍ਰਿਤ ਦੇ ਕਿੱਸਿਆਂ ਤੇ ਮਹਾਂਕਾਵਾਂ ਦਾ ਹੀ ਸਿੱਟਾ ਹੈ। ਜਿਨ੍ਹਾਂ ਸਾਹਿਤਕ ਗ੍ਰੰਥਾਂ ਦਾ ਪਰਭਾਵ ਪੰਜਾਬੀ ਕਿੱਸਾ-ਕਾਵਿ ਉਪਰ ਅਮਿੱਟ ਹੈ ਉਨ੍ਹਾਂ ਵਿਚੋਂ ਪਰਸਿੱਧ ਨਿਮਨ ਲਿਖਤ ਹਨ:

---

4. ਸ਼੍ਰਿਆਮ ਪਰਮਾਰ, (ਡਾ.). ਭਾਰਤੀਯ ਲੋਕ ਸਾਹਿਤ, ਪੰਨਾ22.

5. ਜੀਤ ਸਿੰਘ ਸੀਤਲ, (ਡੀ.), ਪੰਜਾਬੀ ਕਿੱਸਾਕਾਰੀ, ਪੰਜਾਬੀ ਦੁਨੀਆਂ, ਜਨਵਰੀ-ਫ਼ਰਵਰੀ, ਪੰ. ਅ.

1. ਅਲਫ਼ ਲੈਲਾ ਜਿਸ ਵਿਚ ਕਈ ਪ੍ਰਕਾਰ ਦੇ ਕਿੱਸੇ ਹਨ।
2. ਹਸਨ ਬਸਰੀ।
3. ਸੈਫੁਲ ਮਲੂਕ
4. ਕਮਰੁਲ ਜ਼ਮਾਂ ਤੇ ਸ਼ਹਿਜ਼ਾਦਾ ਬਦਰ
5. ਅਗੂਸੀਰ
6. ਹੱਯਾਤੁਲਨਫੂਸ
7. ਸ਼ਾਹਨਾਮਾ ਫ਼ਿਰਦੋਸੀ ਤੇ ਯੂਸਫ਼ ਜ਼ੁਲੈਖਾ ਰਚਿਤ ਫ਼ਿਰਦੋਸੀ
8. ਗੁਸ਼ਤਾਸਪਨਾਮਾ ਰਚਿਤ ਅਸਦੀ
9. ਖ਼ੁਮਸਾ ਰਚਿਤ ਨਜ਼ਾਮੀ ਗੰਜਵੀ ,ਇਸ ਵਿਚ ਖ਼ੁਸਰੋ-ਸ਼ੀਰੀ,ਲੈਲਾ-ਮਜਨੂੰ, ਅਤੇ ਸਕੰਦਰਨਾਮਾ ਕਿੱਸੇ ਸ਼ਾਮਲ ਹਨ।
10. ਮਸਨਵੀ ਉਲਮਾਅਨਵੀ ਰਚਿਤ ਮੌਲਾਨਾ ਰੂਮ
11. ਬੋਸਤਾਨ ਤੇ ਦਾਸਤਾਨ ਰਚਿਤ ਸ਼ੇਖ ਸਾਅਦੀ
12. ਉਸ਼ਾਕਨਾਮਾ ਰਚਿਤ ਅਮੀਰ ਖ਼ੁਸਰੋ
13. ਯੂਸਫ਼ਨਾਮਾ ਤੇ ਲੈਲਾ-ਮਜਨੂੰ ਰਚਿਤ ਜਾਮੀ
14. ਜੰਗਨਾਮਾ ਰਚਿਤ ਮੁਹੰਮਦ ਕਾਰੀ
15. ਭਾਈ ਗੁਰਦਾਸ ਦੀ ਵਾਰ ਨੰ.27 ,ਪਉੜੀ ਪਹਿਲੀ.
16. ਤ੍ਰਿਆਚਰਿਤ੍ਰ ਰਚਿਤ ਸ੍ਰੀ ਗੁਰੂ ਗੋਬਿੰਦ ਸਿੰਘ
17. ਸੈਫੁਲਮਲੂਕ ਰਚਿਤ ਮੁਹੰਮਦ ਬਖਸ਼

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਇਤਿਹਾਸਕ ਅਤੇ ਮਿਥਿਹਾਸਕ ਗ੍ਰੰਥ ਹਨ ਜੋ ਅਣਗਿਣਤ ਕਥਾਵਾਂ ਵਲ ਇਸ਼ਾਰਾ ਕਰਦੇ ਹਨ। ਭਾਰਤੀ ਸਾਹਿਤ

ਵਿਚ ਜਿਨ੍ਹਾਂ ਕਥਾਵਾਂ ਨੇ ਕਿੱਸਾ-ਕਾਵਿ ਦਾ ਰੂਪ ਧਾਰਨ ਕੀਤਾ,ਉਨ੍ਹਾਂ ਵਿਚ ਕੁਝ ਕੁ ਇਸ ਪ੍ਰਕਾਰ ਹਨ:

1. ਮਾਧਵਾ ਨਾਲ, 2. ਹਰੀਚੰਦ, 3. ਮੈਨਾਵੰਤੀ, 4. ਕਾਮਕੰਦਲਾ, 5. ਗੋਪੀਚੰਦ, 6. ਨਲ ਦਮਯੰਤੀ, 7. ਪੂਰਨ , 8. ਰਸਾਲੂ, 9. ਰੂਪ ਬਸੰਤ, 10. ਲਵਕੁਸ਼, 11. ਬੀਜਾ-ਚੌਲਾ, 12. ਹੀਰ ਰਾਂਝਾ, 13. ਮਿਰਜ਼ਾ ਸਾਹਿਬਾਂ, 14. ਸਸੀ ਪੁੰਨੂੰ, 15. ਸੋਹਣੀ ਮਹੀਂਵਾਲ, 16. ਢੋਲ ਸੰਮੀ, 17. ਰੋਡਾ ਜਲਾਲੀ ਤੇ 18.ਲੈਲਾ ਮਜਨੂੰ ਆਦਿਕ। ਏਸੇ ਤਰਾਂ ਹੋਰ ਵੀ ਬਹੁਤ ਸਾਰੀਆਂ ਪ੍ਰੀਤ-ਕਥਾਵਾਂ ਹਨ ਜੋ ਇਸ ਲੜੀ ਵਿਚ ਗਿਣੀਆਂ ਜਾ ਸਕਦੀਆਂ ਹਨ। ਉਪਰੋਕਤ ਕਥਾਵਾਂ ਵਿਚ ਜੇ ਗਹੁ ਨਾਲ ਵੇਖੀਏ ਤਾਂ ਮੂਲ ਤੇ ਲੁਕਵਾਂ ਵਿਸ਼ਾ - ਇਸਤ੍ਰੀ-ਮਰਦ ਪ੍ਰੀਤ ਹੀ ਹੈ। ਇਸ ਤਰ੍ਹਾਂ ਇਹ ਸਭ ਪ੍ਰੀਤ ਕਥਾਵਾਂ ਹੀ ਸਨ ਜਿਨ੍ਹਾਂ ਨੂੰ ਲੋਕ ਕਵੀਆਂ ਨੇ ਕਵਿਤਾਇਆ ਅਤੇ ਜੋ ਪੁਸ਼ਤ ਦਰ ਪੁਸ਼ਤ ਜ਼ੁਬਾਨੀ ਹੀ ਪੇਸ਼ਾਵਰ ਭੱਟਾਂ, ਮੀਰਾਸੀਆਂ ਤੇ ਗੁਮੰਤਰੀਆਂ ਰਾਹੀਂ ਅਗਿਉਂ ਔਰੇ ਚਲਦੀਆਂ ਆਈਆਂ ਤੇ ਪਿੱਛੋਂ ਜਾ ਕੇ ਕਾਨੀਬੱਧ ਹੋ ਗਈਆਂ।

ਪੰਜਾਬਉੱਤੇ ਸਮੇਂ ਸਮੇਂ ਸਿਰ ਹੋਏ ਬਦੇਸ਼ੀ ਹਮਲਿਆਂ ਨੇ ਪੰਜਾਬ ਦੀ ਸਭਿਅਕ ਤੇ ਸੰਸਕ੍ਰਿਤਕ ਸਥਿਤੀ ਨੂੰ ਪਰਭਾਵਤ ਕੀਤਾ, ਜਿਸਦਾ ਸਿੱਟਾ ਇਹ ਹੋਇਆ ਕਿ ਪੰਜਾਬੀ ਲੋਕ-ਕਥਾਵਾਂ ਵਿਚ ਬਾਹਰਲੀਆਂ ਲੋਕ- ਕਥਾਵਾਂ ਵੀ ਰਲਦੀਆਂ ਗਈਆਂ ਅਤੇ ਪੰਜਾਬੀ ਸਭਿਅਤਾ,ਬੈਰੂਨੀ ਸਭਿਅਤਾ ਦਾ ਪਰਭਾਵ ਕਬੂਲਦੀ ਰਹੀ। ਇਸ ਵਿਚੋਂ ਸਭ ਤੋਂ ਵੱਧ ਪਰਭਾਵ ਇਸਲਾਮੀ ਸਭਿਅਤਾ ਦਾ ਪਿਆ ਅਤੇ ਨਿਰੋਲ ਪੰਜਾਬੀ ਪ੍ਰੀਤ ਕਥਾਵਾਂ ਬਦੇਸ਼ੀ ਪ੍ਰੀਤ-ਕਥਾਵਾਂ ਨਾਲ ਮਖ਼ਲੂਤ ਹੋ ਗਈਆਂ। ਸੋਲ੍ਹਵੀਂ ਸਦੀ ਵਿਚ ਭਾਈ ਗੁਰਦਾਸ ਨੇ ਕਈ ਰੋਮਾਂਸ ਤੇ ਪਿਆਰ ਭਰਪੂਰ ਲੋਕ ਕਥਾਵਾਂ ਦਾ ਜ਼ਿਕਰ ਕੀਤਾ ਹੈ ਜੋ ਉਨ੍ਹਾਂ ਤੋਂ ਹਰ ਹਾਲਤ ਵਿਚ ਪਹਿਲਾਂ ਹੋਈਆਂ ਹਨ:

ਲੈਲਾ ਮਜਨੂੰ ~~ਗਾਵੀਐ ਜਸ ਸੁਘੜਾ~~ ਆਸ਼ਕੀ ਚਹੁੰ ਚੱਕੀ ਜਾਤੀ।

ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ।

ਸੱਸੀ ਪੁੰਨੂੰ ਦੋਸਤੀ ਹੋਇ ਜਾਤ ਅਜਾਤੀ।

ਮਹੀਂਵਾਲ ਨੋ ਸੋਹਣੀ, ਨੈ ਤਰਦੀ ਰਾਤੀ।

ਰਾਂਝਾ ਹੀਰ ਵਖਾਣੀਐ, ਓਹ ਪਿਰਮ ਪਰਾਤੀ।

ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ।[6]

ਇਸ ਆਧਾਰ ਤੇ ਅਸੀਂ ਨਿਰੋਲ ਪੰਜਾਬੀ ਕਿੱਸਾਕਾਰੀ ਚੌਧਵੀਂ-ਪੰਦਰ੍ਹਵੀਂ ਸਦੀ ਵਿਚ ਸਥਾਪਤ ਹੋਈ ਮੰਨ ਸਕਦੇ ਹਾਂ। ਕਿਉਂਕਿ ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸਾਹਿਬ ਵੇਲੇ ਇਹ ਪ੍ਰੀਤ ਕਹਾਣੀਆਂ ਲੋਕਾਂ ਵਿਚ ਆਮ ਪ੍ਰਚਲਤ ਸਨ। ਜਦੋਂ ਤਕ ਇਹ ਵਾਰਤਾਵਾਂ ਲੋਕ-ਜੀਵਨ ਦੇ ਸ਼ੁਗਲ ਦੀ ਸ਼ੈ ਰਹੀਆਂ ਓਦੋਂ ਤੀਕ ਤਾਂ ਪੀੜ੍ਹੀਓ ਪੀੜ੍ਹੀ ਜ਼ੁਬਾਨੀ ਕਲਾਮੀ ਚਲਦੀਆਂ ਆਈਆਂ। ਪਰ ਜਦੋਂ ਇਨ੍ਹਾਂ ਨੂੰ ਜਗੀਰਦਾਰੀ ਨਿਜ਼ਾਮ ਨੇ ਆਪਣੀ ਇਸ਼ਰਤਗਾਹ ਦੀ ਮਲਕੀਅਤ ਬਣਾਇਆ ਤਾਂ ਇਹ ਲਿਖਤੀ ਰੂਪ ਧਾਰਨ ਕਰ ਗਈਆਂ ਅਤੇ ਲੋਕਗਾਇਕ, ਭੱਟ ਮਰਾਸੀ ਤੇ ਕਿੱਸਾਕਾਰ ਇਨ੍ਹਾਂ ਜਾਗੀਰਦਾਰਾਂ ਦਾ ਮੰਨ-ਪਰਚਾਵਾ ਕਰਕੇ ਆਪਣੀਆਂ ਲਿਖਤਾਂ ਦਾ ਮੁੱਲ ਪਵਾਉਣ ਲੱਗ ਪਏ। ਤਾਂਹੀਓਂ, ਅਸੀਂ ਵੇਖਦੇ ਹਾਂ ਕਿ ਲਗਭਗ ਹਰ ਇਕ ਕਿੱਸਾਕਾਰ ਆਪਣੀ ਰਚਨਾ ਸੁਣਾ ਕੇ ਉਨ੍ਹਾਂ ਪਾਸੋਂ ਜ਼ਮੀਨ ਜਾਂ ਹੋਰ ਕਾਫ਼ੀ ਇਨਾਮ ਪ੍ਰਾਪਤ ਕਰ ਲੈਂਦਾ ਸੀ।[7]

ਕਿਉਂ ਜੋ ਕਿੱਸਾਕਾਰਾਂ ਦੀਆਂ ਰਚਨਾਵਾਂ ਦਾ ਮੁੱਲ ਪੈਣਾ ਆਰੰਭ ਹੋ ਗਿਆ ਸੀ, ਇਸ ਲਈ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦੀ ਸੰਭਾਲ ਕਰਨ ਅਤੇ

---

6. ਗੁਰਦਾਸ (ਭਾਈ), ਵਾਰ 27 ਪਉੜੀ, ਪਹਿਲੀ।

7. "ਪੂਰਨ ਭਗਤ ਦੀ ਗੱਲ ਸੁਣਾਇਕੇ ਜੀ ਇਕ ਖੂਹ ਇਨਾਮ ਲਿਖਵਾਇਆ ਮੈਂ" ਕਾਦਰਯਾਰ, ਕਿੱਸਾ ਪੂਰਨ ਭਗਤ, ਮੁਫ਼ੀਦ ਆਮ ਪ੍ਰੈਸ, ਲਾਹੌਰ, 1933.

ਉਨ੍ਹਾਂ ਰਚਨਾਵਾਂ ਨੂੰ ਆਪਣੀ [illegible] ਕਾਪੀਰਾਈਟ ਦਰਸਾਉਣ ਲਈ ਉਨ੍ਹਾਂ ਨੂੰ ਕਾਨੀਬੱਧ ਕਰਨਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲਾਂ ਜੋ ਕਿੱਸਾ ਕਾਨੀਬੱਧ ਰੂਪ ਵਿਚ ਮਿਲਿਆ, ਉਹ 'ਹੀਰ' ਰਚਿਤ ਦਮੋਦਰ ਹੈ। ਕਿੱਸੇ ਵਿਚਲੀ ਗਵਾਹੀ ਤੋਂ ਤਾਂ ਸਿੱਧ ਹੁੰਦਾ ਹੈ ਕਿ ਇਹ ਕਿੱਸਾ ਸੰਮਤ 1529 ਬਿਕਰਮੀ ਦੇ ਨੇੜੇ ਤੇੜੇ ਲਿਖਿਆ ਗਿਆ ਅਤੇ ਉਸ ਵੇਲੇ ਅਕਬਰ ਦਾ ਰਾਜ ਸੀ:

"ਬਾਦਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਈ।"

ਪਰ ਇਤਿਹਾਸਕ ਤੌਰ ਤੇ ਇਹ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਸੰਮਤ 1529 ਬਿਕਰਮੀ ਅਕਬਰ ਦੇ ਸਮੇਂ ਦਾ ਸਾਲ ਨਹੀਂ ਹੈ ਸਗੋਂ ਅਕਬਰ ਦਾ ਰਾਜ ਸੰਮਤ 1629 ਬਿਕਰਮੀ ਵਿਚ ਸੀ। ਇਸ ਤਰ੍ਹਾਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਦਮੋਦਰ ਨੇ ਇਹ ਕਿੱਸਾ ਤਾਂ ਸੰਮਤ 1629 ਬਿਕਰਮੀ ਵਿਚ ਹੀ ਲਿਖਿਆ ਹੋਣਾ ਹੈ ਜੋ ਜਾਂ ਤਾਂ ਉਸਨੂੰ ਸੰਮਤ ਲਿਖਣ ਵੇਲੇ ਭੁਲੇਖਾ ਲਗ ਗਿਆ ਅਤੇ ਜਾਂ ਫੇਰ ਪਿੱਛੋਂ ਉਤਾਰਾ ਕਰਨ ਲਗਿਆਂ 1629 ਦੀ ਥਾਂ 1529 ਲਿਖਿਆ ਗਿਆ। ਇਸ ਤੋਂ ਉਪਰੰਤ ਇਕ ਗੱਲ ਹੋਰ ਵੀ ਹੋ ਸਕਦੀ ਹੈ ਕਿ ਹੋ ਸਕਦਾ ਹੈ ਹੀਰ-ਰਾਂਝੇ ਦਾ ਕੌਤਕ ਪੰਦਰ੍ਹਵੀਂ ਸਦੀ ਵਿਚ ਹੋਇਆ ਹੋਵੇ ਅਤੇ ਉਸ ਨੂੰ ਲਿਖਤੀ ਰੂਪ ਦਮੋਦਰ ਨੇ 1629 ਵਿਚ ਦਿੱਤਾ ਹੋਵੇ। ਜੋ ਕੁਝ ਵੀ ਹੋਵੇ, ਇਕ ਗੱਲ ਜ਼ਰੂਰ ਨਿੱਤਰ ਕੇ ਅੱਗੇ ਆਉਂਦੀ ਹੈ ਕਿ ਪੰਜਾਬੀ ਕਿੱਸਾਕਾਰੀ ਪੰਦਰ੍ਹਵੀਂ ਸਦੀ ਵਿਚ ਜ਼ਰੂਰ ਪਰਚਲਤ ਹੋ ਚੁੱਕੀ ਸੀ ਅਤੇ ਇਸ ਤੋਂ ਪਿੱਛੋਂ ਧੜਾ ਧੜ ਕਿੱਸੇ ਲਿਖਣੇ ਆਰੰਭ ਹੋ ਗਏ ਸਨ।

ਪੰਜਾਬੀ ਕਿੱਸਾਕਾਰੀ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਗਲਪ ਰਚਨਾ ਵਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਲੋਕ-ਜੀਵਨ ਦੇ ਸੁਗਲ ਦੇ ਪੜਾ ਤੋਂ ਲੈ ਕੇ ਇਸ ਨੂੰ ਜਾਗੀਰਦਾਰੀ ਦੇ ਆਪਣੇ ਅਧਿਕਾਰ ਵਿਚ

ਲੈਣ ਤੱਕ ਦੀ ਪਰੰਪਰਾ ਤੱਕ ਅਸੀਂ ਵੇਖਦੇ ਹਾਂ ਕਿ ਹਰ ਕਿੱਸੇ ਦੀ ਕਥਾ ਨੂੰ ਵੱਧ ਤੋਂ ਵੱਧ ਰੋਮਾਂਸਵਾਦੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰੀਤ-ਕਥਾਵਾਂ ਨੂੰ ਇੰਨੇ ਰੋਚਕਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਇਨ੍ਹਾਂ ਵਿਚ ਗਲਪ ਰਚਨਾਤਮਕਤਾ ਇਕ ਵਿਸ਼ੇਸ਼ ਸਥਾਨ ਪ੍ਰਾਪਤ ਕਰ ਗਈ ਹੈ ਅਤੇ ਕਥਾਨਕ ਅਗਿਉਂ ਔਗੇ ਕਿਤੇ ਦਾ ਕਿਤੇ ਅਪੜ ਜਾਂਦਾ ਹੈ।

ਭਾਵੇਂ ਕਥਾਨਕ ਕਿੱਸੇ ਦਾ ਮਹੱਤਵਪੂਰਨ ਅੰਗ ਮੰਨਿਆ ਗਿਆ ਹੈ ਪਰ ਅਨੇਕਾਂ ਅਜਿਹੇ ਕਿੱਸੇ ਵੀ ਹਨ ਜਿਨ੍ਹਾਂ ਵਿਚ ਇਹ ਤੱਤ ਗ਼ੈਰਹਾਜ਼ਰ ਲਗਦਾ ਹੈ ਤੇ ਕੇਵਲ ਆਸ਼ਕਾਂ, ਮਾਸ਼ੂਕਾਂ, ਜੋਧਿਆਂ ਤੇ ਸੂਰਮਿਆਂ ਦੀਆਂ ਘਟਨਾਵਾਂ ਦਾ ਹੀ ਵਰਨਣ ਲਗਦਾ ਹੈ ਅਤੇ ਜੋ ਕੇਵਲ ਇਕ ਅਜਿਹੇ ਬੇਸਿਰ ਪੈਰੇ ਇਤਿਹਾਸ ਦਾ ਹੀ ਝਲਕਾਰਾ ਪਾਉਂਦੇ ਹਨ ਜਿਸਦਾ ਬਿਆਨੀਆਂ ਢੰਗ ਰੋਚਕਮਈ ਹੁੰਦਾ ਹੈ। ਜੇ ਧਿਆਨ ਨਾਲ ਵੇਖੀਏ, ਘਟਨਾਵਾਂ ਦੇ ਇਸ ਰੋਚਕਮਈ ਢੰਗ ਵਿਚ ਵੀ ਕਥਾਨਕ ਅੰਸ਼ ਪਰੋਖ ਰੂਪ ਵਿਚ ਮੌਜੂਦ ਹੁੰਦੇ ਹਨ ਜੋ ਇਸਦੇ ਰੂਪ ਨੂੰ ਬ੍ਰਿਤਾਂਤਕ ਬਣਾਉਂਦੇ ਹਨ।

ਪੰਜਾਬੀ ਕਿੱਸਾ-ਕਾਵਿ ਦੀ ਸੈਰ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਸਮੇਂ ਸਿਰ ਵਿਚਰ ਰਹੇ ਸਮਾਜ ਤੇ ਸਭਿਆਚਾਰ ਦੇ ਲੋਕ-ਵੇਦ ਹਨ ਜੋ ਅਜਿਹੀ ਅਰਥਾਰਥ ਭਰਪੂਰ ਲੋਕ-ਵਾਣੀ ਬੋਲਦੇ ਹਨ ਜਿਸ ਵਿਚ ਰੋਚਕਤਾ, ਸੋਚ ਟੁੰਬਣ ਅਤੇ ਗਿਆਨ ਚਾਨਣ ਮੂੰਹ ਮੂੰਹ ਤੱਕ ਭਰਿਆ ਪਿਆ ਹੈ ਅਤੇ ਜਿਸਦੀ ਵਲਗਣ ਵਿਚ ਪਿਆਰ ਤੋਂ ਲੈ ਕੇ ਭਗਤੀ -ਭਾਵ ਮਾਰਧਾੜ, ਰਾਜਨੀਤੀ ਤੇ ਉਪਦੇਸ਼ਆਤਮਕਤਾ ਆਦਿਕ ਸਾਰੇ ਵਿਸ਼ੇ ਆ ਜਾਂਦੇ ਹਨ। ਇਸ ਤਰ੍ਹਾਂ "ਕਿੱਸਿਆਂ ਵਿਚ ਨਾਂ ਕੇਵਲ ਬਹੁਤੇ ਦੇਸ਼ਾਂ ਦੇ ਅਖਿਆਨਾਂ ਦਾ ਵਰਨਣ ਹੀ ਮਿਲਦਾ ਹੈ, ਸਗੋਂ ਭਿੰਨ ਭਿੰਨ ਪਰੰਪਰਾਵਾਂ, ਪੇਸ਼ਿਆਂ ਦ੍ਰਿਸ਼ਟੀਕੋਣਾਂ ਅਤੇ ਵਾਤਾਵਰਨਾਂ ਨਾਲ ਵੀ ਜਾਣ ਪਛਾਣ ਹੁੰਦੀ ਹੈ। ਅਸਲ ਵਿਚ ਕਿੱਸੇ ਆਪਣੇ ਵਿਚ ਵਿਸ਼ਾਲ ਖੇਤ੍ਰ ਦੀ ਸਭਿਅਤਾ ਤੇ ਸੰਸਕ੍ਰਿਤੀ ਨੂੰ

ਸਮੋਏ ਹੋਏ ਹਨ।"[8] ਅਤੇ ਇਨ੍ਹਾਂ ਵਿਚ ਲੋਕ-ਜੀਵਨ ਦੀ ਸਮਾਜਕ ਇਕਸਥਾ ਵਿਵਸਥਾ ਦੀ ਸੁੰਦਰ ਤਸਵੀਰ ਖਿੱਚੀ ਗਈ ਹੈ। ਕਿੱਸਾਕਾਰੀ ਦੇ ਸਰੋਤ ਕਿਉਂਕਿ ਭਿੰਨ ਭਿੰਨ ਤੇ ਪ੍ਰਸਪਰ ਵਿਰੋਧੀ ਸਭਿਆਚਾਰਾਂ ਅਤੇ ਉਨ੍ਹਾਂ ਸਭਿਆਚਾਰਾਂ ਦੇ ਟਕਰਾ ਵਿਚ ਮਿਲਦੇ ਹਨ ਇਸ ਲਈ ਇਨ੍ਹਾਂ ਦਾ ਸੰਬੰਧ ਪੰਜਾਬ ਦੇ ਸਭਿਆਚਾਰਕ ਇਤਿਹਾਸ ਨਾਲ ਹੈ।[9]

ਪੰਜਾਬੀ ਕਿੱਸੇ ਜਿੱਥੇ ਪੰਜਾਬੀ ਸਭਿਆਚਾਰ ਦਾ ਚਿੱਤਰ ਪੇਸ਼ ਕਰਦੇ ਹਨ ਉਥੇ ਇਹ ਆਪਣੇ ਆਪ ਵਿਚ ਗਲਪ ਰਚਨਾਤਮਕ ਵੀ ਹੁੰਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲਗਦਾ ਹੈ ਕਿ ਪੰਜਾਬੀ ਕਿੱਸਿਆਂ ਵਿਚ ਰੋਮਾਂਸ ਅਤੇ ਪ੍ਰੇਮ ਦਾ ਮਿਸ਼ਣ ਇਕ ਜ਼ਰੂਰੀ ਤੱਤ ਹੈ ਜੋ ਗਲਪ ਦੀ ਆਧਾਰ ਸ਼ਿਲਾ ਹੁੰਦੀ ਹੈ। ਇਨ੍ਹਾਂ ਦੇ ਸਹਾਰੇ ਹੀ ਕਿੱਸਾਕਾਰ ਪਰਾਸਰੀਰਕ ਸ਼ਕਤੀਆਂ ਨੂੰ ਪ੍ਰੀਚਿਤ ਕਰਵਾ ਕੇ ਅਦਭੁੱਤਤਾ ਦਾ ਪਸਾਰਾ ਕਰਦਾ ਹੈ ਜਿਸ ਤੋਂ ਪਾਠਕ ਵਿਚ ਇਕ ਪ੍ਰਕਾਰ ਦਾ ਭੈ ਜਿਹਾ ਪ੍ਰਵੇਸ਼ ਕਰ ਜਾਂਦਾ ਹੈ ਜੋ ਅੰਦਰੋਂ ਅੰਦਰੀ ਨਾਇਕ-ਨਾਇਕਾ ਪ੍ਰਤੀ ਸਹਾਨ-ਭੂਤੀ ਅਤੇ ਵਿਰੋਧੀ ਤਾਕਤਾਂ ਪ੍ਰਤੀ ਘਿਰਣਾ ਉਤਪੰਨ ਕਰਦਾ ਹੈ। ਅਣਵੇਖੇ ਭੈਦਾਇਕ ਵਾਤਾਵਰਨ, ਸਥਾਨ ਅਤੇ ਨਿਰਾਕਾਰੀ ਸ਼ਕਤੀਆਂ ਆਦਿਕ ਪਾਠਕ ਨੂੰ ਕਿਸੇ ਸੁਪਨਿਆਲੀ ਦੁਨੀਆਂ ਦੇ ਦਰਸ਼ਨ ਕਰਾਉਂਦੀਆਂ ਹਨ ਜੋ ਮਾਨਵੀ ਪਹੁੰਚ ਤੋਂ ਪਰੇ ਹੁੰਦੀ ਹੈ। ਇਸ ਤਰ੍ਹਾਂ "ਪਰਾਸ਼ਰੀਰਕ ਘਟਨਾਂਵਾਂ ਦੇ ਆਧਾਰ ਤੇ ਕਥਾ ਦੀਆਂ ਤੰਦਾਂ ਨੂੰ ਜੋੜਿਆ ਜਾਂਦਾ ਹੈ।"[10] ਅਤੇ ਰੋਮਾਂਸ ਵਧ ਤੋਂ ਵਧ ਮਾਤ੍ਰਾ ਵਿਚ ਚਿਤਰਿਆ ਜਾਂਦਾ ਹੈ । ਇਸ ਦੇ ਨਾਲ ਨਾਲ ਅਸੀਂ ਵੇਖਦੇ ਹਾਂ ਕਿ ਭਾਵੇਂ ਨਾਇਕ ਤੇ ਨਾਇਕਾ

---

8. ਜੱਗੀ, ਰਤਨ ਸਿੰਘ (ਡਾ.) ਪੰਜਾਬੀ ਕਿੱਸਾਕਾਰੀ, ਮਦਾਨ ਪਬਲਿਸ਼ਰਜ਼, ਪਟਿਆਲਾ, 1966, ਪੰਨਾ 196.
9. ਅਤਰ ਸਿੰਘ (ਡਾ.), ਦ੍ਰਿਸ਼ਟੀਕੋਣ, ਪੰਨਾ 13. ਲਾਹੌਰ ਬੁਕ ਸ਼ਾਪ, ਘੰਟਾਘਰ, ਲੁਧਿਆਣਾ, 1963.
10. ਜੱਗੀ, ਵਿਚਾਰਧਾਰਾ, ਪੰਜਾਬੀ ਕਿੱਸਾਕਾਰੀ, ਪੰਨਾ 154-232.

ਕਿੰਨੀਆਂ ਹੀ ਸੈਂਕੜਾਂ ਵਿਚ ਕਿਉਂ ਨਾ ਫਸ ਜਾਣ, ਉਨ੍ਹਾਂ ਦੀ ਪ੍ਰਸਪਰ ਪ੍ਰੀਤ ਦੀਆਂ ਗੰਢਾਂ ਹੋਰ ਵੀ ਪੀਡੀਆਂ ਹੁੰਦੀਆਂ ਜਾਂਦੀਆਂ ਹਨ। ਇਹ ਪੀਡੀਆਂ ਪਿਆਰ-ਗੰਢਾਂ ਹੀ ਹਨ ਜੋ ਰੋਮਾਂਸ ਦੇ ਮਿਸ਼ਰਣ ਨਾਲ ਕਹਾਣੀ-ਰਸ ਤੇ ਰੋਚਕਤਾ ਪਰਦਾਨ ਕਰਦੀਆਂ ਹਨ ਅਤੇ ਪਾਠਕ ਸਾਰਾ ਕਿੱਸਾ ਇਕੋ ਸਾਹੇ ਤੇ ਇਕੋ ਬੈਠਕ ਵਿਚ ਪੜ੍ਹਨ ਲਈ ਮਜਬੂਰ ਹੁੰਦਾ ਹੈ। ਜੇ ਵੇਖਿਆ ਜਾਵੇ ਤਾਂ ਅਜਿਹੇ ਰੋਮਾਂਸ ਤੇ ਪ੍ਰੇਮ ਮਿਸ਼ਰਤ ਗਲਪ ਵਿਚ ਸੂਫ਼ੀਵਾਦ ਤੇ ਅਧਿਆਤਮਵਾਦ ਨੂੰ ਕੋਈ ਥਾਂ ਨਹੀਂ ਹੁੰਦੀ ਸਗੋਂ ਇਨ੍ਹਾਂ ਵਿਚ ਭੌਤਿਕਤਾ ਹੀ ਵਿੱਦਮਾਨ ਰਹਿੰਦੀ ਹੈ ਜਿਸਤੋਂ ਗਲਪਨਿਕਤਾ ਹੋਰ ਨਿਖਰ ਕੇ ਅੱਗੇ ਆ ਜਾਂਦੀ ਹੈ।

ਬਾਰਾਂਮਾਹ ਦਾ ਆਰੰਭ ਪਰੋਖ ਰੂਪ ਵਿਚ ਤਾਂ ਭਾਵੇਂ ਹਰ ਕਿੱਸੇ ਵਿਚ ਕਥਾਨਕ ਦੀ ਸਮੇਂ ਦੇ ਸੰਦਰਭ ਵਿਚ ਕਾਰਜਸ਼ੀਲਤਾ ਤੋਂ ਹੀ ਮੰਨ ਸਕਦੇ ਹਾਂ ਪਰ ਨਿਖਰਵੇਂ ਰੂਪ ਵਿਚ ਇਸਦਾ ਪਰਵੇਸ਼ ਅਸੀਂ ਹਾਫ਼ਜ਼ ਬਰਖ਼ੁਰਦਾਰ[11] (1574 ਈ.) ਦੇ ਲਿਖੇ ਕਿੱਸੇ ਸੱਸੀ-ਪੁੰਨੂੰ ਤੋਂ ਹੀ ਮੰਨ ਸਕਦੇ ਹਾਂ। ਹਾਫ਼ਜ਼ ਬਰਖ਼ੁਰਦਾਰ ਨੇ ਭਾਵੇਂ ਬਾਰਾਂਮਾਹ ਨੂੰ ਅਰਥ ਭਰਪੂਰ ਜੁਗਤ ਵਜੋਂ ਤਾਂ ਨਹੀਂ ਲਿਆ, ਪਰ ਇਹ ਸੀਹਰਫ਼ੀ ਵਿਚ ਛੰਦ ਨੂੰ ਅੱਗੇ ਤੋਰਨ ਲਈ ਵਰਣਮਾਲਾ ਦੇ ਹਰ ਅੱਖਰ ਦੀ ਵਰਤੋਂ ਵਾਂਗ ਕਿੱਸੇ ਵਿਚ ਜ਼ਰੂਰ ਵਰਤਿਆ ਗਿਆ ਹੈ ਅਤੇ ਛੰਦ ਨੂੰ ਆਰੰਭਣ ਲਈ ਹਰ ਮਹੀਨੇ ਦੇ ਨਾਮ ਦਾ ਪਰਯੋਗ ਕੀਤਾ ਗਿਆ ਹੈ। ਇਹੋ ਗੱਲ ਅਹਿਮਦ ਗੁੱਜਰ[12] ਨੇ ਆਪਣੇ ਕਿੱਸੇ ਹੀਰ ਵਿਚ ਕੀਤੀ ਹੈ।

ਇਸ ਤੋਂ ਪਿੱਛੋਂ ਅਸੀਂ ਵੇਖਦੇ ਹਾਂ ਕਿ ਕਿੱਸਾਕਾਵਿ ਦੇ ਅੰਤਰਗਤ ਬਾਰਾਂਮਾਹ ਦੀ ਇਕ ਪਿਰਤ ਜਿਹੀ ਪੈ ਜਾਂਦੀ ਹੈ। ਇਸਦਾ ਸਬੂਤ ਇਹ ਹੈ ਕਿ ਅਠਾਰ੍ਹਵੀਂ

---

11. Mohan Singh (Dr.), <u>An Introduction to Panjabi Literature</u>, page 82
ਅਤੇ ਅਬਦੁਲ ਗ਼ਫ਼ੂਰ, ਕੁਰੈਸ਼ੀ, <u>ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ਼</u>, ਪੰਨਾ 231.

12. Mohan Singh (Dr.), <u>An Introduction to Panjabi Literature</u>, p.81.
ਅਤੇ ਅਬਦੁਲ ਗ਼ਫ਼ੂਰ ਕੁਰੈਸ਼ੀ, <u>ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ਼</u>, ਹੀਰ ਦਾ ਲਿਖਣ ਕਾਲ 1693 ਈ. ਹੈ, ਪੰਨਾ 283.

ਸਦੀ ਵਿਚ ਬਾਰਾਂਮਾਹ ਏਨਾਂ ਹਰਮਨ ਪਿਆਰਾ ਹੋ ਗਿਆ ਕਿ ਲਗਭਗ ਹਰ ਕਿੱਸਾਕਾਰ ਨੇ ਇਸ ਨੂੰ ਆਪਣੀ ਰਚਨਾ ਵਿਚ ਥਾਂ ਦਿੱਤੀ।

ਹੁਣ ਕਿੱਸਾਕਾਵਿ ਵਿਚ ਬਾਰਾਂਮਾਹ ਦਾ ਪਰਵੇਸ਼ ਸਥਿਤ ਕਰਨ ਉਪਰੰਤ ਅਸੀਂ ਕਿੱਸਾਕਾਵਿ ਦੇ ਅੰਤਰਗਤ ਬਾਰਾਂਮਾਹ ਦੇ ਪਰਯੋਜਨ ਵਲ ਆਉਂਦੇ ਹਾਂ।

ਪੰਜਾਬੀ ਲੋਕ-ਸਭਿਆਚਾਰ ਦੇ ਇਸ ਗਲਪ ਪ੍ਰਬੰਧ ਵਿਚ ਜਿੱਥੇ ਕਥਾਨਿਕ, ਚਰਿਤ੍ਰ ਚਿਤ੍ਰਨ, ਰਸ, ਵਾਤਾਵਰਨ, ਸੰਵਾਦ, ਬਿਆਨ ਅਤੇ ਭਾਸ਼ਾ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੈ ਉਥੇ ਬਾਰਾਂਮਾਹ ਦਾ ਵੀ ਇਕ ਵਿਸ਼ੇਸ਼ ਪ੍ਰਯੋਜਨ ਹੈ। ਕਿੱਸਾਕਾਵਿ ਅਧਿਐਨ ਤੋਂ ਅਸੀਂ ਵੇਖਦੇ ਹਾਂ ਕਿ ਲਗਭਗ ਹਰ ਕਿੱਸੇ ਦੀ ਗੋਂਦ ਵਿਸ਼ੇਸ਼ ਢੰਗ ਤੇ ਪਰੰਪਰਾ ਨਾਲ ਕੀਤੀ ਗਈ ਹੈ। ਕਿੱਸੇ ਦੇ ਆਰੰਭ ਵਿਚ ਮੰਗਲਾਚਰਨ ਜਾਂ ਹੰਮਦ ਦੇ ਦਰਸ਼ਨ ਹੁੰਦੇ ਹਨ ਜਿਸ ਵਿਚ ਕਰਤਾ ਆਪਣੇ ਇਸ਼ਟ ਨੂੰ ਧਿਆਉਂਦਾ ਹੋਇਆ ਉਸ ਪਾਸੋਂ ਆਪਣੇ ਆਰੰਭੇ ਕਾਰਜ ਵਿਚ ਸਫ਼ਲਤਾ ਲਈ ਬਰ ਮੰਗਦਾ ਹੈ। ਫੇਰ ਕਥਾਨਕ ਆਰੰਭ ਕਰਦਾ ਹੈ। ਪਹਿਲਾਂ ਨਾਇਕ-ਨਾਇਕਾ ਦੀ ਜੰਦ ਤੇ ਵਤਨ ਠਿਕਾਣਾ, ਦਸਦਾ ਹੋਇਆ ਉਨ੍ਹਾਂ ਨਾਲ ਜਾਣ ਪਛਾਣ ਕਰਾਉਂਦਾ ਹੈ ਤੇ ਫੇਰ ਵਾਪਰਨ ਵਾਲੀਆਂ ਘਟਨਾਵਾਂ ਨਾਲ ਸੰਬੰਧਤ ਭਿੰਨ ਭਿੰਨ ਪਾਤਰਾਂ ਦਾ ਚਰਿਤ੍ਰ ਚਿਤ੍ਰਨ ਕਰਦਾ ਹੈ ਅਤੇ ਕਹਾਣੀ ਨੂੰ ਅੱਗੇ ਤੋਂ ਅੱਗੇ ਤੋਰਦਾ ਜਾਂਦਾ ਹੈ। ਇਹ ਸਾਰਾ ਕਾਰਜ ਉਹ ਜਾਂ ਤਾਂ ਕਿਸੇ ਇਕੋ ਛੰਦ ਰਾਹੀਂ ਨਿਭਾਉਂਦੇ ਹੈ ਤੇ ਜਾਂ ਫੇਰ ਇੱਕ ਛੰਦ ਤੋਂ ਪੈਦਾ ਹੋਏ ਅਕੇਵੇਂ ਤੇ ਥਕੇਵੇਂ ਤੋਂ ਪਾਠਕਾਂ ਨੂੰ ਬਚਾਉਣ ਲਈ ਕਈ ਪ੍ਰਕਾਰ ਦੇ ਛੰਦਾਂ ਰਾਹੀਂ ਨੇਪਰੇ ਚਾੜ੍ਹਦਾ ਹੈ।

ਇਨ੍ਹਾਂ ਛੰਦਾਂ ਤੋਂ ਉਪਰੰਤ ਕਥਾਨਕੀ ਪਰਭਾਵ ਲਈ ਕਈ ਪ੍ਰਕਾਰ ਦੀਆਂ ਉਕਤੀਆਂ ਸੁਕਤੀਆਂ ਵੀ ਵਰਤੋਂ ਵਿਚ ਲਿਆਉਂਦੇ ਹੈ ਜਿਵੇਂ ਕਿ ਸੰਵਾਦ, ਕਲਾਮ ਸ਼ਾਇਰ (ਕਵਿਓਵਾਚ), ਬਾਰਾਂਮਾਹ, ਸਤਵਾਰਾ ਤੇ ਅਠਵਾਰਾ ਆਦਿਕ। 'ਸੰਵਾਦਾਂ'

ਰਾਹੀਂ ਜਿੱਥੇ ਕਿੱਸਾਕਾਰ ਨਾਟਕੀ ਅੰਸ਼ ਨਾਲ ਕਿੱਸੇ ਦੀ ਤੋਰ ਨੂੰ ਤਿਖੇਰੀ ਕਰਦਾ ਹੈ ਅਤੇ 'ਕਲਾਮ ਸ਼ਾਇਰ' ਰਾਹੀਂ ਰੱਬ ਲਗਦੀ ਤੇ ਯਥਾਰਥਕ ਉਪਦੇਸ਼ਆਤਮਕ ਗੱਲ ਰਾਹੀਂ ਆਪਣਾ ਮੱਤ ਦਰਸਾਉਂਦਾ ਹੈ, ਉਥੇ 'ਬਾਰਾਂਮਾਹ' ਰਾਹੀਂ ਨਾਇਕ ਤੇ ਨਾਇਕਾ ਵਿਚਕਾਰ ਵਿਰੋਧੀ ਤਾਕਤਾਂ ਵਲੋਂ ਪਾਈ ਦੂਰੀ ਅਤੇ ਜੀ ਭਰ ਕੇ ਨਾਂ ਮਿਲਣ ਦੀ ਮਜਬੂਰੀ ਨੂੰ ਪ੍ਰਗਟਾਉਂਦਾ ਹੈ। ਭਾਵੇਂ ਕਈ ਵਾਰੀ ਇਹ ਕੰਮ ਸ ਸਤਵਾਰੇ ਜਾਂ ਅਠਵਾਰੇ ਰਾਹੀਂ ਵੀ ਸਾਰ ਲਿਆ ਜਾਂਦਾ ਹੈ ਪਰ ਕਿੱਸਾਕਾਵਿ ਵਿਚ ਆਮ ਵਰਤੋਂ ਬਾਰਾਂ ਮਾਹਿਆਂ ਦੀ ਹੀ ਕੀਤੀ ਮਿਲਦੀ ਹੈ।

ਪੰਜਾਬੀ ਕਿੱਸਾਕਾਵਿ ਵਿ ਚ ਕੋਈ ਅਜਿਹਾ ਕਿੱਸਾ ਨਹੀਂ ਜਿਸ ਵਿਚ ਕਿਸੇ ਨਾਇਕ ਰਾਹੀਂ ਵਿਜੋਗ-ਪੀੜਾ ਕਾਰਨ ਬਾਰਾਂਮਾਹੀ ਤੜਪ ਦਾ ਵੇਦਨਮਈ ਦ੍ਰਿਸ਼ ਪੇਸ਼ ਕੀਤਾ ਗਿਆ ਹੋਵੇ। ਕਿੱਸਾਕਾਵਿ ਪਰੰਪਰਾ ਅਧੀਨ ਦੋ ਪ੍ਰੇਮੀਆਂ ਦਾ ਪਿਆਰ ਪੈ ਜਾਂਦਾ ਹੈ ਜਿਸਦੇ ਰਾਹ ਵਿਚ ਸਮਾਜ ਰੁਕਾਵਟਾਂ ਪੈਦਾ ਕਰਦਾ ਹੈ ਅਤੇ ਇਕ ਹੋਈਆਂ ਜਿੰਦੀਆਂ ਨੂੰ ਤੋੜ ਵਿਛੋੜ ਕੇ ਸ਼ਰੀਰਕ ਦੂਰੀ ਲਈ ਮਜਬੂਰ ਕਰਦਾ ਹੈ। ਪਰ ਇਸ ਸ਼ਰੀਰਕ ਦੂਰੀ ਦਾ ਇਹਸਾਸ ਰੂਹਾਨੀਮੇਲ ਨਾਲ ਕਿਸੇ ਹੱਦ ਤੱਕ ਤ੍ਰਿਪਤ ਹੋ ਜਾਂਦਾ ਹੈ ਜਦੋਂ ਨਾਇਕਾ ਵਿਜੋਗ ਵਿਚ ਆਪਣੀ ਕਾਲਪਨਿਕ ਸ਼ਕਤੀ ਰਾਹੀਂ ਆਪਣੇ ਪਿਆਰੇ ਦੇ ਪਰਤੱਖ ਦਰਸ਼ਨ ਕਰਦੀ ਹੈ ਅਤੇ ਜਿਉਂ ਜਿਉਂ ਸਾਲ ਬੀਤਦਾ ਹੈ ਆਪਣਾ ਦੁਖਾਂਤ ਬਾਰਾਂਮਾਹ ਰਾਹੀਂ ਪ੍ਰਗਟ ਕਰਦੀ ਹੋਈ ਅਸ਼ਾਂਤ ਮਨ ਨੂੰ ਤ੍ਰਿਪਤ ਕਰਦੀ ਹੈ। ਇਸ ਤਰ੍ਹਾਂ ਕਿੱਸਾਕਾਵਿ ਦੇ ਅੰਤਰਗਤ ਬਾਰਾਂਮਾਹ ਇਕ ਕਰੁਣਾਮਈ ਵਾਤਾਵਰਨ ਪੈਦਾ ਕਰਦੇ ਹਨ ਜਿਸ ਵਿਚ [redacted] ਵਿਚਰ ਰਿਹਾ ਪਾਠਕ ਨਾਇਕ ਤੇ ਨਾਇਕਾ ਪ੍ਰਤੀ ਪੂਰਨ ਸਹਾਨਭੂਤੀ ਨਾਲ ਭਰ ਜਾਂਦਾ ਹੈ।

ਭਾਵੇਂ ਕਿੱਸਾਕਾਵਿ ਪਰੰਪਰਾ ਈਰਾਨੀ ਪਰਭਾਵ ਦੇ ਅਧੀਨ ਹੋਂਦ ਵਿਚ ਆਈ ਹੈ ਅਤੇ ਇਸਦੀ ਤਰਤੀਬ, ਵਸਤੂ, ਰੂਪ ਵਿਧਾਨ ਅਤੇ ਚਾਲ ਸਭ ਈਰਾਨੀਅ

ਕਿੱਸਿਆਂ ਵਾਲੀ ਹੀ ਹੈ ਪਰ ਇਸ ਵਿਚ ਬਾਰਾਂਮਾਹ ਦਾ ਪਰਵੇਸ਼ ਨਿਰੋਲ ਪੰਜਾਬੀ ਪਰਭਾਵ ਦਾ ਹੀ ਫਲ ਹੈ। ਕਿਉਂਕਿ ਈਰਾਨੀ ਪਰਭਾਵ ਥੱਲੇ ਉਪਜੇ ਕਿਸੇ ਵੀ ਕਿੱਸੇ ਵਿਚ ਇਸਦੀ ਵਰਤੋਂ ਨਹੀਂ ਮਿਲਦੀ। ਭਾਵੇਂ ਮਹਿਮੂਦ ਗ਼ਜ਼ਨਵੀ ਦੇ ਪੋਤੇ, ਲਾਹੌਰ ਦੇ ਗਵਰਨਰ, ਇਬਰਾਹੀਮ ਦੇ ਦਰਬਾਰੀ ਕਵੀ ਮਸਊਦ ਸਾਅਦ ਸੁਲੈਮਾਨ (1027-1122ਈ.)[13] ਵਲੋਂ ਲਿਖਿਆ ਇਕ ਫ਼ਾਰਸੀ ਬਾਰਾਂਮਾਹ ਮਿਲਦਾ ਹੈ ਪਰ ਇਹ ਕਿੱਸਾ ਨਹੀਂ ਹੈ ਅਤੇ ਨਾਂ ਹੀ ਕਿਸੇ ਕਿੱਸੇ ਦਾ ਅੰਸ਼ ਹੀ ਹੈ ਸਗੋਂ ਉਸਨੇ ਆਪਣੇ ਮਾਲਕ 'ਮੀਰ ਅਰਸਲਾਂ' ਦੀ ਸਿਫ਼ਤ ਤੇ ਸੁਲਾਘਾ (ਮੱਦਾਹ) ਨੂੰ ਹੀ ਕੇਵਲ 'ਬਾਰਾਂਮਾਹ' ਦੇ ਚੌਖਟੇ ਵਿਚ ਜੜਿਆ ਹੈ ਜਿਸ ਨੂੰ ਕਿਸੇ ਤਰ੍ਹਾਂ ਵੀ ਕਿੱਸਾ ਨਹੀਂ ਕਿਹਾ ਜਾ ਸਕਦਾ। ਇਸ਼ ਤੋਂ ਸਿੱਧ ਹੁੰਦਾ ਹੈ ਕਿ ਬਾਰਾਂਮਾਹ ਨਿਰੋਲ ਪੰਜਾਬੀ ਵਾਤਾਵਰਨ ਅਨੁਸਾਰ ਢਲੀ ਕਿੱਸਾ ਕਾਵਿ ਪਰੰਪਰਾ ਦਾ ਹੀ ਪ੍ਰਚਿਤ ਕਾਵਿ-ਰੂਪ ਹੈ।

ਪਿੱਛੇ ਇਹ ਗੱਲ ਸਪਸ਼ਟ ਕੀਤੀ ਜਾ ਚੁੱਕੀ ਹੈ ਕਿ ਬਾਰਾਂਮਾਹ ਇਕ ਸੱਖਣਾ ਕਾਵਿ-ਰੂਪ ਹੈ ਜਿਸ ਵਿਚ ਕੋਈ ਵੀ ਕਾਵਿ-ਉਚਾਰੀ ਵਸਤੂ ਦਾ ਰੂਪ ਧਾਰ ਕੇ ਸਮਾ ਸਕਦੀ ਹੈ। ਪੰਜਾਬੀ ਕਿੱਸਾਕਾਵਿ ਦੇ ਵਸਤੂ ਵਿਚ ਕਿਉਂਕਿ ਰੋਮਾਂਸਵਾਦ ਨੂੰ ਸਰਵਉੱਚ ਸਥਾਨ ਦਿੱਤਾ ਜਾਂਦਾ ਹੈ ਇਸ ਲਈ ਵਿਛੜੇ ਜਾਂ ਮਜਬੂਰ ਕਰਕੇ ਧਿੰਗੋਜ਼ੋਰੀ ਵਿਛੋੜੇ ਦੇ ਪ੍ਰੇਮੀਆਂ ਦੀ ਮਿਲਣ-ਤਾਂਘ ਨੂੰ ਸਿਖਰ ਉੱਤੇ ਪੁਚਾਉਣ ਲਈ ਬ੍ਰਿਹਾਆਤਮਕ

---

13. ਪਿਆਰਾ ਸਿੰਘ ਪਦਮ, ਪੰਜਾਬੀ ਬਾਰ੍ਹਾਂਮਾਹੇ, ਸਰਦਾਰ ਸਾਹਿਤ ਭਵਨ, ਪਟਿਆਲਾ, 1959.

'ਮਸਊਦ' ਦਾ ਫ਼ਾਰਸੀ ਬਾਰਾਂਮਾਹ ਇਸਤਰ੍ਹਾਂ ਆਰੰਭ ਹੁੰਦਾ ਹੈ:

ਫ਼ਰਵਰਦੀ ਮਾਹ: ਖ਼ੁਦਾਇਗਾਨਾ ਰਾਮਸੁਗੁਜ਼ੀ ਵ ਸ਼ਾਦੀਬੀ।

ਕਿ ਮੁਜ਼ਦਾ ਦਾਦਤ ਅਜ਼ਬਖ਼ਤ ਮਾਹੇ ਫ਼ੁਰਵਰਦੀ।

ਹਮੀਂ ਚਿਹ ਗੋਯਦ ਕਿ ਮੁਲਕਿ ਹਫ਼ਤ ਅਕ਼ਲੀਮ।

ਬਹੁਕਮ ਅਮਰੇ ਤੋ ਖ਼੍ਵਾਹਦ ਸ਼ੁਦਨ ਜ਼ਿ ਚਰਖ਼ੇਂ ਬਰੀ।

ਉਰਦੀ ਬਹਿਸ਼ਤਮਾਹ: ਬਹਿਸਤਅਸਤ ਗੀਤੀਂ ਜ਼ੁ ਉਰਦੀ ਬਹਿਸ਼ਤ। ਹਲਾਲ ਆਮਦਈਮਾਂ ਮੈ ਅੰਦਰ ਬਹਿਸ਼ਤ

ਬ-ਸ਼ਾਦੀ ਨਸ਼ੀਂ ਬ-ਮੈਂ ਖ਼੍ਵਾਹ ਮੈ, ਕਿ ,ਬੈ ਮੈਂ ਨਿਸ਼ਸਤੰਦ ਜ਼ਿਸ਼ਤਸਤ ਜ਼ਿਸ਼ਤ।

ਇਹ ਸਾਰਾ ਬਾਰਾਂਮਾਹ ਪੁਸਤਕ 'ਮਾਹ-ਹਾਇ-ਫ਼ਾਰਸੀ ਵਿਚ ਦਰਜ ਹੈ।

ਬਾਰਾਂਮਾਹ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਰਾਹੀਂ ਨਾਇਕਾ ਵਲੋਂ ਆਪਣੇ ਪ੍ਰੀਤਮ ਨੂੰ ਮਾਸਕ ਪ੍ਰੀਵਰਤਨ ਅਨੁਸਾਰ ਬਦਲੋ ਵਾਤਾਵਰਨ ਅਤੇ ਚੋਗਿਰਦੇ ਦੇ ਆਪਣੇ ਉਤੇ ਪਏ ਪਰਭਾਵ ਨਾਲ ਉਤੇਜਿਤ ਮਿਲਣ-ਤਾਂਘ ਦਾ ਉਲੇਖ ਕੀਤਾ ਜਾਂਦਾ ਹੈ।

ਬਾਰਾਂਮਾਹ ਵਿਚ ਨਾਇਕਾ ਆਪਣੇ ਦ੍ਰਿਸ਼ਟੀਕੋਣ ਅਤੇ ਮਾਨਸਿਕ ਸਥਿਤੀ ਦਾ ਖੋਲ੍ਹਕੇ ਸਪਸ਼ਟੀਕਰਨ ਕਰਦੀ ਹੈ ਜਿਸ ਵਿਚ ਆਪਣਾ ਇਰਾਦਾ ਸੰਚਾਰਤ ਕਰਦੀ ਹੋਈ ਵਿਰੋਧੀ ਤਾਕਤਾਂ ਲਈ ਇਕ ਵੰਗਾਰ ਬਣਦੀ ਹੈ ਅਤੇ ਨਾਇਕ ਨੂੰ ਸਮਾਜ ਤੋਂ ਭੈਭੀਤ ਹੋ ਕੇ ਆਪਣੇ ਪੰਧ ਤੋਂ ਨਾਂ ਥਿੜਕਣ ਲਈ ਪ੍ਰੇਰਦੀ ਹੈ ਜਿਸ ਨਾਲ ਆਤਮਕ ਵਿਸ਼ਵਾਸ ਇਨਾ ਪੱਕਾ ਤੇ ਪ੍ਰਬਲ ਹੋ ਜਾਂਦਾ ਹੈ ਕਿ ਉਹ ਮਰ ਮਿਟਣ ਤੋਂ ਵੀ ਗੁਰੇਜ਼ ਨਹੀਂ ਕਰਦੇ ਅਤੇ ਲੱਗੀਆਂ ਨਿਭਾਉਣ ਵਿਚ ਵਚਨ-ਬੱਧ ਰਹਿ ਕੇ ਪ੍ਰੀਤ ਸਫਲਤਾ ਪੂਰਬਕ ਨੇਪਰੇ ਚੜ੍ਹਾ ਜਾਂਦੇ ਹਨ।

ਇਸਤਰ੍ਹਾਂ ਬਾਰਾਂਮਾਹ, ਕਿੱਸਾਕਾਵਿ ਦੇ ਅੰਤਰਗਤ ਇਕ ਅਜਿਹਾ ਰੋਲ ਅਦਾ ਕਰਦਾ ਹੈ ਜਿਸ ਰਾਹੀਂ ਨਾਇਕ ਤੇ ਨਾਇਕਾ ਦੇ ਪਿਆਰ ਦੀ ਪ੍ਰਬਲਤਾ ਉਘੜ ਕੇ ਸਾਹਮਣੇ ਆਉਂਦੀ ਹੈ ਅਤੇ ਜਿਸ ਵਿਚੋਂ ਤੜਪ ,ਪ੍ਰੇਮ ਤੇ ਕੁਰਬਾਨੀ ਫੁਟ ਫੁਟ ਪੈਂਦੀ ਪਰਤੀਤ ਹੁੰਦੀ ਹੈ।

ਭਾਵੇਂ ਬਾਰਾਂਮਾਹ ਦੇ ਅੰਤਰਗਤ ਨਾਇਕਾ ਨਿਜ-ਪੀੜਾ ਨੂੰ ਵਿਸ਼ੇਸ਼ ਤੌਰ ਤੇ ਦਰਸਾਉਂਦੀ ਹੈ ਪਰ ਉਹ ਇਸਦੇ ਨਾਲ ਨਾਲ ਲੋਕ-ਦਿਲਾਂ ਵਿਚ ਵੀ ਥਾਂ ਪ੍ਰਾਪਤ ਕਰਕੇ ਲੋਕਾਂ ਦੀ ਹਮਦਰਦੀ ਜਿੱਤਦੀ ਹੋਈ ਆਪਣੀ ਹਰਮਨ ਪਿਆਰਤਾ ਦੇ ਸਦਕੇ ਲੋਕ-ਨਾਇਕਾ ਦਾ ਦਰਜਾ ਪ੍ਰਾਪਤ ਕਰ ਜਾਂਦੀ ਹੈ। ਇਸ ਪ੍ਰਕਾਰ ਦਾ ਵਾਤਾਵਰਨ ਕੇਵਲ ਬਾਰਾਂਮਾਹ ਵਿਚ ਹੀ ਪੈਦਾ ਹੋ ਸਕਦਾ ਹੈ ਜਿਥੇ ਦੋ ਦਿਲ ਭਾਵੇਂ ਜੁਦਾ ਜੁਦਾ ਧੜਕਦੇ ਹਨ ਪਰ ਉਨ੍ਹਾਂ ਵਿਚ ਪੀੜ੍ਹ ਦੀ ਸਾਂਝ ਇੰਨੀ ਪ੍ਰਬਲ ਹੋ ਕੇ ਅਜਿਹੀ ਸਿਖਰ ਨੂੰ ਛੂਹ ਜਾਂਦੀ ਹੈ ਕਿ ਉਹ ਮਿੱਤਰਾਂ ਦੇ ਗ਼ਮ ਤੋਂ ਲੋਕਾਂ ਦੇ ਗ਼ਮ ਤੱਕ ਪਰੀਵਰਤਿਤ ਹੋ ਜਾਂਦੀ ਹੈ।

ਬਾਰਾਂਮਾਹ ਨਾਇਕ-ਨਾਇਕਾਂ ਨੂੰ ਅਗੋਂ ਵਾਪਰਨ ਵਾਲੀਆਂ ਘਟਨਾਵਾਂ ਪ੍ਰਤੀ ਸੁਚੇਤ ਕਰਦਾ ਹੈ । ਨਾਇਕਾ ਜਦੋਂ ਆਪਣੀ ਮਜਬੂਰੀ ਪਰਗਟ ਕਰਦੀ ਹੈ ਤਾਂ ਦੋਵੇਂ ਆਪਣੇ ਭਵਿੱਖ ਬਾਰੇ ਫਿਕਰਮੰਦ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਵਿਰੋਧ ਵਿਚ ਫੁੰਕਾਰਦੇ ਸਮਾਜ ਨਾਲ ਕਿਵੇਂ ਨਿਪਟਣਾ ਚਾਹੀਦਾ ਹੈ ਤਾਂ ਜੋ ਉਹ ਆਪਣਾ ਚਿਤਵਿਆ ਨਿਸ਼ਾਨਾ ਪ੍ਰਾਪਤ ਕਰ ਸਕਣ। ਇਸਤਰ੍ਹਾਂ ਬਾਰਾਂਮਾਹ ਕਿੱਸਾ-ਕਾਵਿ ਦੇ ਅੰਤਰਗਤ ਨਾਇਕ-ਨਾਇਕਾ ਨੂੰ ਸਨਮੁਖ ਆਈਆਂ ਅਨੇਕਾਂ ਔਕੜਾਂ ਨੂੰ ਲਿਤਾੜ ਕੇ ਸੁਰਖ਼ਰੂ ਹੋਣ ਲਈ ਪ੍ਰੇਰਨ ਵਾਲੀ ਪ੍ਰਯੋਗਸ਼ਾਲਾ ਹੈ ਜਿਸ ਵਿਚੋਂ ਉਤਸ਼ਾਹ ਭਰਪੂਰ ਹੋ ਕੇ ਉਹ ਵਿਰੋਧ ਨਾਲ ਜੂਝਣ ਲਈ ਪੂਰਨ ਦਲੇਰੀ ਸਹਿਤ ਤਤਪਰ ਹੁੰਦੇ ਹਨ। ਇਸਦੇ ਨਾਲ ਹੀ ਕਿੱਸਾਕਾਵਿ ਦੇ ਇਸ ਅੰਗ ਰਾਹੀਂ ਨਾਇਕ-ਨਾਇਕਾ ਦਾ ਸੱਚਾ ਤੇ ਸੁੱਚਾ ਪਿਆਰ ਜਦੋਂ ਲੋਕਾਂ ਤੱਕ ਉਪੜਦਾ ਹੈ ਤਾਂ ਸਾਰਾ ਮਾਹੌਲ ਹੀ ਉਨ੍ਹਾਂ ਦੀਆਂ ਹੌਂਕੀ ਮੰਗਾਂ ਦੀ ਸ਼ਲਾਘਾ ਕਰਦਾ ਹੋਇਆ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ ਜਿਸ ਤੋਂ ਉਨ੍ਹਾਂ ਵਿਚ ਟੀਚਾ ਪੂਰਤੀ ਦੀ ਲਗਨ ਹੋਰ ਪ੍ਰਬਲ ਹੋ ਜਾਂਦੀ ਹੈ।

ਕਿੱਸਾਕਾਵਿ ਵਿਚ ਬਾਰਾਂਮਾਹ ਨੂੰ ਅਸੀਂ ਇਕ ਅਜਿਹੀ ਸੁਚੱਜੀ ਸੰਚਾਰਜੁਗਤ ਵਜੋਂ ਲੈ ਸਕਦੇ ਹਾਂ ਜਿਸ ਰਾਹੀਂ ਨਾਇਕਾ ਆਪਣੇ ਨਾਇਕ ਨੂੰ ਆਪਣੇ ਸਾਰੇ ਹਾਲਾਤ ਦਾ ਪੈਗ਼ਾਮ ਪੁਚਾਉਂਦੀ ਹੈ। ਨਾਇਕ ਹਾਲਾਤ ਦਾ ਜਾਇਜ਼ਾ ਲੈ ਕੇ ਉਸਨੂੰ ਇਸ ਹੰਗਾਮੀ ਸਥਿਤੀ ਵਿਚੋਂ ਕਢੱਣ ਦੀ ਅਜਿਹੀ ਵਿਉਂਤ ਬਣਾਉਂਦੀ ਹੈ ਕਿ ਉਹ ਸਾਰੀ ਨੰਗ ਨਾਮੂਸ ਨੂੰ ਲਾਹ ਕੇ ਪ੍ਰੀਤ-ਰੀਵਾਂ ਪੀੜੀਆਂ ਕਰਦਾ ਹੋਇਆ ਆਪਣੀ ਜਾਨ ਉਤੇ ਖੇਡ ਜਾਂਦਾ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਜੇ ਬਾਰਾਂਮਾਹ ਨੂੰ ਮੁਕਤੀ-ਯੋਜਨਾ ਕਹਿ ਦੇਈਏ ਤਾਂ ਅਤਿਕਥਨੀ ਨਹੀਂ ਹੋਵੇਗੀ।

ਇਸ ਤੋਂ ਉਪਰੰਤ ਬਾਰਾਂਮਾਹ ਪ੍ਰੀਤ-ਕਥਾ ਵਿਚ ਇਕ ਪੜਾ ਦਾ ਕੰਮ ਵੀ ਕਰਦਾ ਹੈ ਕਿਉਂਕਿ ਇਹ ਕਥਾਨਕ ਨੂੰ ਦੋ ਭਾਗਾਂ ਵਿਚ ਵੰਡਦਾ ਹੈ। ਬਾਰਾਂਮਾਹ

ਕਿੱਸਾ-ਕਾਵਿ ਵਿਚ ਇਕ ਅਜਿਹੇ ਪੜਾਓ ਤੇ ਆਉਂਦਾ ਹੈ ਜਿੱਥੇ ਨਾਇਕ ਨਾਇਕਾ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਵਿਚ ਨਾਕਾਮ ਕਰ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਤਕੜੇ ਹੱਥੀਂ ਝੰਜੋੜ ਕੇ ਵਿਛੋੜ ਦਿੰਦਾ ਹੈ। ਅਜਿਹੀ ਸਥਿਤੀ ਵਿਚ ਕਿੱਸਾਕਾਰ ਵਿਛੋੜੇ ਵਿਚ ਕੁਰਲਾਉਂਦੀਆਂ ਦੋ ਰੂਹਾਂ ਨੂੰ ਨੇੜੇ ਲਿਆਉਣ ਦਾ ਜਤਨ ਕਰਕੇ ਆਪਣੀ ਕਹਾਣੀ ਨੂੰ ਅੱਗੇ ਤੋਰਨ ਦਾ ਰਸਤਾ ਖੋਲ੍ਹਦਾ ਹੈ ਅਤੇ ਇਹ ਕੰਮ ਉਹ ਬਾਰਾਂਮਾਹ ਰਾਹੀਂ ਕਰਦਾ ਹੈ ਜਿਸਦੀ ਬੁੱਕਲ ਵਿਚ ਨਰੋਇਆ ਹੋ ਕੇ ਦੰਪਤੀ ਆਪਣੀ ਕਹਾਣੀ ਨੂੰ ਅੱਗੇ ਤੋਰਦਾ ਹੈ। ਇਸ ਤਰ੍ਹਾਂ ਕਿੱਸੇ ਵਿਚ ਬਾਰਾਂਮਾਹ ਦੇ ਪਰਯੋਗ ਨਾਲ ਪ੍ਰੀਤ ਪਾਉਣ ਅਤੇ ਪ੍ਰੀਤ ਨਿਭਾਉਣ ਦੋਨੋਂ ਖੰਡਾਂ ਦਾ ਨਿਖੇੜਾ ਹੋ ਜਾਂਦਾ ਹੈ। ਪਹਿਲੇ ਖੰਡ ਵਿਚ ਜਿੱਥੇ ਉਹ ਚੋਰੀ ਦਾ ਗੁੜ ਖਾ ਕੇ ਆਨੰਦਤ ਹੁੰਦੇ ਹਨ, ਦੂਜੇ ਵਿਚ ਆਪਣੇ ਸੁਆਦ ਦਾ ਪਰਗਟਾਵਾ ਨੰਗੇ ਹੋ ਕੇ ਕਰਦੇ ਹਨ ਅਤੇ ਸਾਰੀ ਬਾਜ਼ੀ ਹੀ ਸਾਹਮਣੇ ਰੰਗ ਭੂਮੀ ਉਤੇ ਖੇਡ ਕੇ ਸਮਾਜ ਨੂੰ ਟਿੱਚ ਸਮਝਦੇ ਹੋਏ ਇਕ ਕਰਾਰੀ ਚਪਤ ਮਾਰ ਜਾਂਦੇ ਹਨ।

ਇਸ ਤੋਂ ਉਪਰੰਤ ਬਾਰਾਂਮਾਹ ਉਸ ਕਿੱਸੇ ਦੀ ਜਿਸ ਵਿਚ ਕਿ ਇਹ ਕਾਵਿ-ਰੂਪ ਵਰਤਿਆ ਜਾਂਦਾ ਹੈ ਜੰਮਣ ਭੂਮੀ ਦਸ ਕੇ ਉਸਦੀ ਵਿਲੱਖਣਤਾ ਨੂੰ ਸਥਾਪਤ ਕਰਦਾ ਹੈ। ਅਸੀਂ ਇਸ ਬਾਰੇ ਸਪਸ਼ਟ ਹੋ ਜਾਂਦੇ ਹਾਂ ਕਿ ਉਹ ਕਿਸੇ ਦੇਸ਼ ਨਾਲ ਸੰਬੰਧਤ ਹੈ। ਕਿਉਂਕਿ ਬਾਰਾਂਮਾਹ ਭੋਗੋਲਕ ਸਥਿਤੀ ਬਾਰੇ ਖੂਬ ਰੋਸ਼ਨੀ ਪਾਉਂਦਾ ਹੋਇਆ ਇਹ ਗੱਲ ਸਾਫ਼ ਕਰਦਾ ਹੈ ਕਿ ਕਿਸੇ ਮਹੀਨੇ ਵਿਚਪ੍ਰਾਕ੍ਰਿਤਕ ਸਥਿਤੀ ਕੀ ਹੈ? ਕਿਹੋ ਜਿਹੀ ਰੁੱਤ ਹੈ ਅਤੇ ਉਸ ਵਿਚ ਕੀ ਕੀ ਬਨਸਪਤੀ ਮੌਲਦੀ ਹੈ। ਕਿਹੜੀ ਰੁੱਤ ਪਿਛੋਂ ਕਿਹੜੀ ਆਉਂਦੀ ਹੈ ਅਤੇ ਉਸਦੀ ਪ੍ਰੀਤ ਵਿੰਨ੍ਹੇ ਦਿਲਾਂ ਅਤੇ ਜਨ-ਸਮੂੰਹ ਉਤੇ ਕੀ ਪਰਭਾਵ ਪੈਂਦਾ ਹੈ। ਜਿਸ ਨਾਲ ਉਨ੍ਹਾਂ ਦੀ ਰਹਿਣੀ ਬਹਿਣੀ ਤੇ

ਖਾਧ ਖੁਰਾਕ ਬਾਰੇ ਸਭ ਕੁਝ ਪਰਗਟ ਹੋ ਜਾਂਦਾ ਹੈ ਅਤੇ ਉਸ ਦੇਸ਼ ਦਾ ਲੋਕ-ਸਭਿਆਚਾਰਕ ਚਿੱਤਰ ਉਘੱੜ ਆਉਂਦਾ ਹੈ ਜਿਸਦੇ ਉਹ ਵਾਸੀ ਹੁੰਦੇ ਹਨ ਅਤੇ ਉਹ ਕਿੱਸੇ ਦੇ ਸੰਦਰਭ ਵਿਚ ਵਿਚਰਦੇ ਹਨ।

ਕਈ ਕਿੱਸਿਆਂ ਵਿਚ ਬਾਰਾਂਮਾਹ ਦੇ ਸੰਦਰਭ ਵਿਚ ਸਾਰੀ ਕਥਾ ਨੂੰ ਹੀ ਸਮੇਟਿਆ ਮਿਲਦਾ ਹੈ। ਇਨ੍ਹਾਂ ਕਿੱਸਿਆਂ ਦੇ ਕਥਾਨਕ ਕੇਵਲ ਇਕ ਸਾਲ ਦੀ ਉਮਰ ਦੇ ਹੀ ਹੁੰਦੇ ਹਨ। ਅਜਿਹੇ ਇਕ ਸਾਲ ਦੀ ਉਮਰ ਦੇ ਕਥਾਨਕ ਵਾਲੇ ਕਿੱਸਿਆਂ ਦੇ ਕਥਾਨਕ ਦੀ ਸਮੁੱਚੀ ਇਕਾਈ ਨੂੰ ਬਾਰਾਂ ਉਪ-ਇਕਾਈਆਂ ਵਿਚ ਵੰਡਿਆ ਹੁੰਦਾ ਹੈ ਜਿਨ੍ਹਾਂ ਵਿਚੋਂ ਹਰ ਉਪ-ਇਕਾਈ ਇਕ ਪੂਰੇ ਮਹੀਨੇ ਨੂੰ ਆਪਣੀ ਪਕੜ ਵਿਚ ਲੈਂਦੀ ਹੈ ਅਤੇ ਇਸ ਤਰ੍ਹਾਂ ਸਾਰਾ ਕਿੱਸਾ ਇਨ੍ਹਾਂ ਬਾਰਾਂ ਮਾਸਿਕ ਇਕਾਈਆਂ ਵਿਚ ਖ਼ਤਮ ਹੋ ਜਾਂਦਾ ਹੈ।

ਇਨ੍ਹਾਂ ਤੋਂ ਉਪਰੰਤ ਕਈ ਅਜਿਹੇ ਕਿੱਸੇ ਵੀ ਮੌਜੂਦ ਹਨ ਜਿਨ੍ਹਾਂ ਵਿਚ ਇਕ ਤੋਂ ਵਧੀਕ ਬਾਰਾਂਮਾਹੇ ' ਕਥਾਨਕ ਨੂੰ ਵਰਨਣ ਕਰਦੇ ਹਨ ਜੋ ਇਸ ਗੱਲ ਦਾ ਸਬੂਤ ਬਣਦੇ ਹਨ ਕਿ ਬਾਰਾਂਮਾਹ ਕਈ ਵਾਰੀ ਮੁਕੰਮਲ ਗਲਪ ਪਰਬੰਧ ਨੂੰ ਵਰਨਣ ਕਰਨ ਦਾ ਕਾਰਜ ਵੀ ਕਰਦੇ ਹਨ। ਇਥੇ ਬਾਰਾਂਮਾਹ ਇਕ ਕਾਵਿ-ਰੂਪ ਹੋਣ ਦੇ ਨਾਲ ਨਾਲ ਆਪਣੇ ਅੰਦਰ ਕਥਾਨਕ ਨੂੰ ਵੀ ਸਮੋ ਲੈਂਦਾ ਹੈ।

ਬਾਰਾਂਮਾਹ ਆਮ ਕਰਕੇ ਕਿੱਸਾ-ਕਾਵਿ ਦੇ ਅੰਤਰਗਤ ਪ੍ਰਕ੍ਰਿਤੀ ਚਿਤ੍ਰਨ ਦਾ ਕੰਮ ਵੀ ਕਰਦਾ ਹੈ। ਇਹ ਪ੍ਰਕ੍ਰਿਤੀ-ਚਿਤ੍ਰਨ ਸਾਨੂੰ ਹਰ ਮਹੀਨੇ ਵਿਚ ਵਰਤ ਰਹੀ ਰੁੱਤ ਦਾ ਗਿਆਨ ਕਰਾਉਂਦਾ ਹੈ ਇਸ ਰੁੱਤੀ ਗਿਆਨ ਦੇ ਪਰਭਾਵ ਥੱਲੇ ਹੀ ਸਾਡੀਆਂ ਮਾਨਸਿਕ ਰੁਚੀਆਂ ਪਰੀਵਰਤਨ ਵਿਚ ਆਉਂਦੀਆਂ ਹਨ ਜਿਸ ਨਾਲ ਸਾਡੀ ਖਾਧ ਖੁਰਾਕ ਅਤੇ ਰਹਿਣੀ ਬਹਿਣੀ ਵਿਚ ਆਪ ਮੁਹਾਰੇ ਸਾਨੂੰ ਤਬਦੀਲੀ ਭਾਸਣ ਲੱਗ ਪੈਂਦੀ ਹੈ ਅਤੇ ਸਾਡੇ ਟੈਸਟ ਬਦਲੇ ਪਰਤੀਤ ਹੁੰਦੇ ਹਨ। ਇਨ੍ਹਾਂ ਟੈਸਟਾਂ ਦੇ ਨਾਲ ਸਾਡੀਆਂ ਸੂਝ ਅਤੇ ਸੋਚਣ ਸ਼ਕਤੀਆਂ ਵਿਚ ਤੀਖਣਤਾ ਅਤੇ ਠਰ੍ਹੰਮੇ ਦੀਆਂ

ਮਾਤ੍ਰਾਂ ਘਟ ਵਧ ਹੋ ਜਾਂਦੀਆਂ ਹਨ ਜਿਸ ਨਾਲ ਕਈ ਪਈਆਂ ਗੁੰਝਲਾਂ ਸਹਿਜੇ ਹੀ ਹੱਲ ਹੋਣੀਆਂ ਆਰੰਭ ਹੋ ਜਾਂਦੀਆਂ ਹਨ ਅਤੇ ਨਾਇਕ-ਨਾਇਕਾ ਦੇ ਜੀਵਨ ਵਿਚ ਪਤਝੜ ਤੋਂ ਬਹਾਰ ਵਲ ਪੇਸ਼-ਕਦਮੀ ਦੇ ਚਿੰਨ੍ਹ ਵਿਖਾਈ ਦੇਣੇ ਆਰੰਭ ਕਰ ਦਿੰਦੇ ਹਨ ਜੋ ਛੇਤੀ ਹੀ ਉਨ੍ਹਾਂ ਨੂੰ ਸੁਰਖ਼ਰੂ ਕਰਦੇ ਹੋਏ ਮੰਜ਼ਲੇ-ਮਕਸੂਦ ਤੇ ਪੁੱਜਣ ਵਿਚ ਸਹਾਇਕ ਬਣਦੇ ਹਨ।

ਇਹ ਪ੍ਰਕ੍ਰਿਤੀ ਚਿਤ੍ਰਨ ਰੁੱਤਾਂ ਦੇ ਸੰਦਰਭ ਵਿਚ ਹੀ ਹੁੰਦਾ ਹੈ ਜੋ ਕਿੱਸੇ ਦੇ ਵਾਤਾਵਰਨ ਵਿਚ ਰੋਮਾਂਸਵਾਦ ਦਾ ਪਰਵੇਸ਼ ਕਰਾਉਣ ਦਾ ਇਕ ਜਤਨ ਹੁੰਦਾ ਹੈ। ਇਹ ਵਾਤਾਵਰਨ ਭਿੰਨ ਭਿੰਨ ਰੁੱਤਾਂ ਦੀ ਬਦੌਲਤ ਹੀ ਉਪਜਦੇ ਹਨ ਜੋ ਮਾਸਕ ਇਕਾਈਆਂ ਰਾਹੀਂ ਹੀ ਸਾਰਥਿਕ ਹੁੰਦੀਆਂ ਹਨ । ਇਸ ਪ੍ਰਕਾਰ ਇਨ੍ਹਾਂ ਸਦਕੇ ਕਿੱਸਾ, ਮਹਾਂਕਾਵਿ ਦੇ ਬਹੁਤ ਨੇੜੇ ਪੁਜ ਜਾਂਦਾ ਹੈ। ਕਿਉਂਕਿ ਮਹਾਂਕਾਵਿ ਵਿਚ ਪ੍ਰਕ੍ਰਿਤੀ ਚਿਤ੍ਰਨ ਇਕ ਜ਼ਰੂਰੀ ਸੂਰਤ ਰਹੀ ਹੈ। ਜਿੰਨੀ ਪ੍ਰਬਲਤਾ ਨਾਲ ਬਾਰਾਂਮਾਹ ਵਿਚ ਪ੍ਰਕ੍ਰਿਤੀ ਨੂੰ ਰੂਪਮਾਨ ਕੀਤਾ ਗਿਆ ਹੋਵੇਗਾ ,ਉਨੀ ਹੀ ਨੇੜਤਾ ਉਸ ਕਿੱਸੇ ਨੂੰ ਮਹਾਂਕਾਵਿ ਦੀ ਪ੍ਰਾਪਤ ਹੋਵੇਗੀ ਅਤੇ ਪਾਠਕ ਨੂੰ ਕਿੱਸੇ ਵਿਚ ਹੀ ਮਹਾਂਕਾਵਿ ਦੀ ਝਲਕ ਨਜ਼ਰ ਆ ਜਾਵੇਗੀ।

ਪੰਜਾਬੀ ਗਲਪ-ਪਰਬੰਧ ਖੇਤਰ ਵਿਚ ਜਿੱਥੇ ਕਹਾਣੀ-ਬਿਆਨ ਲਈ ਸੀ-ਹਰਫ਼ੀ ,ਗਜ਼ਲ ਅਤੇ ਹੋਰ ਅਨੇਕਾਂ ਛੰਦ-ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ ਉਥੇ ਬਾਰਾਂਮਾਹ ਵੀ ਇਕ ਛੰਦ-ਜੁਗਤ ਵਜੋਂ ਆਇਆ ਹੈ। ਭਾਵੇਂ ਇਥੇ ਸਤਹੀ ਤੌਰ ਤੇ ਇਹ ਛੰਦ-ਜੁਗਤ ਨਿਰਾਰਥਕ ਹੀ ਭਾਸਦੀ ਹੈ ਪਰ ਅਸਲ ਵਿਚ ਇਹ ਮੁਕੰਮਲ ਅਰਥ ਭਰਪੂਰ ਜੁਗਤ ਹੁੰਦੀ ਹੈ ਜਿਸ ਦੇ ਸਹਾਰੇ ਕਿੱਸੇ ਦਾ ਕਲਾ ਪੱਖ ਪ੍ਰਬਲਤਾ ਗ੍ਰਹਿਣ ਕਰਦਾ ਹੈ।

ਜਿਵੇਂ ਕਿ ਪਹਿਲਾਂ ਵਰਨਣ ਕੀਤਾ ਜਾ ਚੁੱਕਾ ਹੈ ਕਿ ਬਾਰਾਂਮਾਹ ਲੋਕਯਾਨ ਦੇ ਅੰਤਰਗਤ ਇਕ ਅਰਥ ਭਰਪੂਰ ਜੁਗਤ ਹੈ ਜੋ ਭਾਵੇਂ ਇਕ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਹੈ ਪਰ ਪੰਜਾਬੀ ਗਲਪ-ਪਰਬੰਧ ਵਿਚ ਇਹ ਸੋਲ੍ਹਵੀਂ ਸਦੀ ਦੇ ਅੰਤਮ ਦਹਾਕੇ ਦੇ ਨੇੜੇ ਤੇੜੇ ਹੀ ਪ੍ਰਚਲਿਤ ਹੋਈ ਹੈ। ਇਸ ਤਰ੍ਹਾਂ ਸੰਨ 1600 ਈ. ਤੋਂ ਲੈ ਕੇ ਹੁਣ ਤੱਕ ਦੇ ਪ੍ਰਸਿੱਧ ਕਿੱਸਾਕਾਰਾਂ ਅਤੇ ਉਨ੍ਹਾਂ ਦੇ ਰਚਿਤ ਕਿੱਸਿਆਂ ਦਾ ਵੇਰਵਾ ਦੇਂਦੇ ਹਾਂ ਜਿਨ੍ਹਾਂ ਦੇ ਅੰਤਰਗਤ ਬਾਰਾਂਮਾਹ ਦਾ ਪਰਯੋਗ ਕੀਤਾ ਗਿਆ ਮਿਲਦਾ ਹੈ:

| ਕਿੱਸਾਕਾਰ | ਕਿੱਸਾ |
|---|---|
| 1. ਉੱਤਮ ਸਿੰਘ | ਰਾਜਾ ਰਸਾਲੂ, ਪੂਰਨ ਭਗਤ |
| 2. ਅਹਿਮਦਯਾਰ | ਹੀਰ |
| 3. ਅਮੀਰ ਅਲੀ | ਕਿਚਲੂ |
| 4. ਈਸ਼ੁਰ ਸਿੰਘ | ਪਰਤਾਪੀ ਤੇ ਕਾਕਾ ਕਿਰਪਾਲ |
| 5. ਸ਼ਿਵ ਦਿਆਲ | ਰੂਪ ਬਸੰਤ(ਦੋ ਬਾਰਾਂਮਾਹ) |
| 6. ਸਦਾ ਰਾਮ | ਸੱਸੀ-ਪੁੰਨੂੰ |
| 7. ਸੁੱਖਾ ਸਿੰਘ | ਹੀਰ |
| 8. ਹਾਫ਼ਜ਼ ਬਰਖ਼ੁਰਦਾਰ | ਸੱਸੀ-ਪੁੰਨੂੰ |
| 9. ਕਰੀਮ ਬਖਸ਼ | ਸੱਸੀ |
| 10. ਕਾਲੀਦਾਸ ਗੁਜਰਾਂਵਾਲੀਆ | ਪੂਰਨ ਭਗਤ(ਤਿੰਨ ਬਾਰਾਂਮਹ ) |
| 11. ਕਰਤਾਰ ਸਿੰਘ ਕਲਾਸਵਾਲੀਆ | ਜੰਗ ਚਿਤਰਾਲ |
| 12. ਕਲਿਆਣਦਾਸ | ਪੂਰਨ ਭਗਤ(ਪੰਜ ਬਾਰਾਂਮਾਹ ਵਿਚ) |
| 13. ਕਾਲੀਦਾਸ | ਰਾਜਾ ਸਰਿਆਲ |
| 14. ਕਾਂਸ਼ੀ ਰਾਮ ਬਾਵਾ | ਗੋਪੀ ਚੰਦ |

| | |
|---|---|
| 15. ਕਿਹਰ ਸਿੰਘ | ਕਿੱਸਾ ਧੈਨੀ |
| 16. ਕੇਸਰ ਸਿੰਘ | ਰਾਮ-ਸੀਤਾ |
| 17. ਖੁਸ਼ਹਾਲ ਸਿੰਘ | ਪੂਰਨ ਭਗਤ |
| 18. ਖੇਤੂ ਰਾਮ | ਸੁਹਣੀ |
| 19. ਗੁਰਦਿੱਤ ਸਿੰਘ | ਪਰਤਾਪੀ |
| 20. ਗੰਗਾ ਰਾਮ | ਸੁਹਣੀ |
| 21. ਗੁਫ਼ਰਾਨ ਅਹਿਮਦ ਕੁਰੈਸ਼ੀ | ਹੀਰ |
| 22. ਗਿਆਨ ਚੰਦ ਧਵਨ | ਜੈਮਲ-ਫੱਤਾ |
| 23. ਗੋਪਾਲ ਸਿੰਘ | ਹੀਰ |
| 24. ਗੋਕਲ ਚੰਦ | ਹੀਰ |
| 25. ਜੀਵਾ ਸਿੰਘ | ਸੁਹਣੀ |
| 26. ਝੰਡੇ ਸ਼ਾਹ | ਸੁਹਣੀ |
| 27. ਦੌਲਤ ਰਾਮ ਪੰਡਿਤ | ਰੂਪ-ਬਸੰਤ(ਦੋ ਬਾਰਾਂਮਾਹ) |
| 28. ਧਨੀ ਰਾਮ ਚਾਤ੍ਰਿਕ | ਭਰਥਰੀ ਹਰੀ |
| 29. ਪੀਰਾਂਦਿੱਤਾ | ਹੀਰ |
| 30. ਬੁੱਧ ਸਿੰਘ | ਹੀਰ |
| 31. ਬਾਜ਼ਾਰਾ ਸਿੰਘ ਸੰਤ | ਹੀਰ |
| 32. ਬਾਗ਼ ਸਿੰਘ | ਸੁਹਣੀ |
| 33. ਬੂਟਾ ਮਲ ਲਾਲਾ | ਰਾਣੀ ਚੰਦ |
| 34. ਭਗਵਾਨ ਸਿੰਘ | ਹੀਰ |

| | | |
|---|---|---|
| 35. | ਭਗਵਾਨ ਸਿੰਘ ਬਨੂੜੀ | ਹੀਰ |
| 36. | ਮੌਲੇ ਸ਼ਾਹ | ਹੀਰ |
| 37. | ਮੁਹੰਮਦ ਬੂਟਾ ਗੁਜਰਾਤੀ | ਸ਼ੀਰੀਂਫਰਿਆਦ |
| 38. | ਮੁਹੰਮਦ ਬਖਸ਼ | ਸੈਫ਼ਾਲਮਲੂਕ |
| 39. | ਮੀਰਾਂਸ਼ਾਹ | ਹੀਰ |
| 40. | ਮੁਨਸਫ਼ ਮਹਿਣੀ | ਢੋਲਸੰਮੀ |
| 41. | ਮਲਕ ਮੁਹੰਮਦ ਜਾਇਸੀ (ਅਨੁ. ਹਲਵਾਰਵੀ) | ਪਦਮਾਵਤ |
| 42. | ਮੌਲਾਸ਼ਾਹ ਮਜੀਠਵੀ | ਹੀਰ |
| 43. | ਮੌਲਾਬਖਸ਼ ਕੁਸ਼ਤਾ | ਹੀਰ |
| 44. | ਮੋਹਨ ਲਾਲ ਚਵਿੰਡਾ | ਸੱਸੀ |
| 45. | ਮਾਨ ਸਿੰਘ(ਕਾਲੀਦਾਸ) | ਗੋਪੀ ਚੰਦ |
| 46. | ਮਾਨ ਸਿੰਘ ਕਾਦੀਆਂ | ਰੂਪ ਬਸੰਤ |
| 47. | ਲਾਲ ਦਾਸ ਬੈਰਾਗੀ | ਨਰਸੀ ਭਗਤ |
| 48. | ਲਾਲ ਕਵੀ | ਸ਼੍ਰੀ ਸੂਰਜ ਸਿੰਘ |
| 49. | ਵਾਰਸ ਸ਼ਾਹ | ਹੀਰ। |

ਇਨ੍ਹਾਂ ਤੋਂ ਉਪਰੰਤ ਬਹੁਤ ਸਾਰੇ ਕਿੱਸੇ ਜਿਨ੍ਹਾਂ ਵਿਚ ਬਾਰਾਂਮਾਹ ਸ਼ਾਮਲ ਹਨ, ਕੁਝ ਕੁ ਅਗਿਆਤ ਕਿੱਸਾਕਾਰਾਂ ਦੇ ਵੀ ਮਿਲਦੇ ਹਨ ਜਿਨ੍ਹਾਂ ਵਿਚੋਂ ਮਿਰਜ਼ਾ ਸਾਹਿਬਾਂ, ਕੰਵਰ ਨੌਨਿਹਾਲ ਸਿੰਘ, ਦੁੱਲਾਭੱਟੀ, ਮਲਕੀ ਕੀਮਾ, ਰੂਪ ਬਸੰਤ ਤੇ ਜੱਗਾ ਬਹੁਤ ਹੀ ਪ੍ਰਸਿੱਧ ਹਨ।

******
***
*

## ਅਧਿਆਇ ਪੰਜਵਾਂ

*

*

*

*

*

*

*

*

*

*

* ਬਾਰਾਂਮਾਹ ਦੀ ਹੋਂਦ-ਵਿਧੀ

ਬਾਰਾਂਮਾਹ ਇਕ ਸਭਿਆਚਾਰਕ ਬਣਤਰ – ਸਮਾਜਕ ਤੇ ਸਭਿਆਚਾਰਕ ਵਿਰਸੇ ਵਿਚ ਬਾਰਾਂਮਾਹ ਦੀ ਕਾਰਜ-ਸ਼ੀਲਤਾ – ਸਮਾਜਕ ਪਰਾਪਤੀ ਦੀ ਸਾਰਥਿਕਤਾ ਵਿਚ ਬਾਰਾਂਮਾਹ ਦਾ ਰੋਲ – ਭਾਸ਼ਾ-ਵਿਗਿਆਨ ਮਾਡਲ, ਬਾਰਾਂਮਾਹ ਦੀ ਬਣਤਰ ਤੇ ਸਭਿਆਚਾਰ ਦਾ ਪ੍ਰਸਪਰ ਸੰਬੰਧ– ਸਮਾਜ-ਸਿਸਟਮ ਤੇ ਬਾਰਾਂਮਾਹ – ਬਾਰਾਂਮਾਹ ਦੀ ਭਾਸ਼ਕ ਤੇ ਚਿਹਨਕ ਸਾਰਥਿਕਤਾਂ – ਬਾਰਾਂਮਾਹ ਸੁਗਠਿਤ ਪ੍ਰਬੰਧ ਅਤੇ ਬਾਰਾਂ ਮਾਹ ਅਤਿਰਿਕਤ ਪ੍ਰਬੰਧ – ਪੰਜਾਬ ਦੀ ਕਾਵਿ-ਰਚਨ ਪ੍ਰਕ੍ਰਿਆ ਵਿਚ ਬਾਰਾਂਮਾਹ ਇਕ ਰਚਨ-ਸੰਸਕਾਰ ਦੇ ਅਰਥਾਂ ਵਿਚ – ਇਸ ਆਧਾਰ ਤੇ ਬਾਰਾਂਮਾਹ ਦੀ ਹੋਂਦ-ਵਿਧੀ ਦਾ ਚਰਿਤ੍ਰ।

****

## ਅਧਿਆਇ ਪੰਜਵਾਂ

## ਬਾਰਾਂਮਾਹ ਦੀ ਹੋਂਦ-ਵਿਧੀ

ਬਾਰਾਂਮਾਹ ਸਾਡੀ ਸਭਿਆਚਾਰਕ ਪਰੰਪਰਾ ਦੇ ਅੰਤਰਗਤ ਇਕ ਐਸੀ ਬਣਤਰ ਹੈ ਜੋ ਸਾਡੇ ਸਮੁੱਚੇ ਸਮਾਜਕ ਵਿਰਸੇ ਵਿਚ ਨਿਰੰਤਰ ਕਾਰਜਸ਼ੀਲ ਤੁਰੀ ਆਉਂਦੀ ਹੈ।

ਸ਼ੋਧ-ਪਰਬੰਧ ਦੇ ਪੂਰਬਲੇ ਕਾਂਡਾਂ ਵਿਚ ਅਸੀਂ ਇਹ ਵੇਖ ਆਏ ਹਾਂ ਕਿ ਇਸ ਬਣਤਰ ਨੇ ਸਾਡੇ ਪ੍ਰਾਕ੍ਰਿਤਕ ਜੀਵਨ ਤੋਂ ਲੈ ਕੇ ਅਧਿਆਤਮਕ ਪ੍ਰਾਪਤੀਆਂ ਤੀਕ ਆਪਣਾ ਰੋਲ ਨਿਭਾਇਆ ਹੈ। ਇਹ ਹਰ ਪ੍ਰਾਪਤੀ ਨੂੰ ਸਾਰਥਿਕ ਕਰਨ ਵਿਚ ਆਪਣਾ ਯੋਗਦਾਨ ਪਾਉਣ ਵਾਲੀ ਇਕ ਬਣਤਰ ਹੈ। ਇਸਦੇ ਸਹੀ ਚ੍ਰਿੱਤਰ ਨੂੰ ਜਾਨਣ ਲਈ ਸਾਨੂੰ ਭਾਸ਼ਾ-ਵਿਗਿਆਨ ਦੇ ਮਾਡਲ ਤੋਂ ਪ੍ਰੇਰਨਾ ਲੈਣੀ ਉਚਿੱਤ ਜਾਪਦੀ ਹੈ। ਆਧੁਨਿਕ ਭਾਸ਼ਾ-ਵਿਗਿਆਨ ਜਿਹੜੀ ਬੁਨਿਆਦੀ ਗੱਲ ਸਾਨੂੰ ਸਮਝਾਉਂਦਾ ਹੈ ਉਸਦਾ ਸੰਬੰਧ ਸਿਸਟਮ ਨਾਲ ਹੈ। ਅਰਥਾਤ ਆਧੁਨਿਕ ਭਾਸ਼ਾ-ਵਿਗਿਆਨ ਸਭ ਤੋਂ ਪਹਿਲਾਂ ਇਹ ਗੱਲ ਮੰਨਦਾ ਹੈ ਕਿ ਮਨੁੱਖੀ ਸਭਿਆਚਾਰ ਜੋ ਕਈ ਕਈ ਪਹਿਲੂਆਂ ਤੇ ਪਰਯੋਜਨਾਂ ਤੀਕ ਫੈਲਿਆ ਨਜ਼ਰ ਆਉਂਦਾ ਹੈ, ਭਾਸ਼ਾ ਦਾ ਹੀ ਬਣਿਆ ਹੁੰਦਾ ਹੈ। ਅਰਥਾਤ ਸਭਿਆਚਾਰ ਦੇ ਸਾਰੇ ਪਹਿਲੂਆਂ ਨੂੰ ਸੰਭਵ ਕਰਨ ਲਈ ਭਾਸ਼ਾ ਤੋਂ ਬਿਨਾਂ ਹੋਰ ਕੋਈ ਵਸੀਲਾ ਨਹੀਂ। ਇਸ ਲਈ ਸਾਰੇ ਸਭਿਆਚਾਰ ਨੂੰ ਭਾਸ਼ਾ ਹੀ ਖ਼ਿਆਲ ਕੀਤਾ ਜਾਂਦਾ ਹੈ।[1]

---

1. ਤਰਲੋਕ ਸਿੰਘ ਕੰਵਰ(ਡਾ.) , ਮਾਨ ਪ੍ਰਤਿਮਾਨ; ਸੰਕੇਤ ਮੰਡਲ ਪ੍ਰਕਾਸ਼ਨ, ਜਲੰਧਰ, 1975, ਪੰਨਾ 5-10.

ਇਸ ਤੋਂ ਅਗਲਾ ਸੰਕਲਪ ਇਸ ਸਾਰੇ ਸਭਿਆਚਾਰ ਨੂੰ ਸਿਸਟਮ ਵਾਂਗ ਗ੍ਰਹਿਣ ਕਰਨ ਦਾ ਹੈ। ਸਿਸਟਮ ਤੋਂ ਭਾਵ ਸੁਗਠਿਤ ਪਰਬੰਧ ਦਾ ਹੈ। ਇਹ ਪਰਬੰਧ ਕਈ ਪੱਧਰਾਂ ਵਿਚ ਵੰਡਿਆ ਹੁੰਦਾ ਹੈ ਤੇ ਹਰ ਪੱਧਰ ਆਪਣੇ ਆਪ ਵਿਚ ਅਗੋਂ ਇਕ ਛੋਟਾ ਪਰਬੰਧ ਹੁੰਦੀ ਹੈ। ਇਸ ਲਈ ਸਿਸਟਮ ਕਈ ਪ੍ਰਕਾਰ ਦੇ ਉਪ-ਸੰਗਠਨਾਂ ਦਾ ਵੱਡਾ ਸੰਗਠਨ ਹੁੰਦਾ ਹੈ।[2] ਭਾਸ਼ਾ ਦੇ ਸੰਦਰਭ ਵਿਚ ਇਹ ਸੰਗਠਨ ਧੁਨੀਆਂ ਤੋਂ ਸ਼ੁਰੂ ਹੋ ਕੇ ਵਾਕ-ਵਿਨਿਆਸ ਤੀਕ ਚਲਿਆ ਜਾਂਦਾ ਹੈ। ਧੁਨੀਆਂ, ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥ ਰਹਿਤ ਇਕਾਈ ਹੁੰਦੀ ਹੈ ਤੇ ਵਾਕ ਭਾਸ਼ਾ ਦੀ ਵੱਡੀ ਤੋਂ ਵੱਡੀ ਅਰਥਸ਼ੀਲ ਏਕਤਾ ਹੁੰਦਾ ਹੈ। ਅਰਥਾਤ ਅਸੀਂ ਵੱਡੀ ਏਕਤਾ ਨੂੰ ਛੋਟੀਆਂ ਛੋਟੀਆਂ ਇਕਾਈਆਂ ਵਿਚ ਵੰਡ ਕੇ ਉਪਰੋਂ ਹੇਠਾਂ ਨੂੰ ਤੇ ਹੇਠੋਂ ਉਪਰ ਨੂੰ ਸਫ਼ਰ ਕਰ ਸਕਦੇ ਹਾਂ ਤੇ ਇਸ ਸਫ਼ਰ ਵਿਚ ਹਰ ਪ੍ਰਾਪਤੀ ਨੂੰ ਸੁਗਠੱਤ ਪਰਬੰਧ ਦੇ ਅਰਥਾਂ ਵਿਚ ਗ੍ਰਹਿਣ ਕਰ ਸਕਦੇ ਹਾਂ।

ਇਸ ਭਾਸ਼ਾ ਤੇ ਸਿਸਟਮ ਦੇ ਦੂਹਰੇ ਮਾਡਲ ਦੇ ਆਧਾਰ ਤੇ ਜਦੋਂ ਅਸੀਂ ਸਭਿਆਚਾਰ ਦੇ ਦੂਸਰੇ ਪਹਿਲੂਆਂ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਅਸੀਂ ਵਾਕ ਦੇ ਮਾਡਲ ਨੂੰ ਆਧਾਰ ਬਣਾ ਕੇ ਵਾਕ ਅਤ੍ਰਿਕਤ ਬਣਤਰਾਂ ਨੂੰ ਅਗਲੀਆਂ ਪ੍ਰਾਪਤੀਆਂ ਲਈ ਆਪਣੇ ਨਾਲ ਤੋਰ ਸਕਦੇ ਹਾਂ। ਬਾਰਾਂਮਾਹ ਦੇ ਪਰਸੰਗ ਵਿਚ ਵੀ ਅਸੀਂ ਇਹ ਗੱਲ ਬੜੀ ਆਸਾਨੀ ਨਾਲ ਕਹਿ ਸਕਦੇ ਹਾਂ।

ਬਾਰਾਂਮਾਹ ਵੀ ਆਪਣੇ ਆਪ ਵਿਚ ਇਕ ਸੁਗਠੱਤ ਪਰਬੰਧ ਹੈ। ਇਹ ਪਰਬੰਧ ਮਾਨਵੀ ਸਭਿਆਚਾਰ ਦੇ ਅੰਤਰਗਤ ਕਾਲ-ਪਰੀਵਰਤਨ ਉਪਰ ਅਧਿਕਾਰ ਪ੍ਰਾਪਤ ਕਰਨ ਵਾਲਾ ਪਰਬੰਧ ਹੈ। ਬਾਰਾਂ ਮਹੀਨਿਆਂ ਦੇ ਸੰਗਠਨ ਉਪਰ ਆਧਾਰਤ ਇਹ ਪਰਬੰਧ ਕਾਲ ਵਿਚ ਪਈ ਮਾਨਵੀ ਸੰਸਕ੍ਰਿਤੀ ਦਾ ਅਧਿਐਨ ਕਰਦਾ ਹੈ ਤੇ

---

2. Ackroyd, Peter, Notes for a New Culture., Vision Press Ltd., London, 1976, pp. 145-147.

ਇਸ ਤਰ੍ਹਾਂ ਬਾਰਾਂਮਹੀਨਿਆਂ ਦੇ ਪਰੀਵਰਤਨ ਨੂੰ ਆਪਣੇ ਵੱਸ ਵਿਚ ਕਰਕੇ ਇਕ ਵਾਕ ਦੇ ਅਨੁਰੂਪ ਸਿਸਟਮ ਬਣਾ ਲੈਂਦਾ ਹੈ। ਜਿਵੇਂ ਅਸੀਂ ਵਾਕ ਨੂੰ ਕਈ ਉਪ-ਬਣਤਰਾਂ ਵਿਚ ਵੰਡ ਕੇ ਵੇਖ ਸਕਦੇ ਹਾਂ, ਇਸੀ ਤਰ੍ਹਾਂ ਅਸੀਂ ਬਾਰਾਂ ਮਹੀਨਿਆਂ ਵਿਚ ਸੀਮਤ ਕਾਲ ਦੇ ਸੰਗਠਨ ਨੂੰ ਮਹੀਨਿਆਂ, ਹਫ਼ਤਿਆਂ, ਵਾਰਾਂ ਤੇ ਘੰਟਿਆਂ ਆਦਿ ਵਿਚ ਨਿਰੰਤਰ ਵੰਡ ਕੇ ਵੇਖ ਸਕਦੇ ਹਾਂ। ਇਉਂ ਬਾਰਾਂਮਾਹ ਸਾਡੇ ਲਈ ਵਾਕ ਵਰਗੀ ਹੀ ਇਕ ਐਸੀ ਤਿਆਰ ਪਰ ਤਿਆਰ ਬਣਤਰ ਹੋ ਨਿਬੜਦੀ ਹੈ ਜਿਸਦੀ ਮਦਦ ਨਾਲ ਅਸੀਂ ਹੋਰ ਅਗੋਂ ਸਾਡੀ ਪਕੜ ਵਿਚ ਆਉਣ ਵਾਲੀ ਸਾਮਗਰੀ ਨੂੰ ਵਧੇਰੇ ਸੁਗਠਿਤ ਰੂਪ ਵਿਚ ਵੇਖ ਸਕਦੇ ਹਾਂ।

ਇਸ ਤਰ੍ਹਾਂ ਬਾਰਾਂਮਾਹ ਵੀ ਇਕ ਐਸੀ ਪ੍ਰਾਪਤੀ ਹੋ ਨਿਬੜਦਾ ਹੈ ਜਿਸਦੀ ਮਦਦ ਨਾਲ ਅਸੀਂ ਹੋਰ ਅਜਿਹੀ ਸਾਮਗਰੀ ਨੂੰ ਸਾਰਥਕ ਕਰਨ ਦੇ ਯੋਗ ਹੁੰਦੇ ਹਾਂ ਜਿਹੜੀ ਆਪਣੀ ਪ੍ਰਕ੍ਰਿਤੀ ਵਿਚ ਸਿੱਧੀ ਕਾਲਵਾਚਕ ਨਹੀਂ ਹੁੰਦੀ ਤੇ ਨਾਂ ਹੀ ਉਸਦਾ ਬੁਨਿਆਦੀ ਸੰਬੰਧ ਬਾਰਾਂ ਮਹੀਨਿਆਂ ਨਾਲ ਹੁੰਦਾ ਹੈ। ਜਿਵੇਂ ਭਾਸ਼ਾ ਦੇ ਵਾਕ ਰਾਹੀਂ ਅਸੀਂ ਭਾਸ਼ਾ ਅਤ੍ਰਿਕਤ ਬਣਤਰਾਂ ਬਣਾਉਣ ਦੇ ਯੋਗ ਹੁੰਦੇ ਹਾਂ ਇਸੀ ਤਰ੍ਹਾਂ ਬਾਰਾਂਮਾਹ ਦੇ ਆਧਾਰ ਉਤੇ ਅਸੀਂ ਬਾਰਾਂਮਾਹ ਅਤ੍ਰਿਕਤ ਬਣਤਰਾਂ ਬਣਾਉਣ ਦੇ ਯੋਗ ਵੀ ਹੋ ਸਕਦੇ ਹਾਂ।

ਇਹ ਪ੍ਰਕ੍ਰਿਆ ਅਸਲ ਵਿਚ ਅਰਥਾਂ ਦੇ ਸਿਰਜਣ ਦੀ ਅਤੇ ਸੰਚਾਰ ਦੀ ਪ੍ਰਕ੍ਰਿਆ ਹੈ। ਮਨੁੱਖੀ ਭਾਈਚਾਰੇ ਅਤੇ ਸਭਿਆਚਾਰ ਦਾ ਸਾਰਾ ਤਾਣਾ ਬਾਣਾ ਇਸ ਸੰਚਾਰ ਪ੍ਰਕ੍ਰਿਆ ਵਿਚ ਪਿਆ ਹੀ ਰਹਿੰਦਾ ਹੈ। ਇਸ ਸੰਚਾਰ ਪ੍ਰਕ੍ਰਿਆ ਵਿਚ ਮਨੁੱਖ ਨੂੰ ਜਿਹੜੀ ਵਿਸ਼ੇਸ਼ ਪ੍ਰਾਪਤੀ ਹੁੰਦੀ ਹੈ ਉਹ ਇਸ ਦੇ ਚਿਹਨਕੀ ਕਿਰਦਾਰ ਨਾਲ ਸੰਬੰਧਤ ਹੈ। ਇਸਦਾ ਅਰਥ ਇਹ ਹੈ ਕਿ ਮਨੁੱਖ ਆਪਣੀ ਪਕੜ ਵਿਚ ਆਉਣ ਵਾਲੇ ਪਦਾਰਥਾਂ

ਨੂੰ ਪਦਾਰਥ ਮੁਕਤ ਕਰਕੇ ਚਿਹਨ ਬਣਾ ਸਕਦਾ ਹੈ। ਇਸ ਨੂੰ ਮਨੁੱਖ ਦੀ ਚਿਹਨਕੀ ਸੁਤੰਤਰਤਾ ਦਾ ਨਾਂ ਦਿੱਤਾ ਗਿਆ ਹੈ।[3] ਇਸ ਸਦਕਾ ਮਨੁੱਖ ਆਪਣੀ ਹਰ ਅਰਥਸ਼ੀਲ ਬਣਤਰ ਨੂੰ ਦੂਜੇਲੇ ਤੇ ਓਪਰੇ ਪਰਵਚਨਾਂ ਦੇ ਰਚਣ ਲਈ ਨਿਰੰਤਰ ਵਰਤਦਾ ਚਲਾ ਜਾਂਦਾ ਹੈ।

ਅਸੀਂ ਇਸ ਧਾਰਨਾ ਨੂੰ ਪੰਜਾਬੀ ਬਾਰਾਂਮਾਹ ਦੇ ਪਰਸੰਗ ਵਿਚ ਰਖ ਕੇ ਵੇਖਦੇ ਹਾਂ ਤਾਂ ਸਾਨੂੰ ਇਹ ਗੱਲ ਬਹੁਤ ਹੀ ਉਘੜਵੇਂ ਅਰਥਾਂ ਵਿਚ ਸਪਸ਼ਟ ਹੁੰਦੀ ਪਰਤੀਤ ਹੁੰਦੀ ਹੈ। ਇਸ ਨਾਲ ਬਾਰਾਂਮਾਹ ਆਪਣੀ ਪ੍ਰਕ੍ਰਿਤੀ ਤੋਂ ਨਿਰੰਤਰ ਮੁਕਤ ਹੁੰਦਾ ਆਪਣੇ ਕਿਰਦਾਰ ਨੂੰ ਸਪਸ਼ਟ ਕਰਦਾ ਚਲਿਆ ਜਾਂਦਾ ਹੈ। ਇਹ ਗੱਲ ਇਥੋਂ ਤੀਕ ਪੁੱਜ ਜਾਂਦੀ ਹੈ ਕਿ ਕਈ ਹਾਲਤਾਂ ਵਿਚ ਬਾਰਾਂਮਾਹ ਆਪਣੀ ਬੁਨਿਆਦੀ ਪ੍ਰਕ੍ਰਿਤੀ ਲਗਭਗ ਗੁਆ ਬਹਿੰਦਾ ਹੈ ਅਤੇ ਸਪਸ਼ਟ ਹੀ ਸੰਦੇਸ ਸੰਚਾਰ ਦਾ ਜਾਂ ਦ੍ਰਿਸ਼ਟੀ ਸਿਰਜਨ ਦਾ ਰੋਲ ਨਿਭਾਂਦਾ ਹੈ। ਅਸੀਂ ਫਿਰ ਇਸ ਗੱਲ ਨੂੰ ਸਪਸ਼ਟ ਕਰਨ ਲਈ ਵਾਕ ਵੱਲ ਮੁੜਦੇ ਹਾਂ। ਵਾਕ ਦੀ ਬਣਤਰ ਨੂੰ ਧਿਆਨ ਵਿਚ ਰਖਦਿਆਂ ਅਸੀਂ ਇਹ ਪਰਤੀਤ ਕਰ ਸਕਦੇ ਹਾਂ ਕਿ ਵਾਕ ਦੀ ਕੋਈ ਬੁਨਿਆਦੀ ਪ੍ਰਕ੍ਰਿਤੀ ਨਹੀਂ ਹੁੰਦੀ। ਉਹ ਮਾਨਵੀ ਜੀਵਨ ਦੇ ਕਈ ਪਹਿਲੂਆਂ ਤੇ ਪਰਯੋਜਨਾਂ ਨੂੰ ਸਾਕਾਰ ਕਰਨ ਲਈ ਵਰਤਿਆ ਜਾ ਸਕਦਾ ਹੈ। ਅਜਿਹਾ ਹੀ ਵਿਆਪਕ ਚਿਤਰ ਅਸੀਂ ਵਾਕ ਅਤ੍ਰਿਕਤ ਬਣਤਰਾਂ ਵਿਚ ਵੀ ਕੰਮ ਕਰਦਾ ਵੇਖ ਸਕਦੇ ਹਾਂ।

ਬਾਰਾਂਮਾਹ ਦੀ ਗੱਲ ਜੇ ਅਸੀਂ ਪ੍ਰਕ੍ਰਿਤੀ ਤੋਂ ਸ਼ੁਰੂ ਕਰੀਏ ਤਾਂ ਅਸੀਂ ਇਹ ਕਹਾਂਗੇ ਕਿ ਇਹ ਕਾਲ ਤੇ ਪ੍ਰਕ੍ਰਿਤੀ ਨੂੰ ਅਰਥ ਦੇਣ ਵਾਲਾ ਰੂਪ-ਪਰਬੰਧ ਹੈ। ਪਰ ਜਦੋਂ ਅਸੀਂ ਇਸ ਰੂਪ-ਪਰਬੰਧ ਵਿਚ ਵਿਜੋਗਣ ਦੇ ਮਨ ਦੀ ਦਸ਼ਾ ਨੂੰ ਸੰਮਿਲਤ

---

3. **Barthes, Reland, Elmments of Semielegy, Janathan Cape London, 1967, pp. 10-15.**

ਹੋਇਆ ਵੇਖਦੇ ਹਾਂ ਤਾਂ ਪਤਾ ਚਲਦਾ ਹੈ ਕਿ ਪ੍ਰਕ੍ਰਿਤੀ-ਪਰੀਵਰਤਨ ਤੇ ਵਿਜੋਗਣ ਦੇ ਮਨ ਦੀ ਦਸ਼ਾ ਵਿਚ ਕੋਈ ਸਿੱਧਾ ਨਿਰੰਤਰ ਤੇ ਕਾਰਜ-ਕਾਰਨ ਯੁਕਤ ਰਿਸ਼ਤਾ ਨਹੀਂ ਬਣਦਾ। ਸਗੋਂ ਇਹ ਤਾਂ ਇਕ ਬਣਾਉਟੀ ਜਿਹਾ ਰਿਸ਼ਤਾ ਥਾਪਿਆ ਗਿਆ ਹੈ ਜਿਸ ਰਾਹੀਂ ਬਾਰਾਂਮਾਹ ਨੂੰ ਵਰਤ ਕੇ ਵਿਜੋਗਣ ਦੇ ਮਨ ਦੀ ਦਸ਼ਾ ਦੀ ਥੀਮ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਤੋਂ ਅਗਲੀ ਅਵਸਥਾ ਵਿਜੋਗਣ ਦੇ ਨਾਲ ਅਧਿਆਤਮਕਤਾ ਨੂੰ ਸੰਮਿਲਤ ਕਰਨ ਦੀ ਹੈ। ਇਥੋਂ ਫਿਰ ਇਹੋ ਸੂਚਨਾ ਮਿਲਦੀ ਹੈ ਕਿ ਅਧਿਆਤਮਕਤਾ ਦਾ ਵਿਜੋਗਣ ਨਾਲ ਕੋਈ ਸਿੱਧਾ ਰਿਸ਼ਤਾ ਨਹੀਂ। ਇਉਂ ਬਾਰਾਂਮਾਹ, ਵਿਜੋਗਣ ਦੀ ਦਸ਼ਾ ਤੇ ਅਧਿਆਤਮਕਤਾ, ਤਿੰਨ ਪ੍ਰਕਾਰ ਦੀਆਂ ਬਣਤਰਾਂ ਇਕ ਜਟਿੱਲ ਪਰਬੰਧ ਨੂੰ ਸਿਰਜਨ ਦਾ ਕਾਰਜ ਕਰਦੀਆਂ ਪਰਤੀਤ ਹੁੰਦੀਆਂ ਹਨ ਅਤੇ ਇਨ੍ਹਾਂ ਸਾਰੀਆਂ ਦੇ ਪਿਛੋਕੜ ਵਿਚ ਭਾਸ਼ਾ ਪਰਬੰਧ ਇਨ੍ਹਾਂ ਨੂੰ ਸੁਨਿਯਮਤ ਕਰਨ ਦਾ ਕਾਰਜ ਕਰ ਰਿਹਾ ਹੁੰਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਰਾਂਮਾਹ ਦੀ ਹੋਂਦ-ਵਿਧੀ ਦਾ ਪ੍ਰਸ਼ਨ ਉਸਦੇ ਚਿਹਨਕੀ ਕਿਰਦਾਰ ਨਾਲ ਸੰਬੰਧਤ ਹੈ। ਅਰਥਾਤ ਉਹ ਆਪਣੀ ਬੁਨਿਆਦੀ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਪੇ ਤੋਂ ਬਾਹਰੇ ਅਰਥਾਂ ਦੇ ਪਰਸੰਗਾਂ ਨੂੰ ਅਭਿਵਿਅਕਤੀ ਦੇਣ ਦਾ ਸਾਧਨ ਬਣਦਾ ਹੈ। ਇਸ ਗਤੀ ਵਿਚ ਬਾਰਾਂਮਾਹ ਦੇ ਪ੍ਰਕ੍ਰਿਕ ਅਰਥ ਜਾਂ ਤਾਤਵਿਕ ਅਰਥ ਨਿਰੰਤਰ ਭੰਗ ਹੁੰਦੇ ਚਲੇ ਜਾਂਦੇ ਹਨ ਅਤੇ ਇਸਦਾ ਚਿਤਰ ਇਸ ਦੀ ਚਿਹਨਕੀ ਗਤੀ ਅਤੇ ਸੱਖਣੇ ਰੂਪ ਵਜੋਂ ਵਰਤੇ ਜਾਣ ਵਿਚੋਂ ਸਾਕਾਰ ਹੁੰਦਾ ਹੈ। ਅਸੀਂ ਆਪਣੀ ਇਸ ਧਾਰਨਾ ਨੂੰ ਸਪਸ਼ਟ ਕਰਨ ਲਈ ਪੰਜਾਬ ਦੇ ਲੋਕ-ਸਭਿਆਚਾਰ ਤੋਂ ਲੈ ਕੇ ਆਧੁਨਿਕ ਕਾਲ-ਪ੍ਰਾਪਤੀਆਂ ਦਾ ਉਦਾਹਰਨ ਲੈ ਸਕਦੇ ਹਾਂ। ਲੋਕ-ਸਭਿਆਚਾਰ ਵਿਚ ਬਾਰਾਂਮਾਹ ਪ੍ਰਕ੍ਰਿਤੀ ਦੇ ਪਰੀਵਰਤਨ ਵਿਚੋਂ ਉਘੜਨ ਵਾਲੀ ਪਦਾਰਥਕ ਪ੍ਰਾਪਤੀ ਤੇ ਇਸ ਨਾਲ ਮਨੁੱਖੀ ਭਾਈਚਾਰੇ

ਦੇ ਸੰਬੰਧ ਨੂੰ ਪ੍ਰਗਟ ਕਰਦਾ ਹੈ। ਇਸ ਨੂੰ ਅਗੋਂ ਸਾਡੀ ਸਭਿਆਚਾਰਕ ਪਰੰਪਰਾ ਨੇ ਵਿਜੋਗ ਅਧਿਆਤਮ ਅਤੇ ਪਾਰਲੌਕਿਕ ਅਧਿਆਤਮ ਨੂੰ ਸਾਕਾਰ ਕਰਨ ਲਈ ਵਰਤੋਂ ਵਿਚ ਲਿਆਂਦਾ ਹੈ। ਗੁਰੂਆਂ ਦੇ ਬਾਰਾਂਮਾਹ ਤੇ ਸੂਫੀਆਂ ਦੇ ਬਾਰਾਂਮਾਹ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਇਸੀ ਤਰ੍ਹਾਂ ਕਿੱਸਾ ਕਾਵਿ ਦੇ ਅੰਤਰਗਤ ਵੀ ਬਾਰਾਂਮਾਹ ਨੂੰ ਇਕ ਵਖੱਰੇ ਮੋਟਿਫ਼ ਦੀ ਮਾਨਤਾ ਮਿਲੀ ਹੋਈ ਹੈ।

ਆਧੁਨਿਕ ਯੁੱਗ ਵਿਚ ਬਾਰਾਂਮਾਹ ਨੂੰ ਸਾਡੇ ਕਵੀਆਂ ਨੇ ਇਕ ਲੋਕ-ਰੂੜ੍ਹੀ ਵਜੋਂ ਗ੍ਰਹਿਣ ਕੀਤਾ ਹੈ ਤੇ ਇਸ ਨੂੰ ਆਧੁਨਿਕ ਯੁੱਗ ਦੀ ਦ੍ਰਿਸ਼ਟੀ ਦੇ ਨਿਰੂਪਣ ਲਈ ਵਰਤਿਆ ਹੈ। ਅਸੀਂ ਮਿਸਾਲ ਵਜੋਂ ਅੰਮ੍ਰਿਤਾ-ਪ੍ਰੀਤਮ ਦੀ ਕਵਿਤਾ ਲੈ ਸਕਦੇ ਹਾਂ।[4] ਅੰਮ੍ਰਿਤਾ -ਪ੍ਰੀਤਮ ਨੇ ਇਸ ਲੋਕ-ਰੂੜ੍ਹੀ ਨੂੰ ਇਕ ਤਾਂ ਪ੍ਰਗਤੀਵਾਦੀ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਰਤਿਆ ਹੈ ਤੇ ਦੂਜਾ ਆਪਣੀ ਪ੍ਰੇਮ-ਅਨੁਭੂਤੀ ਤੇ ਕਾਵਿ-ਅਨੁਭੂਤੀ ਨੂੰ ਪ੍ਰਗਟਾਉਣ ਲਈ ਵੀ ਇਸਦੀ ਵਰਤੋਂ ਕੀਤੀ ਹੈ। ਜਦੋਂ ਉਹ ਕੱਤਕ ਦੇ ਮਹੀਨੇ ਵਿਚ ਧੱਕੇ ਸ਼ੁਹਿਦ ਦੀ ਪ੍ਰਾਪਤੀ ਨੂੰ ਧਿਆਨ ਵਿਚ ਰਖਦਿਆਂ ਆਪਣੇ ਪ੍ਰੇਮ ਦੀ ਭਰਪੂਰਤਾ ਨੂੰ ਚਿਤਵਦੀ ਹੈ ਜਾਂ ਵਿਜੋਗ ਦੀ ਸਥਿਤੀ ਵਿਚ 'ਬਾਰਾਂਮਾਹ ਹੀ ਤੇਰੇ ਵਿਜੋਗ ਵਾਲੇ' ਕਹਿੰਦੀ ਹੈ ਜਾਂ ਭਰੇ ਤੇ ਨਿਖਰੇ ਚੇਤਰ ਦੀ ਬਹਾਰ ਨੂੰ ਪਿਆਰ ਦੇ ਸੌਦੇ ਵਜੋਂ ਕਬੂਲਦੀ ਹੈ ਤਾਂ ਪਤਾ ਚਲਦਾ ਹੈ ਕਿ ਬਾਰਾਂਮਾਹ ਦੀ ਪਰੰਪਰਾਗਤ ਲੋਕ-ਰੂੜ੍ਹੀ ਅੰਮ੍ਰਿਤਾ ਪ੍ਰੀਤਮ ਦੀ ਸਮੁੱਚੀ ਕਾਵਿ-ਪ੍ਰਾਪਤੀ ਦੇ ਅੰਤਰਗਤ ਇਕ ਬੁਨਿਆਦੀ ਸੰਗਠਨ ਸੰਸਕਾਰ ਵਾਂਗੂ ਪਸਰੀ ਪਈ ਹੈ ਅਤੇ ਇਹ ਕਾਵਿਤ੍ਰੀ ਅਚੇਤ ਤੇ ਸੁਚੇਤ ਦੋਹਾਂ ਪੱਧਰਾਂ ਉੱਤੇ ਬਾਰਾਂਮਾਹੀ ਜੁਗਤ ਦੇ ਇਸ ਸੰਸਕਾਰ ਦੀ ਵਰਤੋਂ ਕਰਦੀ ਹੈ। ਇਸੀ ਤਰ੍ਹਾਂ ਹੋਰ ਆਧੁਨਿਕ ਕਵੀਆਂ ਨੇ ਵੀ ਇਸਦੀ ਵਰਤੋਂ ਕੀਤੀ ਹੈ। ਜਦੋਂ ਹਰਭਜਨ ਸਿੰਘ ਇਹ ਗੀਤ ਲਿਖਦਾ ਹੈ:

---

4. ਅੰਮ੍ਰਿਤਾ ਪ੍ਰੀਤਮ, ਸੁਨੇਹੜੇ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿਲੀ, 1960, ਪੰਨਾ 28, 60, 61-68, 72-90 ਅਤੇ ਛੇ ਰੁੱ ਤਾਂ; ਪੰਨਾ 17-20. 40-56.

"ਰਾਮਾ ਨਹੀ ਮੁੱਕਦੀ ਫੁਲਕਾਰੀ॥
ਮੈਂ ਕਰ ਕਰ ਜਤਨਾ ਹਾਰੀ।
ਲੈ ਕੇ ਲੱਖ ਅਜਬ ਸੁਗਾਤਾਂ,
ਸੌ ਰੁੱਤ ਮਹੀਨੇ ਆਏ।
ਕਰ ਉਮਰਾ ਦੀ ਪਰਦਖਣਾ,
ਸਭ ਤੁਰ ਗਏ ਭਰੇ ਭਰਾਏ॥

- - - - - - - - - - -

- - - - - - - - - - -

ਜਿੰਦ ਨਿਕੜੀ ਤੇ ਹਾੜ ਮਹੀਨਾ,
ਤਨ ਤਪੈ ਪਸੀਨਾ ਚੋਏ॥
ਅਸਾਂ ਮਹਿੰਗੇ ਮੁੱਲ ਦੇ ਮੋਤੀ,
ਜਿੰਦ ਪਤਲੀ ਦੇ ਪੱਟ ਪਰੋਏ।

ਤਾਂ ਸਪਸ਼ਟ ਹੁੰਦਾ ਹੈ ਕਿ ਬਾਰਾਂਮਾਹੀ ਜੁਗਤ ਦਾ ਸੰਸਕਾਰ ਕਾਇਆ ਪਲਟ ਪਲਟ ਕੇ ਨਵੇਂ ਅਰਥਾਂ ਦੇ ਸੰਗਠਨ ਲਈ ਵਰਤਿਆ ਜਾ ਰਿਹਾ ਹੈ। ਏਸ ਤਰ੍ਹਾਂ ਹੇਠਾਂ ਅਸੀਂ ਕੁਝ ਕੁ ਹੋਰ ਕਵੀਆਂ ਦੀਆਂ ਉਦਾਹਰਨਾਂ ਵੀ ਦੇਂਦੇ ਹਾਂ:

(ੳ) ਕਿੱਥੇ ਸਉ ਜਦ ਅੰਗ ਅੰਗ ਸਾਡੇ ਰੁੱਤ ਜੋਬਨ ਦੀ ਮਉਲੀ।
ਕਿੱਥੇ ਸਓ ਜਦ ਤਨ ਮਨ ਸਾਡੇ ਸ਼ਮਈ ਕਥੂਰੀ ਘੋਲੀ।
ਕਿੱਥੇ ਸਉ ਜਦ ਸਾਹ ਵਿਚ ਚੰਬਾ ਚੇਤਰ ਬੀਜਣ ਜਾਏ।
ਮੇਰੇ ਰਾਮ ਜੀਓ! ਤੁਸੀਂ ਓਦੋਂ ਕਿਉਂ ਨਾਂ ਆਏ?
ਕਿੱਥੇ ਸਓ ਜਦ ਨਹੁੰ ਟੁੱਕਦੀ ਦੇ ਸਾਉਣ ਮਹੀਨੇ ਬੀਤੇ।
ਕਿੱਥੇਸਓ ਜਦ ਮਹਿਕਾਂ ਦੇ ਅਸਾਂ ਦੀਪ ਚਮੁਖੀਏ ਸੀਥੇ।

ਕਿੱਥੇ ਸਓ ਉਸ ਰੁੱਤੇ, ਤੁਸੀਂ ਓਦੋਂ ਕਿਉਂ ਨਾ ਆਏ?
ਮੇਰੇ ਰਾਮ ਜੀਓ! (ਸ਼ਿਵ ਕੁਮਾਰ ਬਟਾਲਵੀ)

(ਅ) ਸਿਖਰ ਦੁਪਹਿਰਾਂ ਜੇਠ ਦੀਆਂ ਨੂੰ ਸਾਉਣ ਕਿਵੇਂ ਮੈਂ ਆਖਾਂ।
ਚੌਹੀਂ ਕੂਟੀਂ ਭਾਵੇਂ ਲੱਗਣ ਲੱਖ ਤੀਆਂ ਦੇ ਮੇਲੇ।
(ਬਟਾਲਵੀ)

(ੲ) ਸਾਉਣ ਮਾਂਹ ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ(ਚਾਤ੍ਰਿਕ)

(ਸ) ਲੰਘਦੇ ਜਵਾਨੀਆਂ ਦਾ ਹਾੜ ਬੜੀ ਛੇਤੀ ਛੇਤੀ,
ਸਉਣ ਏਂ ਜੰਗਾਲ ਦੇਂਦਾ ਨੈਣਾਂਦਿਆਂ ਤੀਰਾਂ ਨੂੰ।

(ਹ) ਮੈਨੂੰ ਤਾਂ ਜੇਠ ਹਾੜ ਤੇ ਕੋਈ ਨਹੀਂ ਗਿਲਾ,
ਮੇਰੇ ਚਮਨ ਨੂੰ ਕੱਤੇ ਦੀ ਸ਼ਬਨਮ ਨੇ ਮਾਰਿਐਗ।
(ਬਟਾਲਵੀ)

(ਕ) ਆ ਗਿਆ ਵਿਸਾਖ ਚੇਤ ਗਿਆ ਲੰਘ ਵੇ।
ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਵੇ।
ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਰੱਬ ਦੀ ਨਿਗਾਹ ਜੱਗ ਤੇ ਸਵੱਲੀ ਏ।
ਚਲ ਨੀ ਪ੍ਰੇਮੀ ਏਂ ਵਿਸਾਖੀ ਚੱਲੀ ਏ। (ਚਾਤ੍ਰਿਕ)

(ਖ) ਰਾਤਾਂ ਦੀਆਂ ਧੁਆਂਖੀਆਂ ਛਾਵਾਂ,
ਮੇਰੇ ਨੈਣਾਂ ਦੁਆਲੇ ਘੇਰੇ ਪਾ ਪਾ ਸੁੱਤੀਆਂ।
ਤੇ ਲੂਸੇ ਹੋਏ ਦਿਨ ਮੇਰੇ ਨੈਣਾਂ ਚੋਂ ਲੰਘ ਗਏ।
ਜੇਠ ਹਾੜ ਦੇ ਟੋਏ ਟਿੱਬੇ, ਸੁੱਕ ਗਏ ਪਾਣੀ

ਪਰ ਸਾਵਣ ਦੀ ਬੱਦਲੀਸੇਂ ਤੂੰ,

ਮੇਰੇ ਦਿਲ ਦੀ ਤਪਸ਼ ਪਛਾਣੀ। (ਸੁਖਬੀਰ)

ਸੋ , ਸਪਸ਼ਟ ਹੈ ਕਿ ਇਹ ਸਾਰੇ ਨਵੀਨ ਅਰਥਾਂ ਦੇ ਸੰਗਠਨਾਂ ਦਾ ਹੀ ਪ੍ਰਗਟਾਵਾ ਕਰਦੇ ਹਨ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਰਾਂਮਾਹ ਇਕ ਐਸੀ ਬਣਤਰ ਹੈ ਜੋ ਸਾਡੀ ਲੋਕ-ਵਿਰਾਸਤ ਦੀ ਦੇਣ ਹੈ ਅਤੇ ਜਿਸ ਨੂੰ ਸਾਡੀ ਕਾਵਿ ਰਚਣ ਪ੍ਰਕ੍ਰਿਆ ਨੇ ਆਦਿ ਕਾਲ ਤੋਂ ਲੈ ਕੇ ਆਧੁਨਿਕ ਯੁੱਗ ਤੀਕ ਦੀ ਵਰਤੋਂ ਵਿਚ ਲਿਆਂਦਾ ਹੈ। ਇਸ ਗਤੀ ਤੋਂ ਅਸੀਂ ਬਾਰਾਂਮਾਹ ਦੀ ਹੋਂਦ-ਵਿਧੀ ਦਾ ਸਪਸ਼ਟ ਨਿਪਟਾਰਾ ਕਰ ਸਕਦੇ ਹਾਂ।

ਬਾਰਾਂਮਾਹ ਲੋਕ-ਸੰਵੇਦਨਾ ਵਿਚ ਵੀ ਵਰਤਿਆ ਜਾਂਦਾ ਹੈ, ਕਾਵਿ-ਸੰਵੇਦਨਾ ਵਿਚ ਵੀ ਵਰਤਿਆ ਜਾਂਦਾ ਹੈ ਤੇ ਧਰਮ-ਸੰਵੇਦਨਾ ਵਿਚ ਵੀ ਵਰਤਿਆ ਜਾਂਦਾ ਹੈ। ਪਰ ਇਨ੍ਹਾਂ ਸਾਰੇ ਪਰਯੋਜਨਾਂ ਵਿਚ ਬਾਰਾਂਮਾਹ ਦਾ ਨਿਰੰਤਰ ਸਥਾਨ-ਬਦਲ ਹੁੰਦਾ ਰਹਿੰਦਾ ਹੈ। ਇਹ ਸਥਾਨ-ਬਦਲੀ ਬਾਰਾਂਮਾਹ ਨੂੰ ਨਵੀਆਂ ਚਿਹਨਕੀ ਗਤੀਆਂ ਨਾਲ ਜੋੜਦੀ ਹੈ। ਲੋਕ-ਸੰਵੇਦਨਾਂ ਵਿਚ ਬਾਰਾਂਮਾਹ ਨਿੱਤ ਦੇ ਉਪਯੋਗੀ ਵਿਹਾਰ ਨਾਲ ਵਧੇਰੇ ਸੰਬੰਧਤ ਹੁੰਦਾ ਹੈ। ਧਰਮ ਸੰਵੇਦਨਾਂ ਵਿਚ ਇਹ ਆਪਣੀ ਲੋਕ-ਵਿਹਾਰਕ ਉਪਯੋਗਿਤਾ ਰਾਹੀਂ ਅਧਿਆਤਮਕ ਦ੍ਰਿਸ਼ਟੀ ਦੇ ਸੰਚਾਰ ਹਿੱਤ ਵਰਤਿਆ ਜਾਂਦਾ ਹੈ। ਇਸ ਸਥਿਤੀ ਵਿਚ ਇਕ ਤਾਂ ਬਾਰਾਂਮਾਹ ਲੌਕਿਕ ਉਪਯੋਗਿਤਾ ਨੂੰ ਚਿਹਨਕੀ ਪ੍ਰਕ੍ਰਿਆ ਵਿਚ ਪਾਉਂਦਾ ਹੈ ਤੇ ਦੂਸਰਾ ਅਮੂਰਤ ਤੇ ਅਵਿਅਕਤ ਅਧਿਆਤਮਕਤਾ ਨੂੰ ਚਿਹਨਕੀ ਪੱਧਰ ਉਪਰ ਉਤਰ ਕੇ ਸੰਮੂਰਤ ਕਰਦਾ ਹੈ। ਇਸੀ ਭਾਂਤ ਕਾਵਿ ਸੰਵੇਦਨਾਂ ਦੇ ਅੰਤਰਗਤ ਆਪਣੀਆਂ ਸਾਰੀਆਂ ਪੂਰਵਲੀਆਂ ਪ੍ਰਾਪਤੀਆਂ ਤੇ ਯੁਕਤੀਆਂ ਨੂੰ ਨਾਲ ਲੈ ਕੇ ਬਾਰਾਂਮਾਹ ਇਕ ਨਵਾਂ ਪਰਵਰਨ ਰਚਦਾ ਹੈ ਜਿਸਨੂੰ ਅਸੀਂ ਸੁਹਜ-ਸੰਵੇਦਨਾਂ ਦਾ ਪਰਵਰਨ ਕਹਿ ਸਕਦੇ ਹਾਂ।

ਸਾਡੀ ਸਾਰੀ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਬਾਰਾਂਮਾਹ ਪੰਜਾਬੀ ਸਭਿਆਚਾਰ ਦੇ ਪਰਸੰਗ ਵਿਚ ਇਕ ਐਸੀ ਜੁਗਤ ਵਾਂਗ ਸਮਾਇਆ ਹੋਇਆ ਹੈ ਜਿਸ ਦੀ ਹੋਂਦ-ਵਿਧੀ ਨੂੰ ਪੰਜਾਬ ਦੇ ਸਮੁੱਚੇ ਤੇ ਜਟਿਲ ਚਿਹਨਕੀ ਪਰਬੰਧ ਦੇ ਅੰਤਰਗਤ ਰਖ ਕੇ ਹੀ ਨਿਸਚਿਤ ਕੀਤਾ ਜਾ ਸਕਦਾ ਹੈ। ਇਥੇ ਹੋਂਦ-ਵਿਧੀ ਬਾਰਾਂਮਾਹ ਦੇ ਚਿਹਨਕੀ ਕਿਰਦਾਰ ਦੁਆਰਾ ਹੀ ਨਿਸ਼ਚਿਤ ਹੁੰਦੀ ਹੈ ਨਾਂ ਕਿ ਇਸ ਦੇ ਉਲਟ।

**********

*****

**

*

# ਨਿਸ਼ਕਰਸ਼

******

<u>ਨਿਸ਼ਕਰਸ਼</u>

ਸ਼ੋਧ-ਪ੍ਰਬੰਧ ਦੇ ਅੰਤ ਉੱਤੇ ਪੰਜਾਬੀ ਬਾਰਾਂਮਾਹ ਬਾਬਤ ਅਸੀਂ ਹੇਠ ਲਿਖੇ ਕੁਝ ਸਿੱਟਿਆਂ ਉੱਤੇ ਪੁੱਜਦੇ ਹਾਂ:

(ੳ) ਬਾਰਾਂਮਾਹ ਮੱਧਕਾਲੀ ਪੰਜਾਬ ਦੀ ਬਹੁਤ ਪਰੀਚਿਤ ਤੇ ਪਰਚਲਤ ਕਾਵਿ-ਰੂੜ੍ਹੀ ਹੈ। ਇਸ ਰੂੜ੍ਹੀ ਦਾ ਮੂਲ ਰੂਪ ਲੋਕ-ਸਭਿਆਚਾਰ ਵਿਚ ਪ੍ਰਾਪਤ ਹੈ। ਕਾਵਿ ਵਿਚ ਕਵੀਆਂ ਨੇ ਇਸ ਬੁਨਿਆਦੀ ਲੋਕ-ਰੂੜ੍ਹੀ ਨੂੰ ਹੀ ਕਈ ਨਵੇਂ ਥੀਮਕ ਪਾਸਾਰਾਂ ਨੂੰ ਸੰਗਠਨ ਦੇਣ ਲਈ ਵਰਤਿਆ ਹੈ। ਇਸੇ ਤਰ੍ਹਾਂ ਅਸੀਂ ਕਈ ਹੋਰ ਰੂੜ੍ਹੀਆਂ ਨੂੰ ਵੀ ਵੇਖ ਸਕਦੇ ਹਾਂ। ਇਹ ਰੂੜ੍ਹੀਆਂ ਵਾਰਾਂ, ਲਾਵਾਂ, ਘੋੜੀਆਂ, ਅਲਾਹੁਣੀਆਂ, ਸੋਹਿਲੇ ਆਦਿ ਹਨ। ਇਹ ਸਾਰੀਆਂ ਰੂੜ੍ਹੀਆਂ ਲੋਕ-ਸਭਿਆਚਾਰ ਤੋਂ ਤੁਰਦੀਆਂ ਹਨ। ਅਤੇ ਕਾਵਿ ਦੇ ਖੇਤਰ ਵਿਚ ਪਰਵੇਸ਼ ਕਰਦੀਆਂ ਹਨ। ਇਸ ਤੋਂ ਇਹ ਸਿੱਟਾ ਨਿਕਲਦਾ ਹੈ <u>ਕਿ ਕਾਵਿ ਦੀ ਬੁਨਿਆਦੀ ਯੋਗਤਾ ਜਾਂ ਸਮਰੱਥਾ ਲੋਕ-ਸਭਿਆਚਾਰ ਵਿਚ ਹੁੰਦੀ ਹੈ। ਕਾਵਿ ਇਸ ਬੁਨਿਆਦੀ ਸਮਰੱਥਾ ਦਾ ਹੀ ਪ੍ਰਗਟਾਵਾ ਕਰਦਾ ਹੈ।</u>

(ਅ) ਕਿਉਂਕਿ ਬਾਰਾਂਮਾਹ ਅਪਣੇ ਅੰਦਰਲੀ ਬੁਨਿਆਦੀ ਸਾਰਥਕਤਾ ਦੇ ਆਧਾਰ ਉੱਤੇ ਨਵੀਆਂ ਅਰਥ ਪ੍ਰਾਪਤੀਆਂ ਨੂੰ ਸੰਗਠਨ ਦੇਣ ਦਾ ਕਾਰਜ ਕਰਦਾ ਹੈ, ਇਸ ਲਈ ਇਸ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਮੱਧਕਾਲੀ ਪੰਜਾਬ ਵਿਚ ਬਾਰਾਂਮਾਹ ਅਜਿਹੀਆਂ ਬੁਨਿਆਦੀ ਰੂੜ੍ਹੀਆਂ ਵਿਚੋਂ ਹੈ ਜੋ ਉਸ ਸਮੇਂ ਦੇ ਸਮਾਜ ਤੇ ਸਭਿਆਚਾਰ ਨੂੰ ਦੁਜੈਲੀ ਪ੍ਰਕਾਰ ਦੀ ਚਿਹਨਕੀ ਪ੍ਰਕ੍ਰਿਆ

ਪਰਦਾਨ ਕਰਦੀਆਂ ਹਨ। ਇਹ ਇਕ ਬੜੀ ਮਹੱਤਵਸ਼ੀਲ ਪ੍ਰਾਪਤੀ ਹੈ।

(ਏ) ਜੇ ਅਸੀਂ ਬਾਰਾਂਮਾਹ ਨੂੰ ਭਾਸ਼ਾ ਦੇ ਵਾਕ ਦੇ ਅਨੁਰੂਪ ਅਧਿਐਨ ਦਾ ਵਿਸ਼ਾ ਬਣਾਈਏ ਤਾਂ ਪਤਾ ਚਲਦਾ ਹੈ ਕਿ ਬਾਰਾਂਮਾਹ ਕਿਸੇ ਇਕ ਪ੍ਰਕਾਰ ਦੀ ਵਿਸ਼ੈ-ਸਾਮਗਰੀ ਨਾਲ ਸੰਬੰਧਤ ਨਾ ਹੋ ਕੇ ਇਕ ਸੱਖਣਾ ਤੇ ਨਿਰਲਿਪਤ ਰੂਪ ਬਣ ਨਿਬੜਦਾ ਹੈ। ਏਸੇ ਲਈ ਇਸ ਸੱਖਣੇ ਰੂਪ ਰਾਹੀਂ ਕਈ ਪ੍ਰਕਾਰ ਦੇ ਵਿਸ਼ਿਆਂ ਨੂੰ ਸੁਗਠਨ ਦੇਣ ਦਾ ਕਾਰਜ ਕੀਤਾ ਜਾਂਦਾ ਹੈ।

(ਸ) ਜਦੋਂ ਅਸੀਂ ਬਾਰਾਂਮਾਹ ਨੂੰ ਇਕ ਸੱਖਣੇ ਰੂਪ ਦਾ ਦਰਜਾ ਦੇ ਦੇਂਦੇ ਹਾਂ ਓਦੋਂ ਜੋ ਗੱਲ ਉਘੱੜ ਕੇ ਸਾਡੇ ਸਾਹਮਣੇ ਆਉਂਦੀ ਹੈ ਉਹ ਮੱਧਕਾਲੀ ਕਾਵਿ ਦੀ ਗਰਾਮਰ ਨਾਲ ਸੰਬੰਧਤ ਹੁੰਦੀ ਹੈ। ਗਰਾਮਰ ਕਿਸੇ ਵੀ ਭਾਸ਼ਾਈ ਪ੍ਰਬੰਧ ਦਾ ਨੇਮ ਧਰਾਤਲ ਹੁੰਦੀ ਹੈ। ਇਸ ਦੇ ਆਧਾਰ ਤੇ ਅਸੀਂ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਕਾਵਿ ਨੂੰ ਸ਼ਾਸਤਰੀ ਸੰਜਮ ਅਨੁਸ਼ਾਸਨ ਵਿਚ ਬੰਨ੍ਹ ਸਕਣ ਦੇ ਯੋਗ ਹੋ ਸਕਦੇ ਹਾਂ।

(ਹ) ਨਿਰਲਿਪਤ ਰੂਪ ਹੋਣ ਤੋਂ ਬਿਨਾਂ ਬਾਰਾਂਮਾਹ ਸਾਡੇ ਵਿਰਸੇ ਦੀ ਇਕ ਐਸੀ ਪ੍ਰਾਪਤੀ ਹੈ ਜੋ ਮੱਧਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਨਿਰੰਤਰ ਗਤੀਮਾਨ ਰਹਿੰਦੀ ਹੈ। ਐਸੀ ਪ੍ਰਾਪਤੀ ਇਕ ਤਰ੍ਹਾਂ ਨਾਲ ਸਭਿਆਚਾਰ ਦਾ ਵਿਸ਼ੇਸ਼ ਪ੍ਰਕਾਰ ਦਾ ਮਾਨਸਕ ਸੰਸਕਾਰ ਬਣ ਜਾਂਦੀ ਹੈ ਅਤੇ ਸਮੇਂ ਸਮੇਂ ਇਹ ਸੰਸਕਾਰ ਪਰਗਟ ਹੁੰਦਾ ਰਹਿੰਦਾ ਹੈ। ਪੰਜਾਬੀ ਕਾਵਿ ਦੇ ਖੇਤਰ ਵਿਚ ਬਾਰਾਂਮਾਹ ਕੇਵਲ ਮੱਧਕਾਲ ਤੱਕ ਸੀਮਤ ਨਹੀਂ ਰਹੇ ਸਗੋਂ ਆਧੁਨਿਕ ਕਾਲ ਵਿਚ ਵੀ ਰਚੇ ਜਾ ਰਹੇ ਹਨ।

ਉਪਰੋਕਤ ਨਿਸ਼ਕਰਸ਼ਾਂ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਬਾਰਾਂਮਾਹ ਸਾਡੇ ਲੋਕ-ਸਭਿਆਚਾਰ ਦੀ ਇਕ ਐਸੀ ਮਹੱਤਵਸ਼ੀਲ ਪ੍ਰਾਪਤੀ ਹੈ ਜਿਸ ਨੇ ਸਾਡੀ ਸਮੁੱਚੀ ਕਾਵਿ-ਰਚਨਾ ਵਿਚ ਆਪਣਾ ਸਥਾਨ ਬਣਾਇਆ ਹੋਇਆ ਹੈ। ਇਸ ਦੀ ਅਜਿਹੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

******

***

# ਅੰਤਿਕਾ

****

## 1. ਬਾਰਾਂਮਾਹ ਕ੍ਰਿਤ ਗੋਰਖ ਨਾਥ ਜੋਗੀ

ਵਿਸਾਖ: ਵਿਸਾਖ ਵਿਸੋਆ ਆਏ ਹੁਮਸੈ ਬਾਜੇ ਢੋਲ ਨਗਾਰੇ।
ਵੈਸ਼ੂ ਵੈਸ਼ਨ ਫਿਰੇਂ ਗਾਵਤੇ ਖ਼ੁਸ਼ੀ ਮਨਾਵੇਂ ਸਾਰੇ।
ਰਿਤੂ ਗ੍ਰੀਖਮ ਪਾਉਂ ਪਾਵੈ ਜਾੜੇ ਕੇ ਧਰਕਾਰੇ।
ਜੂਹਾਂ ਮੈਂ ਜਨ ਗਈ ਚਰਾਵੇ ਖ਼ੱਚਰ ਧੈਦੇ ਕਾਰੇ।
ਮਰੇ ਹਿਰਸ ਮੈਂ ਸਗਲੀ ਦੁਨੀਆਂ ਮੂਹੋਂ ਨ ਨਾਥ ਪੁਕਾਰੇ।
ਔਧੂ ਗੋਰਖ ਬੋਲ ਸੁਣਾਵੈ ਰਸਤੇ ਖਰੇ ਹਮਾਰੇ।

ਜੇਠ:- ਜੇਠ ਮਾਸ ਮੈਂ ਤਪਸ਼ ਫੈਲਤੀ ਜਲਤ ਰਹੇ ਸੰਸਾਰਾ।
ਬੂੰਦ ਜਲੈ ਕੀ ਏਕ ਨਾਂ ਪੜਤੀ ਜੱਗ ਜਲਣ ਨੇ ਮਾਰਾ।
ਜੂਹੋਂ ਮੈਂ ਪੰਛੀ ਮ੍ਰਿਗ ਤੜਪੈਂ ਹਾ ਹਾ ਕਰੈਂ ਪੁਕਾਰਾ।
ਧਰਤੀ ਆਗ ਉਗਲਤੀ ਦੀਸੈ ਚਲੈ ਨਹੀਂ ਕੋ ਚਾਰਾ।
ਬਣ ਤ੍ਰਿਣ ਦ੍ਰਿਸ਼ਟ ਨ ਆਏ ਬਨਸਪਤਿ ਮਾਟੀ ਕਰੈ ਹਾਕਾਰਾ।
ਨਾਥ ਜਗਤ ਮੈਂ ਹਲਚਲ ਹੋਈ ਕਿਆ ਗੋਰਖ ਬੇਚਾਰਾ।

ਹਾੜ:- ਘਿਰ ਘਿਰ ਮੇਘ ਹਾੜ ਮੈਂ ਆਏਂ ਜਗ ਮੈਂ ਭ ਧੀਰਜ ਹੋਈ।
ਪੌਣ ਸੁਰਾਟੇ ਮੇਹੁ ਕੇ ਆਇ ਖ਼ੁਲਕ ਨਾਥ ਗੁਣ ਗੋਈ।
ਜਾਟ ਲੈਕ ਢੋਰੋਂ ਕੇ ਚਾਲੈਂ ਸਉਣੀ ਫਸਲੇਂ ਬੋਈ।
ਆਮ ਪੇੜ ਮੈਂ ਅੰਮ ਸੁਹਾਵੇਂ ਕੋਕਿਲ ਲੇਵੇਂ ਢੋਈ।
ਦੁਧੈ ਲਹਿਰ ਚਲੀ ਘਰ ਘਰ ਮੈਂ ਮਾਖਣ ਛਾਛ ਬਿਲੋਈ।
ਕਾਮ ਕਰੋਧ ਲੋਭ ਮੋਹ ਛਾਡੇ ਗੋਰਖ ਬਿਰਲਾ ਕੋਈ।

ਸਾਉਣ: ਬਰਖੈ ਮੋਰ ਕਹੂਕੈ ਸਾਵਣ ਨਦੀ ਅਪੂਠੀ ਆਈ।
ਚੌਹਾਂ ਦਿਸ਼ਾਂ ਮੈਂ ਧਰਤੀ ਮਉਲੀ ਵਿਗਸੀ ਜਾ ਓ ਜਾਈ।
ਚਰੀ ਬਾਜਰਾ ਕਾਂਡ ਫੂਲੈਤੀ ਜੋਬਨ ਭਰ ਭਰ ਲਿਆਈ।
ਰਾਵਲ ਧਰਤਿ ਮੈਂ ਠਾਰੀ ਹੋਵੇ ਸਗਲੀ ਤ੍ਰਿਖ ਬੁਝਾਈ।
ਪਾਤ ਪਾਤ ਮਹਿ ਓਹਾ ਪੋਸ਼ੀਦਾ ਹਮ ਮਾਂਗਨ ਨਾ ਜਾਈ।
ਹਾੜ ਵੇਸ ਪਲਟਾਏ ਸਾਵਨ ਬੱਧਤ ਗੋਰਖ ਰਾਈ।

ਭਾਦੋਂ:- ਭਰਮ ਲਗੌਂ ਭਾਦੌਂ ਮੈਂ ਸਗਲੈ ਝੂਠਾ ਕਰੇ ਪਸਾਰਾ।
ਲੈਣ ਨ ਜਾਨੈ ਦੇਣ ਨ ਜਾਨੈ ਏਧਾ ਬਣਜ ਹਮਾਰਾ।
ਮਓਲੀ ਬਨਸਪਤੀ ਫੂਲ ਲਾਗੇ ਭਰਿਆ ਮੰਡਲ ਸਾਰਾ।
ਬਿਖਿਆ ਉਗਲੈਂ ਡੰਕ ਚਲਾਵੈਂ ਸਰਪ ਫਿਰੈਂ ਹੰਕਾਰਾ।
ਮੇਘ ਗਿੜਾਹੇ ਦਾਮਨ ਲਿਸ਼ਕੇ ਡਰਤ ਰਹੈ ਸੰਸਾਰਾ।
ਗੋਰਖ ਔਧੂ ਏਹਾ ਬੋਲੈ ਚਲਤ ਨਹੀਂ ਕੋ ਚਾਰਾ।

ਅੱਸੂ:- ਆਇ ਗ੍ਰੀਖਮ ਅੰਤ ਸ਼ਰਦ ਮੈਂ ਅਸੂਜ ਵੇਸ ਬਦਲਾਇ।
ਦਿਵਸ ਰੈਣ ਸਮਸਰ ਹੋ ਆਹੈਂ ਅੰਤਰ ਨਾ ਕੋ ਪਾਇ।
ਧਰਤੀ ਮਾਤ ਭਰੇ ਭੰਡਾਰਾ ਤ੍ਰਿਣ ਫਲ ਮੋ ਲੇਹ ਖਾਇ।
ਸਗਲੈ ਪਾਤ ਪਾਤ ਮੈਂ ਏਕੋ ਸਭ ਮਹਿ ਏਕ ਸਮਾਇ।
ਜੋਗੀ ਹੋਤ ਜੋਗ ਮਹਿ ਰਹੀਏ ਅੰਗ ਬਿਭੂਤ ਰਮਾਇ।
ਗੋਰਖ ਕਹਿਤ ਕੁੱਤੇ ਕੀ ਨਿਆਈ ਮਾਂਗਨ ਨਾਹੀਂ ਜਾਇ।

ਕੱਤਕ:- ਸ਼ਰਦ ਰਿਤੂ ਕਤੱਕ ਮਹਿੰ ਆਈ ਕਾਟੀ ਸਾਵਨ ਬੋਈ।
ਹਾਲੀ ਭੀਤਰ ਖੇਤ ਨਿਦਾਵੈਂ ਜਗ ਮੈਂ ਤਾਲ ਸਮੋਈ।
ਧਰਤ ਖੋਦ ਤਿਆਰੀ ਮੈਂ ਹੋਵੈਂ ਗੇਹੂੰ ਮਾਟੀ ਬੋਈ।
ਧੁਰ ਆਕਾਸ਼ ਮੈਂ ਕੂੰਜਾਂ ਬੋਲੈਂ ਘਟ ਘਟ ਮੈਂ ਗੁਣ ਗੋਈ।
ਪਕਸ਼ ਅੰਧੇਰ ਮਹਿ ਘੋਰ ਅੰਧੇਰਾ ਚਾਂਦ ਜੋਬਨ ਮੈਂ ਹੋਈ।
ਗੋਰਖ ਬੋਲੈ ਜੋ ਨਹੀਂ ਮਾਨੈਂ ਅੰਤ ਕਾਲ ਮੈਂ ਰੋਈ।

ਮੱਘਰ:- ਮਾਸ ਮੱਘਰ ਮੈਂ ਧੂਣੀ ਤਾਪੈਂ ਅੰਗ ਬਿਭੂਤ ਲਗਾਵੈਂ।
ਹਰੀ ਹਰੀ ਏਕ ਲੀਏ ਓੜ੍ਹਨੀ ਗੇਹੂੰ ਮੂਹ ਦਿਖਲਾਵੈਂ।
ਸ਼ਿਸ਼ਰ ਮਾਰ ਸੇ ਕੀਟ ਪਤੰਗਾ ਮਾਟੀ ਮੈਂ ਛਿਪ ਜਾਵੈਂ।
ਜਾੜਾ ਬੜ੍ਹੈ ਬਰਖਾ ਵੀ ਆਹੇ ਰਾਵਲ ਮਨ ਪਰਚਾਵੈਂ।
ਬਾਘਨ ਕਾ ਮੂਹ ਦੇਖੇ ਨਾਹੀਂ ਹੋਹਿ ਅਤੀਤ ਬਹਿ ਜਾਵੈਂ।
ਕਣ ਕਣ ਮੈਂ ਜੋ ਰਮਿਆ ਭਾਈ ਗੋਰਖ ਔਧੂ ਗਾਵੈਂ।

ਪੋਹ:- ਪੋਖ ਮਾਸ ਮੈਂ ਜਾੜਾ ਖਾਵੇ ਕੱਕਰ ਧੁੰਦਲ ਆਲੀ।
ਖੇਤ ਕਮਾਦ ਗੇਹੂੰ ਜੋਬਨ ਤੇ ਫੂਲੈਂ ਡਾਲੀ ਡਾਲੀ।
ਚਲਤੀ ਜਾਏ ਕਾਲ ਕੀ ਨੌਕਾ ਬੀਚ ਬਿਠਾਏ ਮਾਲੀ।
ਕਾਲ ਘਟਾ ਜਬ ਆਏ ਗੀ ਤਬ ਫਾਸੈਂ ਗੇ ਜਮ ਜਾਲੀ।
ਡਾਲ ਡਾਲ ਕੇ ਪਾਤ ਪਾਤ ਮੈਂ ਦੀਸੇ ਛਬਿ ਨਿਰਾਲੀ।
ਨਾਵੋਂ ਜਪੈਂ ਜੋ ਗੋਰਖ ਕੋਈ ਕੇ ਕਰੀਐ ਠੰਢਾਲੀ।

ਮਾਘ:- ਸਾਂਵ ਧਰਤਿ ਪੇ ਮਾਸ ਮਾਘ ਮਹਿੰ ਪੀਲਾ ਭੇਛਲ ਹੋਇ।
ਦਾਨ ਪੁਨ ਕੀ ਦੀਖਿਆ ਲੇਵੇ ਸੋ ਕਾਟੇ ਜੋ ਬੋਇ।
ਖੇਤ ਗੇਹੂੰ ਪੇ ਬਣ ਜੀ ਹਾਸੈਂ ਮੰਦ ਭਾਗ ਬਹਿ ਰੋਇ।
ਮੀਠੀ ਸੁਰਦ ਰਿਤੂ ਮੈਂ ਪਾਲਾ ਕਕੱਰ ਉਭਰੈਂ ਦੋਇ।
ਹਾਟੀ ਬਾਟੀ ਚਮਕੈਂ ਜ੍ਵਾਲਾ ਭੀਤਰ ਖਲਕਤ ਸੋਇ।
ਘਾਮ ਰਿਤੂ ਮੈਂ ਪਸਰੀ ਜਾਇ ਕਹਿ ਗੋਰਖ ਕਿਆ ਹੋਇ।

ਫੱਗਣ:- ਰਿਤੂ ਨਰਾਲੇ ਫਲਗੁਣ ਵਾਲੇ ਬਿਰਖ ਪਾਤ ਝੜ ਪਾਹਿੰ।
ਬੋਇਆ ਅੰਨ [illegible] ਪਾਕਨੇ ਲਾਗੇ ਵੈਸ਼ੇ ਝੂੰਮਤ ਜਾਹਿੰ।
ਪਾਕੀ ਖੇਤੀ ਦੇਖ ਸਭੇ ਜਨ ਹੁਭੇ ਖੁਸ਼ੀ ਮਨਾਹਿੰ।
ਜਬ ਲਗ ਦਰਿਸ਼ਟ ਸਮਾਇ ਆਂਧੀ ਜੀਆ ਦੀਰਘ ਘਬਰਾਇ।
ਮਸਤ ਅਲਮਸਤ ਫਿਰੈਂ ਸੰਸਾਰੀ ਜੋਗੀ ਪਾਤੇ ਖਾਹਿੰ।
ਗੋਰਖ ਕਹੈ ਰਹੈ ਸੰਜਮ ਮੈਂ ਆਪੇ ਤਰੈ ਤਰਾਹਿ।

ਚੇਤ;- ਚੇਤ ਚਮਕ ਦਾਮਨ ਕੀ ਮਾਰੇ ਮੇਘੜ ਸ਼ੋਰ ਮਚਾਇ।
ਦਿਵਸ ਰੈਣ ਘ੍ਰੀਮ ਸਮਸਰ ਹੋਵੈਂ ਤਪਸ਼ ਹਵਾ ਮਿਲ ਜਾਇ।
ਪਾਕੀ ਖੇਤੀ ਡਾਲੀ ਡਾਲੀ ਕੰਦ ਮੂਲ ਪਕ ਪਾਇ।
ਮਾਂਗੈਂ ਖੈਰ ਠਾਕਰੋਂ ਗ੍ਰਿਹਸਤੀ ਧਰਤੀ ਸੀਸ ਘਸਾਇ।
ਏਕ ਛਾਡ ਚੱਕਰ ਮੈਂ ਖੇਲੈ ਤਨ ਕੋ ਦੁਬਧਾ ਖਾਇ।
ਗ੍ਰਿਹਸਤ ਕੂਏ ਸੇ ਨਿਕਲੈ ਗੋਰਖ ਜੋ ਅਵਧੂਤ ਕਹਾਇ।
ਬਾਰਾਂ ਮਾਸ ਬੀਤਤੇ ਜਾਤੇ ਬਾਰਾਂ ਫਿਰ ਫਿਰ ਆਇ।
ਇਸ ਚੱਕਰ ਮੈਂ ਪੜ ਸੰਸਾਰੀ ਅਪਨੀ ਔਧ ਬਿਤਾਇ।
ਦਿਨਸ ਰੈਣ ਰੁਤੋਂ ਮੈਂ ਬਦਲੈ ਏਕ ਆਇ ਏਕਜਾਇ।
ਖਾਟੈ ਕੋਈ ਬਿਰਲਾ ਪਰਾਣੀ ਜਾ ਹਰ ਸੋਂ ਲਿਵ ਲਾਇ।
ਵਿਸ਼ੈ ਵਿਕਾਰ ਮੈਂ ਸਗਲੀ ਡੂਬੀ ਹਰਿ ਬਿਨ ਕੌਣ ਤਰਾਇ।
ਭੇਖ ਕਾ ਜੋਗੀ ਹੋਇ ਨ ਗੋਰਖ ਆਤਮਾ ਕਾ ਜੋਗੀ ਕਹਾਇ।

****

## 2. ਬਾਰਾਂਮਾਹ ਕ੍ਰਿਤ ਬਾਬਾ ਰੋਡੂ ਗਿਰ

ਚੇਤ:- ਚੜ੍ਹਿਆ ਚੇਤ ਮਹੀਨਾ,ਲਗੇ ਪਾਲਾ ਨਾ ਆਏ ਪਸੀਨਾ।
ਰਾਮ ਨੌਮੀਂ ਦਾ ਤਿਹਵਾਰ, ਖੇਤੀਂ ਕਣਕਾਂ ਲਾਈ ਬਹਾਰ।
ਵਿਸਾਖ: ਆਏ ਵਿਸਾਖ ਧੁੱਪਾਂ ਡਾਢੀ, ਪੈ ਗਈ ਹਾੜ੍ਹੀਆਂ ਨੂੰ ਬਾਢੀ।
ਖੂਬ ਵੱਜ ਰਹੇ ਨੇ ਢੋਲ, ਆਈ ਵਿਸਾਖੀ ਲੱਗਣ ਬੋਹਲ।

ਜੇਠ:- ਜੇਠ ਮਹੀਨੇ ਧੁੱਪ ਕਰਾਰੀ, ਖੂਲਕ੍ਰਤ ਗਰ ਮ ਲੂਆਂ ਨੇ ਮਾਰੀ।
ਨਮਾਣੀ ਕਾਦਸ਼ੀ ਜੋ ਆਏ, ਥਾਉਂ ਥਾਈਂ ਪਿਆਉ ਬਿਠਾਏ।

ਹਾੜ:- ਹਾੜ ਮਾਂ ਵਧਦੀ ਗਰਮੀ ਹੋਰ, ਹੋਵੈ ਹਨ੍ਹੇਰੀਆਂ ਦਾ ਜ਼ੋਰ।
ਪਿਪਿਲਾ ਹੇਠਾਂ ਮੰਜੇ ਡਾਹੇਂ, ਲੋਕੀ ਰਲ ਮਿਲ ਕਾਜ ਰਚਾਏਂ।

ਸਾਉਣ:- ਸਾਉਣ ਮਾਂ ਘਟਾਂ ਕਾਲੀਆਂ ਛਾਈਆਂ, ਤੀਆਂ ਆਈਆਂ ,ਪੀਂਘਾਂ ਪਾਈਆਂ।
ਲੋਕੀ ਰਜ ਰਜ ਖੁਸ਼ੀ ਮਨਾਣ, ਰਜ ਰਜ ਖੀਰ ਪੂੜੇ ਖਾਣ।

ਭਾਦੋਂ:- ਭਾਦੋਂ ਨਿਕੱਲ ਨਾਗ ਖੇਲੇ, ਲੱਗਣ ਮਾੜੀਆਂ ਦੇ ਮੇਲੇ।
ਆਏ ਰੱਖੜੀ ਦਾ ਤਿਹਵਾਰ, ਜਿਨੂੰ ਮਨਾਏ ਹਰ ਨਰ ਨਾਰ।

ਅੱਸੂ:- ਅੱਸੂ ਆਏ ਸ਼ੁਰਾਧ ਨਰਾਤੇ, ਨਾਲ ਦਸਹਿਰਾ ਲੋਕ ਮਨਾਤੇ ।
ਮਾਂਹ ਮੱਕੀ ਤੇ ਜ਼ੋਬਨ ਆਇਆ, ਗਰਮੀ ਅਪਣਾ ਜ਼ੋਰ ਘਟਾਇਆ।

ਕਤੱਕ:- ਚੜ੍ਹਿਆ ਕਤੱਕ ਆਈ ਦੀਵਾਲੀ, ਵੱਢੀ ਸਾਉਣੀ ਖੇਤ ਖ਼ਾਲੀ।
ਮੱਕੀ ਵੱਢ ਮੁਹਾਰੇ ਲਾਏ, ਹਾਲੀਆਂ ਖੂਬ ਖੇਤ ਵਾਹੇ।

ਮੱਘਰ:- ਮੱਘਰ ਬਨ੍ਹਿਆਂ ਮੁੱਢ ਸਿਆਲ, ਕੋਠੇ ਭਰੇ ਪਕਾਹਾਂ ਨਾਲ।
ਰੋਟੀ ਸਾਗ ਮੱਖਣ ਪਾਇਆ, ਘਰ ਘਰ ਅੰਦਰ ਇਹੋ ਖਾਇਆ।

ਪੋਹ:- ਪੋਹ ਵਿਚ ਲੋਹੜੀ ਦਾ ਤਿਓਹਾਰ, ਤਿਲਾਂ ਤਿਲੂਏਂ ਲਾਈ ਬਹਾਰ।
ਕਿਧਰੇ ਕਣਕਾਂ ਹੋਏ ਗਡਾਈ, ਕਿਧਰੇ ਖੂਹਾਂ ਟਕ ਟਕ ਲਾਈ।

ਮਾਘ:- ਪੋਹ ਵਿਚ ਰਿਨ੍ਹੀ ਮਾਘ ਖਾਧੀ, ਨਾਲ ਸਰਦੀ ਪੈਂਦੀ ਡਾਢੀ।
ਲੋਕੀ ਕਰਦੇ ਰਜ ਰਜ ਦਾਨ, ਕੱਠੇ ਹੋ ਤੀਰਥੀਂ ਜਾਣ।

ਫੱਗਣ:- ਫਗੱਣ ਰੁੱਤ ਗੁਲਾਬੀ ਆਵੇ, ਖੇਤੀਂ ਸਰ੍ਹੋਂ ਬਹਾਰ ਦਿਖਾਵੇ।
ਹੋਲਾ ਹੋਲੀ ਪੁਰਬ ਮਹਾਨ, ਨੱਚੇ ਹਰ ਇਕ ਬੁੱਢਾ ਜਵਾਨ।

ਤਿੱਥ ਤਿਹਾਰਾਂ ਦਾ ਇਹ ਗੇੜਾ, ਰੱਖੇ ਭਰਿਆ ਭਰਿਆ ਵਿਹੜਾ।

'ਆਜ਼ਿਜ਼'* ਲੋਕ ਕਰਨ ਗੁਜ਼ਰਾਨ, ਏਦਾ ਸਾਲ ਬੀਤਦੇ ਜਾਣ।

**

---

* ਇਹ ਬਾਰਾਂਮਾਹ ਪਿੰਡ ਨੰਦ ਪੁਰ, ਜ਼ਿਲਾ ਪਟਿਆਲਾ ਦੇ ਸੁੰਦਰ ਗਿਰ ਪਾਸ ਇਕ ਹੱਥ ਲਿਖਤ ਕਾਪੀ ਵਿਚ ਮੌਜੂਦ ਹੈ। ਉਨ੍ਹਾਂ ਨੇ ਦਸਿਆ ਕਿ ਇਹ ਬਾਰਾਂਮਾਹ ਉਨ੍ਹਾਂ ਦੇ ਗੁਰੂ ਬਾਬਾ ਰੋਡ ਗਿਰ 'ਆਜ਼ਜ਼' ਨੇ ਲਿਖਿਆ ਸੀ। ਪਿੰਡ ਨੰਦ ਪੁਰ ਵਿਖੇ ਇਕ ਡੇਰਾ ਹੈ ਜਿਸ ਨੂੰ 'ਡੇਰਾ ਬਾਬਾ ਰੋਡ' ਕਰਕੇ ਜਾਣਿਆ ਜਾਂਦਾ ਹੈ। ਇਥੇ ਹਰ ਸਾਲ ਅੱਸੂ ਦੇ ਮਹੀਨੇ ਸਤਵੇਂ ਸਰਾਧ ਵਾਲੇ ਦਿਨ ਬਹੁਤ ਭਾਰੀ ਮੇਲਾ ਲਗਦਾ ਹੈ।

## 3੪ ਲੋਕ - ਬਾਰਾਂਮਾਹ

ਵਿਸਾਖ ਦੇ ਮਹੀਨੇ ਜੀ ਵਿਸਾਖੀ ਆਈ।
ਤੂੰ ਪਰਦੇਸੀਂ ਲਾਲ ਵੇ! ਉਦਾਸੀ ਛਾਈ।
ਜੇਠ ਘੜਾ ਹੇਠ ਵੇ ਬੀਬਾ! ਧੁੱਪਾਂ ਪੈਣ ਬਲਾਈਂ ।
ਵੇ ਦਮਾਂ ਦਿਆ ਲੋਭੀਆ! ਪਰਦੇਸ ਨਾ ਜਾਈਂ।
ਹਾੜ ਦੇ ਮਹੀਨੇ ਬੱਦਲ ਘਿਰ ਆਏ ਕਾਲੇ।
ਜੀ ਲਾਲ! ਛੱਡ ਕੇ ਨਾ ਜਾਵੀਂ ਲੈ ਚੱਲੀਂ ਨਾਲੇ।
ਸੌਣ ਦੇ ਮਹੀਨੇ ਮੀਂਹ ਰਿਮ ਝਿਮ ਕਣੀਆਂ ।
ਬੋਹੜਾਂ ਉੱਤੇ ਪੀਂਘਾਂ ਪਿਆਰ ਦੀਆਂ ਤਣੀਆਂ।
ਭਾਦੋਂ ਦੇ ਮਹੀਨੇ ਜੀ ਪਪੀਹਾ ਪਿਆ ਬੋਲਦਾ।
ਤੂੰ ਹੋਏਂ ਪਰਦੇਸ ਮੇਰਾ ਜੀਅੜਾ ਪਿਆ ਡੋਲਦਾ।
ਅੱਸੂ ਦੇ ਮਹੀਨੇ ਜੀ ਸ਼ਰਾਧ ਮਸਾਂ ਆਏ।
ਨਿਖਰੀਆਂ ਰਾਤਾਂ ਲੋਹੜੇ ਤਾਰਿਆਂ ਨੇ ਪਾਏ।
ਕਤੱਕ ਦੇ ਮਹੀਨੇ ਜੀ ਦੀਵਾਲੀ ਮੁੜ ਆਈ।
ਜਿਨ੍ਹਾਂ ਘਰ ਮਾਹੀ ਨ੍ਹਾਂ , ਕੀਤੀ ਰੁੱਖੀ ਕੜਾਹੀ।
ਮੱਘਰ ਮਹੀਨੇ ਜੀ ਮੈਂ ਧਾਰ ਪਈ ਕੱਢਦੀ।
ਸੱਸ ਮੇਰੀ ਮੈਨੂੰ ਨਿੱਤ ਗਾਲਾਂ ਪਈ ਕੱਢਦੀ।
ਪੋਹ ਦੇ ਮਹੀਨੇ ਮੈਂ ਲੇਫ਼ ਦੇ ਰੰਗਾਏ ।
ਤੂੰ ਵੇ ਪਰਦੇਸ ਮੈਂ ਤੇ ਬੁਗਚੇ ਉਹ ਲਾਏ।
ਮਾਘ ਦੇ ਮਹੀਨੇ ਜੀ ਮੈਂ ਅਸ਼ਨਾਨ ਕਰਦੀ।
ਮੋਤੀਆਂ ਦੇ ਥਾਲ ਹੱਥੀਂ, ਪੁੰਨ-ਦਾਨ ਕਰਦੀ।
ਫੱਗਣ ਦੇ ਮਹੀਨੇ ਸਰ੍ਹੋਂ ਖੇਤੀਂ ਫੁੱਲੀ ਏ।
ਹੋਲੀ ਵੀ ਬਹਾਰ ਵੀ ਤਾਂ ਧਰਤੀ ਤੇ ਡੁਲ੍ਹੀ ਏ।
ਚੇਤ ਦੇ ਮਹੀਨੇ ਸਾਨੂੰ ਆਏ ਜੀ ਨਰਾਤੇ।
ਸੁੰਨੀ ਪਈ ਛੇਜ ਪੀਆ ਘਰ ਆਈਂ ਆਪੇ।

***

## 4. ਲੋਕ - ਬਾਰਾਂਮਾਹ

ਚੇਤਰ ਨਾ ਜਾਈਏ ਮੌਲ ਜੀ, ਦੇਵੀ ਮਨਾ!
ਵੈਸਾਖ ਵੈਸਾਖੀ ਵੇ ਲਾਲ ਘਰੇ ਰਹੀਂ।
ਜੇਠ ਨਾਂ ਜਾਵੀਂ, ਜੀਵੇਂ ਤਪਣ ਤੰਦੂਰ।
ਹਾੜ ਦੀਆਂ ਧੁੱਪਾਂ ਵੇ ਲਾਲ ਬਹੁੰ ਡਾਢੀਆਂ।
ਸਾਵਣ ਨਾ ਜਾਵੀ, ਮਾਹੀ ਪੈਂਦੀ ਫੁਹਾਰ।
ਭਾਦੋਂ ਵਿਚ ਜਾਨੀ ਰਹੇ ਨਾਗ ਭਰਮਾ।
ਅੱਸੂ ਨਾਂ ਜਾਈਂ ਵੇ ਲਾਲ, ਪਿਤਰ ਮਨਾ।
ਕੱਤੇ ਦੀਵਾਲੀ ਚੰਨਾਂ ਘਰੇ ਤੂੰ ਰਹੀਂ।
ਮਘੱਰ ਨਾਂ ਜਾਵੀਂ, ਪੱਟ ਲੈਫ਼ ਹੰਢਾ।
ਪੋਹ ਵਿਚ ਪਾਲਾ ਲਾਲ ਪੈਂਦਾ ਏ ਬਹੁੰ ਜ਼ੋਰ।
ਮਾਘ ਨਾਂ ਜਾਵੀਂ, ਚੰਨਾਂ ਘਰ ਮਾਘੀ ਮਨਾ।
ਫੱਗਣ ਖੇਡਾਂ ਗੇ ਹੋਲੀ ਚੰਨਾਂ ਘਰੇ ਵੀ ਰਹੀਂ।
ਰੁੱਖਾ ਸੁੱਖਾ ਖਾ ਕੇ ਲਾਲ ਵਖਤ ਲੰਘਾ।
ਬੀਤੇ ਨਾਂ ਬੀਤੇ ਬਾਰਾਂ ਮਾਹ ਨਾਜੋ ਨਾਰ।
ਜਾਣ ਵੀ ਦੇਹ ਸੌਦ ਰਹੇ ਘੋੜ-ਸਵਾਰ।

******

ੴ ਸਤਿਗੁਰ ਪ੍ਰਸਾਦਿ॥

## 5. ਬਾਰਾਂਮਾਹ

॥ਦੋਹਰਾ॥

ਦੇਵੀ ਮਾਤਾ ਸ਼ਾਰਦਾ , ਮੋ ਪਰ ਕਰੋ ਸਹਾਂਇ॥
ਉਸਤਤਿ ਪੂਰੇ ਸੰਤ ਕੀ, ਕਰਨੀ ਮੰਨ ਚਿਤਿ ਲਾਇ॥

ਡਿਓਢੇ

ਚੇਤਰ

ਚੇਤਰ ਚਿਤ ਉਦਾਸੀ ਹੋਈ ਸੰਤਾਂ ਦਾ ਜਸ ਗਾਵਾਂ ਧਿਆਨ ਲਗਾਵਾਂ।
ਦੂਰ ਦੂਰ ਤੋਂ ਆਵੇ ਦੁਨੀਆਂ ਸੁਣ ਕੇ ਉਨ੍ਹਾਂ ਦਾ ਨਾਵਾਂ ਦਰਸ਼ਨ ਪਾਵਾਂ।
ਕਲੂ ਕਾਲ ਵਿਚ ਪ੍ਰਗਟ ਹੋਇਆ ਬ੍ਰਹਮ ਰੂਪ ਹੈ ਸਾਵਾਂ ਦੇਖ ਲੋ ਭਾਵਾਂ।
ਗੁਪਾਲ ਸਿੰਘਾ ਸੁਣ ਸਿਫ਼ਤ ਉਨ੍ਹਾਂ ਦੀ ਚਰਨੀ ਸੀਸ ਨਿਵਾਵਾਂ ਦੇਰ ਨਾ ਲਾਵਾਂ।

ਵਿਸਾਖ

ਵਿਸਾਖ ਵਿਸਾਰ ਵਿਹਾਰ ਘਰਾਂ ਦੇ ਦੂਰ ਦੂਰ ਦੇ ਆਉਂਦੇ ਦਰਸ਼ਨ ਪਾਉਂਣੇ।
ਬ੍ਰਾਹਮਣ ਖੱਤਰੀ ਕਰਨ ਮੰਨਤਾਂ ਰਸਤ ਭੰਡਾਰੇ ਪਾਉਂਦੇ ਰਹਿਣ ਬਿਤਾਉਂਦੇ।
ਦੁਖੀਏ ਲੋਕ ਦੁਖ ਦੇ ਕਾਰਨ ਹਾਥ ਜੋੜ ਫਰਮਾਉਂਦੇ ਅਰਜ਼ ਸੁਣਾਉਂਦੇ ।
ਗੁਪਾਲ ਸਿੰਘ ਨਾ ਦੇਣ ਦਾਰੂਆਂ ਬਚਨਾਂ ਨਾਲ ਹਟਾਉਂਦੇ ਰੋਗ ਗਵਾਉਂਦੇ।

ਜੇਠ

ਜੇਠ ਜਗਤ ਵਿਚ ਖਬਰਾਂ ਹੋਈਆਂ ਸੰਤ ਵਡਾ ਉਪਕਾਰੀ ਨਿਹਚਾ ਧਾਰੀ।
ਉਪਮਾਂ ਲੋਕ ਕਰਨ ਸਭ ਉਸਦੀ ਜੋ ਕੋਈ ਨਰ ਨਾਰੀ ਵਸੇ ਘਰ ਬਾਰੀ।
ਨਦੀ ਕਿਨਾਰੇ ਆਸਣ ਕਰਕੇ ਕਰ ਲਿਆ ਲੰਗਰ ਜਾਰੀ ਬੇਸ਼ੁਮਾਰੀ।
ਗੁਪਾਲ ਸਿੰਘ ਕਲਜੁਗ ਵਿਚ ਪ੍ਰਗਟ ਹੋਗਿਆ ਕ੍ਰਿਸ਼ਨ ਮੁਰਾਰੀ ਰਾਮ ਉਤਾਰੀ।

## ਹਾੜ

ਹਾੜ ਹਜ਼ੂਰ ਤਪਤ ਵਿਚ ਤਨ ਦੇ ਸੰਤ ਸ਼ਾਂਤ ਬਰਤਾਉਂਦੇ ਗਿਆਨ ਗਿੜਾਉਂਦੇ।
ਨਿਸਚਾਧਾਰ ਲਗਣ ਜਾ ਚਰਨੀ ਮੂੰਹ ਮੰਗਿਆ ਫਲ ਪਾਉਂਦੇ ਟਹਿਲ ਕਮਾਉਂਦੇ।
ਛੋਟੇ ਸੰਤ ਦਿਆਲੂ ਹੋ ਕੇ ਆਪ ਲੰਗਰ ਵਰਤਾਉਂਦੇ ਡੇਰ ਨਾ ਲਾਉਂਦੇ।
ਗੁਪਾਲ ਸਿੰਘ ਸੰਤਾਂ ਦੇ ਦਰਸ਼ਨ ਭਾਗ ਬਿਨਾਂ ਨਹੀਂ ਆਉਂਦੇ ਬੇਦ ਬਤਾਉਂਦੇ।

## ਸਾਵਣ

ਸਾਵਣ ਸ਼ੌਂਕ ਲੱਗਾ ਵਿਚ ਤੰਨ ਨੂੰ ਸਾਜਨ ਟਹਿਲ ਕਮਾਵੇ ਨਿਸਚਾ ਲਾਵੇ।
ਸੰਤ ਜਨਾਂ ਦੀ ਸਰਨੀ ਲਗਿਆਂ ਦੂਤ ਨਜ਼ਰ ਨਹੀਂ ਆਵੇ ਦਰਸ਼ਨ ਪਾਵੇ।
ਭੈ ਸਾਗਰ ਬੈਤਰਣੀ ਨਦੀਓਂ ਪਾਰ ਉਤਰ ਝਟ ਜਾਵੇ ਨਿਸਚਾ ਲਾਵੇ।
ਗੁਪਾਲ ਸਿੰਘ ਬਲਿਹਾਰੇ ਜਾਈਏ ਜੋ ਗੁਰ ਸੰਤ ਮਿਲਾਵੇ ਚਰਨੀ ਲਾਵੇ।

## ਭਾਦੋਂ

ਭਾਦੋਂ ਭਾਰ ਬੜਾ ਸਿਰ ਧਰਕੇ ਬੈਠਾ ਮੂਰਖ ਡੇਰੇ ਕੀ ਚਿਲ ਤੇਰੇ।
ਮਨ-ਮੂਰਖ ਮਮਤਾ ਵਿਚ ਰਲ ਕੇ ਹੋ ਹੋ ਬਹੇ ਉਚੇਰੇ ਤੁਰੇ ਹਨੇਰੇ।
ਕੌਲ ਅਕਰਾਰ ਜ਼ੁਬਾਨੀ ਕਰਕੇ ਯਾਦ ਨਹੀਂ ਕੁਛ ਤੇਰੇ ਸੁਨ ਮਨ ਮੇਰੇ।
ਗੁਪਾਲ ਸਿੰਘਾ ਮਮਤਾ ਨੂੰ ਛੱਡ ਕੇ ਤੁਰ ਗਏ ਸਾਧ ਬਥੇਰੇ ਬਹੁਤ ਚੰਗੇਰੇ।

## ਅੱਸੂ

ਅੱਸੂ ਅਸ਼ਕ ਲੱਗਾ ਤਨ ਜਿਸਦੇ ਸੋ ਜਨ ਟਹਿਕ ਕਮਾਵੇ ਨਿਸਚਾ ਲਾਵੇ।
ਸੰਤ ਜਨਾਂ ਦੀ ਚਰਨੀ ਲਗ ਕੇ ਭਗਵੇਂ ਭੇਸ ਨੂੰ ਚਾਹਵੇ ਅਮਲ ਕਮਾਵੇ।
ਪੂੰਜੀ ਵਿਚੋਂ ਖਰਚ ਨਾਂ ਕਰਦਾ ਉਲਟਾ ਨਫ਼ਾ ਕਮਾਵੇ ਦਰਸ਼ਨ ਪਾਵੇ।
ਗੁਪਾਲ ਸਿੰਘਾ ਬੈਤਰਨੀ [redacted] ਨਦੀਉਂ ਪਾਰ ਉਤਰਦਾ ਜਾਵੇ ਖ਼ੌਫ਼ ਨਾਂ ਖਾਵੇ।

## ਕਤੱਕ

ਕਤੱਕ ਕਿਰਪਾ ਕਰੀ ਸੰਤ ਨੇ ਪਾਸ ਗੁਫ਼ਾਂ ਦੇ ਆਕੇ ਆਸਣ ਲਾਕੇ।
ਸਭ ਸੰਗਤ ਨੇ ਦਰਸ਼ਨ ਕਰ ਲਿਆ ਪਾਸ ਉਨ੍ਹਾਂ ਦੇ ਜਾ ਕੇ ਸੀਸ ਨਿਵਾਕੇ।

ਭੁਖਿਆਂ ਭੋਜਨ ਮਿਲੇ ਲੰਗਰ ਦਾ ਦੇ ਰਹੇ ਆਪ ਬੁਲਾ ਕੇ ਹੁਕਮ ਸੁਣਾ ਕੇ।
ਗੁਪਾਲ ਸਿੰਘਾ ਦੁਖ ਜਾਣ ਬਦਨ ਦੇ ਚਰਨੀਂ ਸੀਸ ਨਵਾਕੇ ਦਰਸ਼ਨ ਪਾਕੇ।

ਮਘੱਰ

ਮਘੱਰ ਮਿਹਰ ਕਰੀ ਸੰਤਾਂ ਨੇ ਐਤਵਾਰ ਦਿਨ ਧਰਕੇ ਬਚਨ ਉਤਰ ਕੇ।
ਮੇਲਾ ਰਾਤ ਦਿਨੇ ਨਿਤ ਰਹਿੰਦਾ ਖੂਬ ਤਰ੍ਹਾਂ ਸੋ ਭਰਕੇ ਹਰਿ ਹਰਿ ਕਰਕੇ।
ਜੋ ਸੰਤਾਂ ਦੇ ਰਹਿਣ ਲੰਗਰ ਵਿਚ ਟਹਿਲ ਕਰਨ ਚਿੱਤ ਧਰਕੇ ਨਿਸਚਾ ਕਰਕੇ।
ਗੁਪਾਲ ਸਿੰਘਾ ਸੋ ਪਾਰ ਪਰਨਗੇ ਨਿਗਾਹ ਟਹਿਲ ਵਲ ਧਰਕੇ ਪੈਣ ਨਾ ਨਰਕੇ।

ਪੋਹ

ਪੋਹ ਪਿਆਰ ਯਾਦ ਜਿਨ੍ਹਾਂ ਨੇ ਉਠ ਸਵੇਰੇ ਕੀਤਾ ਨਾਮ ਜੋ ਲੀਤਾ।
ਇਸ ਦੁਨੀਆਂ ਵਿਚ ਕੋਈ ਦਿਹਾੜੇ ਜਿਉਂ ਰਾਵਣ ਘਰ ਸੀਤਾ ਗੁਜ਼ਾਰਾ ਕੀਤਾ।
ਮੋਹ ਮਮਤਾ ਦਾ ਜਾਲ ਬਣਾ ਕੇ ਬੈਠ ਰਿਹਾ ਚੁਪ ਕੀਤਾ ਭਜਨ ਨਾਂ ਕੀਤਾ।
ਗੁਪਾਲ ਸਿੰਘ ਮਮਤਾ ਨੇ ਛਡਣਾ ਮੁਸ਼ਕਿਲ ਬੜਾ ਤ੍ਰੀਕਾ ਔਦੋਂ ਕੀਤਾ।

ਮਾਘ

ਮਾਘ ਮਹੀਨੇ ਮੌਜ ਗੁਫ਼ਾ ਦੀ ਲੈਂਦੇ ਸੰਤ ਵਿਚਾਰੇ ਨਲੇ ਕਿਨਾਰੇ।
ਪੰਜੇ ਤੱਤ ਕਰੇ ਵੱਸ ਉਨ੍ਹਾਂ ਕਾਮ ਕ੍ਰੋਧ ਵੀ ਮਾਰੇ ਮਨੋਂ ਵਿਸਾਰੇ।
ਭਗਵੇਂ ਭੇਸ ਬੰਨੀ ਚਿਤ ਧਰਕੇ ਹਾਰ ਸ਼ਿੰਗਾਰ ਉਤਾਰੇ ਤਨ ਦੇ ਸਾਰੇ।
ਗੁਪਾਲ ਸਿੰਘਾ ਕੁਟੀਆ ਵਿਚ ਰਚ ਗਏ ਛਡ ਕੇ ਮਹਿਲ ਚੁਬਾਰੇ ਬਹੁਤ ਮੁਨਾਰੇ।

ਫਗਣ

ਫਗੱਣ ਫੇਰ ਨਹੀਂ ਮਨ ਮੂਰਖ ਜਨਮ ਅਮੋਲਕ ਪਾਵੇ ਬੇਦ ਬਤਾਵੇ।
ਕਈ ਕਰੋੜ ਅਮੋਲਕ ਹੀਰਾ ਮੂਰਖ ਰੇਤ ਰਲਾਵੇ ਪਰਖ ਨਾ ਪਾਵੇ।
ਐਸਾ ਨਾਮ ਅਮੋਲਕ ਪ੍ਰਭ ਦਾ ਜੋ ਇਕ ਵਾਰ ਧਿਆਵੇ ਨਰਕ ਨਾ ਜਾਵੇ।
ਗੁਪਾਲ ਸਿੰਘ ਸੰਤਾਂ ਦੀ ਉਪਮਾ ਜੋ ਕੋਈ ਸੁਣੇ ਸੁਣਾਵੇ ਅਮਰ ਹੋ ਜਾਵੇ।

***

## ਪਤਾ ਠਿਕਾਣਾ ਗੁਪਾਲ ਸਿੰਘ ਮਿਸਤ੍ਰੀ

### *ਕਬਿੱਤ

ਜ਼ਿਲਾ ਹੈ ਪਿਸ਼ੌਰ ਤੇ ਤਸੀਲ ਠਾਣਾ ਨੇੜੇ ਸਾਨੂੰ ਸ਼ਹਿਰ ਨਜ਼ੀਕ ਇਕ ਹੋਤੀ ਮਰਦਾਨ ਜੀ।
ਇਕ ਮੀਲ ਹੋਤੀਓਂ ਨਜ਼ੀਕ ਕੁਝ ਛਾਵਣੀ ਹੈ ਚੜ੍ਹਦੇ ਦੀ ਵਲ ਮੇਰਾ ਅਸਲੀ ਮੁਕਾਮ ਜੀ।
ਸਿੰਘਾ ਦਾ ਤਮਾਮ ਜੋ ਤੁਰਬ ਚਾਰ ਆਖਦੇ ਨੇ ਡਿਓਢੀ ਦੇ ਅੱਗੇ ਮੇਰੇ ਤੂਤ ਦਾ ਨਿਸ਼ਾਨ ਜੀ।
ਗਿਆਰਾਂ ਸੈ ਸੌਤ ਸੀ ਜੋ ਨੰਬਰ ਗੁਪਾਲ ਸਿੰਘ ਜੋੜਦਾ ਕਵੀਸ਼ੂਰੀ ਨੂੰ ਜ਼ਾਤ ਤਰਖਾਣ ਜੀ।

### ਕਬਿੱਤ

ਪਿੰਡ ਤੇ ਗਿਰਾਂ ਓਹੀ ਗਾਜੀਆਣੇ ਤੇ ਭਦੌੜ ਕੋਲੇ ਸ਼ਹਿਰ ਨਜੀਕ ਪਿੰਡ ਸੈਦੋਕੇ ਠਿਕਾਣਾ ਜੀ।
ਕਲਸੀ ਹੈ ਗੋਤ ਜਾਤ ਉਜਲੀ ਜਹਾਨ ਵਿਚ ਲੋਹਾਰ ਤੇ ਤਰਖਾਣ ਕੰਮ ਰਾਜ ਦਾ ਮੈਂ ਜਾਣਾ ਜੀ।
ਟਾਪੂਓਂ ਉਰਾਰ ਪਾਰ ਰਾਜ ਅੰਗ੍ਰੇਜ਼ ਦਾ ਹੈ ਨਿਕਾ ਜਿਹਾ ਪਿੰਡ ਤੇ ਨਿਹਾਲੇ ਵਾਲਾ ਠਾਣਾ ਜੀ।
ਮੋਗੇ ਦੀ ਤਸੀਲ ਜ਼ਿਲਾ ਵਿਚ ਹੈ ਫ਼ੀਰੋਜ਼ਪੁਰ ਵੇਖ ਲੌ ਗੁਪਾਲ ਸਿੰਘ ਨਿਤ ਮੌਜਾਂ ਮਾਣਾ ਜੀ।

*****

---

* ਗੋਪਾਲ ਸਿੰਘ ,ਮਿਸਤਰੀ; ਬਾਰਾਂਮਾਹ ਭਾਈ ਕਰਮ ਸਿੰਘ; ਰਾਏ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਮੁਫ਼ੀਦ ਆਮ ਪ੍ਰੈਸ ਲਾਹੌਰ, 1902 (ਸੀਮਤ ਨਾਨਕਸ਼ਾਹੀ 441).

باراں ماہ امام الدین مصنفہ امام الدین آزاد ساکن لدھیانہ سنہ ۱۹۰۲
شیخ محمد بخش کتب فروش لدھیانہ نے میں چھپایا پریس قیصر ہند لدھیانہ +

## 6. ਬ੍ਰਾਰਾਂਮਾਹ ਅਮਾਮ - ਦੀਨ*

ਚੇਤ ਮਹੀਨੇ ਹੇ ਸਖੀ ਬਿਛੜੇ ਹਮਰੇ ਮੀਤ। ਤ੍ਰਿੰਜਣ ਲਾ ਸਹੇਲੀਆਂ ਗਾਂ ਹਿਜਰ ਦੇ ਗੀਤ।

### ਮਾਹ ਅਵੱਲ

ਚੜ੍ਹਿਆ ਚੇਤ ਪੀਆ ਘਰ ਨਾਂ ਆਇਆ, ਨੀ ਮੈਂ ਰੋ ਰੋ ਹਾਲ ਗੰਵਾਇਆ।
ਹੇ ਬੇਤਰਸਿਆ ਤਰਸ ਨਾਂ ਆਇਆ, ਰੋਂਦੀ ਦੇਖ ਨਾਂ ਸੀਨੇ ਲਾਇਆ।

ਚੇਤੇ ਚਿਤ ਉਦਾਸੀ ਮੈਨੂੰ ਨਾਲ ਲੈਜਾਸੀ। ਪਿਆਰੇ ਦੂਰ ਨਾ ਜਾਸੀ ਮੇਰੀ ਓੜ ਨਿਭਾ।
ਅਮਾਮ ਦੀਨ ਮੈ ਮਰਦੀ ਪਿਛੇ ਕਦਮ ਨਾ ਕਰਦੀ, ਅਗੇ ਹੋ ਸਰ ਧਬਤੀ ਇਹੋ ਵਸਲ ਦੁਆ।

ਚੇਤਰ ਚਲਿਆ ਰੀ ਸਖੀ ਤਨ ਮਨ ਲਾ ਵਿਜੋਗ, ਵਿਸਾਖ ਨਹਾਵਣ ਜਾ ਕਰੋਂ ਤਾਂ ਮਿਲਾਵਾ ਹੋਗ।
ਵੈਸਾਖ ਨਹਾਵਣ ਜਾ ਕਰਨ ਜੋ ਸੰਗ ਰਲੀਆਂ/ਜਾਂ, ਮੈਲ ਦੂਈ ਜਿਨ ਧੋਤੀਆਂ ਪੀ ਲਈਆਂ ਗਲ ਲਾ।

### ਮਾਹ ਦੋਮ

ਚੜ੍ਹਿਆ ਵਿਸਾਖ ਵਿਸਾਰ ਨਾ ਜਾਨੀ, ਮੈਂ ਤਾਂ ਹੋਈ ਰੋ ਦੀਵਾਨੀ,
ਇਸ਼ਕ ਧਰਕੇ ਤੀਰ ਕਮਾਨੀ, ਲਾਈ ਵਿਚ ਸੀਨੇ ਦੇ ਕਾਨੀ।

ਵਿਸਾਖ ਵੱਸ ਨਾ ਮੇਰੇ ਪਾਏ ਇਸਕ ਨੇ ਫੇਰੇ। ਲਾਏ ਸੀਨੇ ਡੇਰੇ ਦਿਤੀ ਸੁਰਤ ਭੁਲਾ।
ਅਮਾਮ ਦੀਨ ਆ ਬੇਲੀ ਰੋਮਾਂ ਬੈਠ ਅਕੇਲੀ। ਹੋਏ ਸਾਥ ਸਹੇਲੀ ਤਾਂ ਢੂੰਡਣ ਜਾ।

ਵਿਸਾਖ ਵਸਿਉ ਤੁਮ ਸਖੀ ਹਮ ਚਲੇ ਬਣਬਾਸ। ਦੂਈ ਦੁੱਖਤਾ ਖੋਇਓ ਜੇਠ ਪੁਚਾਓ ਆਸ।
ਜੇਠ ਆਗ ਆ ਬਰਸਿਆ ਤਨ ਜਲਾਇਆ ਲੋ। ਮੈਂ ਜਲਾਂ ਦਿਲ ਨਾ ਜਲੇ ਤਾਂ ਮਿਲਾਵਾ ਹੋ।

### ਮਾਹ ਸੋਇਮ

ਚੜ੍ਹਿਆ ਜੇਠ ਲੋਆਂ ਜ਼ੋਰ ਪਾਇਆ, ਬ੍ਰਿਹੋਂ ਵਾਲ ਮ਼ਵਾਤਾ ਲਾਇਆ
ਮੇਰਾ ਤਨ ਮਨ ਫੂਕ ਜਲਾਇਆ, ਸਗੋਂ ਹੋਰ ਤੱਤੀ ਸ਼ਨ ਤਾਇਆ।

ਜੇਠ ਜਾਨ ਜਲਾਈ ਤੇਰੇ ਇਸ਼ਕ ਕਸਾਈ। ਪੁੱਠੀ ਕਰਦ ਚਲਾਈ ਰੌ ਖਾਂ ਮੈਂ ਗਲ ਲਾ।
ਅਮਾਮ ਦੀਨ ਮੈਂ ਮਰਦੀ ਕੋਈ ਉਜ਼ਰ ਨਾ ਕਰਦੀ। ਸਿਰ ਅੱਗੇ ਧਰਦੀ ਕਰਦੀ ਜਾਨ ਫ਼ਿਦਾ।
ਜੇਠ ਕਹੇ ਹਮ ਚਲੇ ਹੈਂ ਠਹਿਰ ਨਾ ਹਮਰਾ ਜੀ। ਹਾੜ ਜੇਠ ਇਕ ਜਾਣਿਓ ਤਾਂ ਮਿਲਤ ਆ ਪੀ।
ਹਾੜ ਚਲ ਬਰਫ਼ ਪਹਾੜ ਦੀ ਰਲਤ ਸੂਹਦੇ ਨਾਲ। ਮੈਂ ਪਾਪਣ ਸਈਓ ਜੇ ਚਲਾਂ ਤਾਂ ਹੋਤ ਪੀ ਵਿਸਾਲ।

## ਮਾਹ ਚਹਾਰਮ

ਚੜ੍ਹਿਆ ਹਾੜ ਪਾਵਾਂ ਮੈਂ ਹਾੜੇ, ਬ੍ਰਿਹੋਂ ਧੁੱਪ ਤੇਰੀ ਨਿਤ ਸਾੜੇ।
ਤਕੱੜੀ ਹਿਜਰਵਾਲੀ ਆ ਚਾਹੜੇਂ, ਪਾਏ ਦੁੱਖ ਵੱਟੇ ਲੈ ਹਾੜੇ।

ਚੜ੍ਹਦੇ ਹਾੜ ਮਹੀਨੇ ਮੇਰੇ ਯਾਰ ਨਗੀਨੇ। ਅੱਗ ਭੜਕੀ ਸੀਨੇ ਪਾਣੀ ਵਸਲ ਪਿਲਾ।
ਆਮਾਮ ਦੀਨ ਪੁਕਾਰਾਂ ਕਦੀ ਨਾਂ ਮੋੜ ਮੁਹਾਰਾਂ। ਵਸਿਓ ਆ ਘਰ ਬਾਰਾਂ ਇਤਨਾ ਨਾ ਤਰਸਾ।

ਹਾੜ ਚਲੇ ਘਰ ਆਪਣੇ, ਜੋ ਨਦੀਆਂ ਨਾਮ ਸੰਜੋਗ। ਕਾਮ ਕਰੋਧ ਕੋ ਖੋਇਓ ਤਾਂ ਮਿਲਾਵਾ ਹੋਗ।
ਸਾਵਣ ਆਇਆ ਰੀ ਸਖੀ ਪੀਆ ਮਿਲੇ ਗਲ ਲਾ। ਆਂਖ ਕਾਨ ਮੁਖ ਮੀਚ ਕੇ ਸੁਰਤੀ ਲੈ ਜਮਾ।

## ਮਾਹ ਪੰਜਮ

ਚੜ੍ਹਿਆ ਸਾਵਣ ਘਟਾਂ ਸਰ ਚੜ੍ਹੀਆਂ, ਨੈਣਾਂ ਮੇਰਿਆਂ ਲਾਈਆਂ ਝੜੀਆਂ।
ਕਾਂਗਾਂ ਇਸ਼ਕ ਤੇਰੇ ਦੀਆਂ ਚੜ੍ਹੀਆਂ , ਤੇਰੇ ਬਹਿਰ ਇਸ਼ਕ ਵਿਚ ਹੜ੍ਹੀਆਂ।

ਸਾਵਣ ਸੋਚਾਂ ਪੀਆ ਤੇਰੇ ਨਾਲ ਗਈਆਂ। ਦਿਲ ਦੀਆਂ ਦਿਲ ਵਿਚ ਰਹੀਆਂ ਭੁਲੀ ਅਖੀਆਂ ਲਾ।
ਅਮਾਮਦੀਨ ਇਹ ਚਾਲੇ ਦੇਂਦਾ ਸ਼ਹਿਤ ਪਿਆਲੇ। ਪਿਛੋਂ ਪਾਏ ਕਸਾਲੇ ਇਹੋ ਇਸ਼ਕ ਅਦਾ।

ਸਾਵਣ ਸਵੇਰੇ ਟੁਰਨਗੇ ਜੋ ਤੈਂਜਨ ਧਇਓ ਕਹਾ। ਭਾਦੋਂ ਭਾਰ ਇਹ ਇਸ਼ਕ ਦਾ ਦੂਰ ਕਰੇਗੀ ਆ।
ਭਾਦੋਂ ਆਖੇ ਬਾਵਰੀ ਮਤ ਇਤਨਾ ਕੁਰਲਾ। ਝਾੜੂ ਪਕੜ ਧਿਆਨ ਦਾ ਅੰਦਰ ਕਰੇਂ ਸਫ਼ਾ।

## ਮਾਹ ਸ਼ਸ਼ਮ

ਭਾਦੋਂ ਭਾਲ ਥੱਕੀ ਹੁਣ ਸਾਰੇ, ਪਾਂਧੇ ਪੰਡਤ ਪੁਛਦੀ ਸਾਰੇ।
ਕੋਈ ਦਸਿਓ ਵੇ ਲਗਨ ਸਤਾਰੇ, ਕਦੋਂ ਮੈਂ ਘਰ ਆਵਣ ਪਿਆਰੇ।

ਭਾਦੋਂ ਭੜਕ ਉਠੀ ਸੀਨੇ ਦਰਦ ਉੱਠੀ। ਆਈ ਜਾਨ ਮੁੱਠੀ ਲਈਂ ਆਣ ਬਚਾ।
ਅਮਾਮ ਦੀਨ ਜੀ ਫੜਕੇ, ਹੋਈ ਕੋਲਾ ਸੜਕੇ। ਚਿਖਾ ਇਸ਼ਕ ਦੀ ਚੜ੍ਹਕੇ ਦਿਤੀ ਜਾਨ ਗਵਾ।

ਭਾਦੋਂ ਭਾਰ ਲੈਂਦਾ ਟੁਰੀ ਜੋ ਅੱਸੂ ਆਮਦ ਹੈ। ਸਹੁਰੇ ਪਈਏ ਬਹੁਲਿਓ ਤਾਂ ਮਿਲਾਵਾ ਹੋ।
ਅਸੂ ਆਖੇ ਬਾਵਰੀ ਸੁਨ ਤੂ ਮੇਰੀ ਮੱਤ। ਦਫਤਰ ਸ਼ਰਮ ਹਿਆ ਦਾ ਫੂਕ ਪੀਆ ਦਿਲਵੰਤ।

ਮਾਹ ਹਫ਼ਤਮ

ਅਸੂ ਆਸ ਪੁਚਾ ਹੁਣ ਮੇਰੀ, ਬਹੁਤ ਹੋਈ ਹੁਣ ਦੇਰ ਵਥੇਰੀ।
ਤੇਰੇ ਦਰਦ ਗ਼ਮਾਂ ਮੈਂ ਘੇਰੀ, ਕਦੀ ਨਾਮ ਖ਼ੁਦਾ ਕਰ ਫੇਰੀ।

ਅਸੂ ਆਸ਼ ਪੁਚਾਈਂ ਮੈਨੂੰ ਮੁਖਦਖਾਈਂ। ਕੋਈ ਕਰਮ ਕਮਾਈਂ ਪਿਆਰੇ ਨਾਮ ਖ਼ੁਦਾ।
ਅਮਾਮ ਦੀਨ ਮਾਰੀ ਤੇਰੇ ਇਸ਼ਕ ਬੀਮਾਰੀ। ਆ ਕਰ ਕੁਛ ਕਾਰੀ ਚੱਲੀ ਜਾਨ ਅਜਾ।

ਅਸੂ ਆਸਾਂ ਤੋੜ ਕੇ ਹੋ ਖੜਾ ਉਦਾਸ। ਕਤੱਕ ਕੰਤ ਆ ਮਿਲੇ ਯਾਦ ਕਰੀਂ ਹਰ ਸਾਸ।
ਕਤਕ ਕੱਤਾਂ ਕਿਸ ਤ੍ਰਾਂ ਤਕਲੇ ਪਏ ਵਲ ਚਾਰ। ਤਾਅ ਹਥੌੜਾ ਲਾਇਕੇ ਕਢੇ ਕੋਈ ਲੋਹਾਰ।

ਮਾਹ ਹਸ਼ਤਮ

ਚੜ੍ਹਿਆ ਕਤੱਕ ਕੰਥ ਜੇ ਆਵੇ, ਮੈਨੂੰ ਰੋਂਦੀ ਨੂੰ ਚੁਪ ਕਰਾਵੇ।
ਮੈਨੂੰ ਉਜੜੀ ਨੂੰ ਆਣ ਵਸਾਵੇ, ਮੇਰੀ ਲਗੀਆਂ ਦੀ ਓੜ੍ਹ ਨਿਭਾਵੇ।

ਕਤੱਕ ਕਾਰ ਵੇ ਮੈਨੂੰ ਗੁਲਜ਼ਾਰ ਵੇ ਮੈਨੂੰ ਲਗੇ ਖ਼ਾਰ ਵੇ ਮੈਨੂੰ ਪਿਆਰੇ ਤੇਰੇ ਸਿਵਾ।
ਅਮਾਮ ਦੀਨ ਆ ਪਿਆਰੇ ਬੈਠੀ ਮਾਰਾਂ ਨਾਅਰੇ, ਦੇਖਾਂ ਰਾਹ ਮੈਂ ਸਾਰੇ ਕਿਤੇ ਨਜ਼ਰ ਨਾ ਆ।

ਕਤੱਕ ਕੇ ਹਾ ਰੇ ਸਖੀ ਮਘੱਰ ਸਿਉਂ ਰਖ ਮਾਨ। ਪੀਅ ਪਿਆਰਾ ਤਾਂ ਮਿਲ ਅਪਣਾ ਅਸਲ ਪਛਾਨ।
ਮਘਰ ਪੂਜਤ ਬੁੱਤ ਕੋਈ ਪੂਜਤ ਕੋਈ ਖ਼ੁਦਾ। ਮੈਂ ਪੂਜਾਂ ਸਈਓ ਓਸ ਨੂੰ ਜੋ ਦੇਵੇ ਸ੍ਰ ਯਾਰ ਮਿਲਾ।

ਮਾਹ ਨਹਮ

ਮਘੱਰ ਯਾਰ ਗਿਆ ਹੁਣ ਪਿਆਰਾ, ਹੋਆ ਜੀਵਨ ਮੁਸ਼ਕਲ ਭਾਰਾ।
ਮੈਂ ਤਾਂ ਢੂੰਡ ਫਿਰੀ ਜੱਗ ਸਾਰਾ, ਦਿਲ ਹੋ ਗਿਆ ਪਾਰਾ ਪਾਰਾ।

ਮਘੱਰ ਮੋਹਨਾ ਤੋੜੀ ਮੇਰੀ ਟੁੱਟੀ ਸਾਰੀਜੋੜੀਂ। ਕਦੀਂ ਬਾਗਾਂ ਮੋੜੀਂ ਉਜੜੀ ਆਣ ਵਸਾ।
ਅਮਾਮਦੀਨ ਮੈ ਬਰਦੀ ਪਿਆਰੇ ਤੇਰੇ ਦਰਦੀ। ਵੇ ਮੈ ਅਰਜ਼ਾਂ ਕਰਦੀ ਮੇਰੀ ਬਖਸ਼ ਖਤਾ।

ਮਘੱਰ ਮੋੜਾ ਪਾਇਆ ਸੋ ਤਪ ਗਿਆ ਹੁਣ ਪੋਹ। ਓਹ ਮੁੜ ਪੀਆ ਨਾ ਆਇਆ ਜਿਨ ਤਨ ਮਨ ਮੋਹ
ਪੋਹ ਪਰਖੇ ਗੋਹਰ ਜੌਹਰੀ ਜ਼ਰ ਪਰਖੇ ਸਰਫ਼ । ਬਸ਼ਰ ਨੂੰ ਕੋਈ ਨਾ ਪਰਖਦਾ ਇਹਨੂੰ ਮਾਰਨ ਲਾਫ਼।

## ਮਾਹ ਦਹਮ

ਚੜ੍ਹਿਆ ਪੋਹ ਤੇ ਪਾਲਾ ਡਾਹਡਾ, ਨਾਂ ਕੁਝ ਉਜਰ ਤੇ ਜ਼ੋਰ ਅਸਾਡਾ।
ਹੁਣ ਪਿਆਰਿਆ ਨਾ ਜਾ ਦੂਰ ਦੁਰਾਡਾ, ਸਾਨੂੰ ਤੈਂ ਬਿਨ ਲਗਦਾ ਜਾੜਾ।

ਪੋਹ ਪਾਲੀ ਵੇ ਸਾਈਆਂ ਜਿਵੇਂ ਅਖੀਆਂ ਲਾਈਆਂ ਤੇਰੇ ਇਸ਼ਕ ਸਤਾਈਆਂ ਦਿਤੀ ਸੁਰਤ ਗਵਾ।
ਅਮਾਮਦੀਨ ਮੈਂ ਜਾਵਾਂ ਜੋਗਨ ਭੇਸ ਬਣਾਵਾਂ ਦਰ ਦਰ ਅਲਖ ਜਗਾਵਾਂ ਤਨ ਖ਼ਾਕ ਲਗਾ।

ਘੋ

ਪੋਹ ਪਿਆ ਰਾਹ ਅਪਣੇ ਮਾਘ ਮਾਹੀ ਗਲ ਲਾ। ਖੋਈਂ ਭਰਮ ਤੂੰ ਅਪਣਾ ਜੋ ਮੈਂ ਤੂੰ ਦਏ ਭੁਲਾ।
ਮਾਘ ਤਸਵੱਰ ਮਾਹੀ ਦਾ ਇਬਾਦਤ ਐਡ ਨਾਂ ਕੋ। ਖ਼ੁਦੀ ਨੂੰ ਛੱਡ ਦੇ ਮਨਾ ਫਰਾਗ਼ਤ ਐਡ ਨਾਂ ਹੋ।

## ਮਾਹ ਯਾਜ਼ਦਹਮ

ਮਾਘ ਬ ਮਾਹੀ ਹੁਣ ਕਿਉਂ ਚਿਰ ਲਾਇਆ, ਮੁੜ ਤੱਤੀ ਨੂੰ ਨਾਂ ਗਲ ਲਾਇਆ।
ਇਤਨਾ ਪਿਆਰਿਆ ਨਾਂ ਮੈ ਹਸਾਇਆ, ਜਿਤਨਾ ਇਸ਼ਕ ਤੇਰੇ ਨ ਰਵਾਇਆ।

ਮਾਘ ਮਾਹੀ ਨੂੰ ਜਾਪਾਂ ਲਾਹੇ ਛੱਲੇ ਛਾਪਾਂ। ਇਸ਼ਕ ਨਿਤ ਸਿਆਪਾ ਸਾਥੋਂ ਪਿਟਿਆ ਨਾਂ ਜਾ।
ਅਮਾਮਦੀਨ ਮੈਂ ਪਿੱਟੀ ਲਾਹੇ ਚੋਲੀ ਸਿੱਟੀ ਸਿਰ ਪਾਏ ਮਿੱਟੀ ਬੈਠੀ ਸੋਗ ਲਗਾ।

ਮਾਘ ਕੇਹਾ ਹਮ ਚਲੇ ਹੈਂ ਹਮਰੇ ਵੱਸ ਨਾਂ ਕਾ। ਫਾਗਨ ਸੇ ਅਬ ਜਾਏਕੇ ਅਪਣਾ ਹਾਲ ਸੁਣਾਊਂ।
ਫਾਗਣ ਛੋੜ× ਮੈਲੇ ਕਪੜੇ ਧੋ ਦੇਵੇ ਹਰ ਕੋ। ਐਸਾ ਧੋਬੀ ਨਾ ਮਿਲਾ ਜੋ ਤਨ ਮਨ ਦੇਵੇ ਧੋ।

## ਮਾਹ ਦਵਾਜ਼ਦਹਮ

ਚੜ੍ਹਿਆ ਫਾਗਣ ਹੋਰੀ ਹੁਣ ਆਈ, ਸਈਆਂ ਰਲ ਮਿਲ ਧੂਮ ਮਚਾਈ।
ਮੈਂ ਤਾਂ ਰੋਂਦੀ ਹਾਂ ਦੇ ਦੋਹਾਈ, ਮੇਰੀ ਖ਼ਬਰ ਨਾ ਲਈ ਹੈ ਕਾਈ।

ਫਾਗਣ ਰੰਗ ਬਣਾਵਣ ਸਈਆਂ ਖੇਲਣ ਆਵਣ। ਮੈਨੂੰ ਪਕੜ ਉਠਾਵਣ ਮੈਂ ਖੇਲਾਂ ਕਿਸ ਸੰਗ ਜਾ।
ਅਮਾਮਦੀਨ ਜੇ ਆਵੇ ਮੇਰੀ ਆਸ ਪੁਜਾਵੇ ਹੋਰੀ ਆਣ ਖਿਲਾਵੇ ਮੈਂ ਦੇਖਾਂ ਰੰਗ ਉੜਾ।

\- - - - - - - - -

* ਇਹ ਬਾਰਾਂਮਾਹ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਪ੍ਰਾਪਤ ਹੋਇਆ ਹੈ।

بارہ ماہ در فراق صاحباں
تصنیف
مولوی محمد بخش ساکن دھرمی وال براغ کارخانہ قادریہ۔ اندر گڑھ بیرون موگہ
شرف پریس لدھیانہ

*

## 7. ਬਾਰਾਂਮਾਹ - ਮਿਰਜ਼ਾ ਦਰ ਫ਼ਰਾਕ ਸਾਹਿਬਾਂ

(ਤਸਨੀਫ਼ ਮੁਹੰਮਦ ਬਖ਼ਸ਼ ਸਾਕਨ ਧਰਮੀਵਾਲ)

ਦੋਹਰਾ: ਚੜ੍ਹੇ ਮਹੀਨੇ ਚੇਤ ਦੇ ਆਸ਼ਕ ਕਰੇ ਪੁਕਾਰ। ਤੂੰ ਮਾਹ ਚੇਤ ਸੁਚੇਤ ਹੋ ਮੇਲ ਹਮਾਰਾ ਯਾਰ।

ਕੋਰੜਾ: ਚੇਤਰ ਮਹੀਨੇ ਚਿੱਤ ਮੇਰਾ ਚਾਹਵੰਦਾ। ਬਾਝ ਤੇਰੇ ਨਾਮ ਦੇ ਨਾਂ ਕੁਝ ਭਾਵੰਦਾ।
ਮੈਨੂੰ ਇਹ ਫ਼ਰਾਕ ਦਿਨ ਰਾਤ ਖਾਵੰਦਾ। ਹੋਇਆ ਇਹ ਹਾਲ ਚੈਨ ਨਹੀਂ ਆਵੰਦਾ।
ਤੇਰੇ ਯਾਰ ਦਿਲਬਰ ਓ ਜਾਨ ਵਾਰੀਏ। ਅੱਲਾ ਰੱਖਾ ਆਖੇ ਹਸ ਬੋਲ ਪਿਆਰੀਏ।

ਦੋਹਰਾ: ਚੇਤ ਮਹੀਨੇ ਆਖਿਆ ਹਮ ਤੋ ਚਲੇ ਅਦੇਸ। ਜਾ ਦਸ ਕਾਲ ਬੈਸਾਖ ਹਮ ਜੋ ਕੀ ਪਰਦੇਸ।

### ਬੈਸਾਖ

ਦੋਹਰਾ: ਕਹਿੰਦਾ ਮਾਹ ਬਸਾਖ ਕੋ ਮਿਰਜ਼ਾ ਮਿੱਠਾ ਬੋਲ। ਸੁਣ ਮੇਰੀ ਫਰਿਆਦ ਕੋ ਮੇਲ ਹਮਾਰਾ ਢੋਲ।

ਕੋਰੜਾ: ਚੜ੍ਹਿਆ ਬਸਾਖ ਦੁਖ ਮੈਨੂੰ ਪੈ ਗਏ। ਤਕਦੇ ਦੋ ਨੈਣ ਤੈਨੂੰ ਮੇਰੇ ਰਹਿ ਗਏ।
ਅਸੀਂ ਤਾਂ ਮੁਸੀਬਤਾਂ ਹਜ਼ਾਰਾਂ ਸਹਿ ਗਏ। ਛੋੜਿਆ ਗੁਮਾਨ ਤੇਰੇ ਪੈਰੀਂ ਪੈ ਗਏ।
ਯਾਦ ਨਾਂ ਖਿਆਲ ਅਸੀਂ ਤੇਰੇ ਨਾਰੀਏ। ਅੱਲਾ ਰੱਖਾ ਕਹਿੰਦਾ ਹੱਸ ਬੋਲ ਪਿਆਰੀਏ।

ਦੋਹਰਾ: ਆਖਿਆ ਮਾਹ ਬਸਾਖ ਨੇ ਹਮ ਤੋ ਚਲੇਹੈਂ ਦਮ। ਮਾਹ ਜੇਠ ਕੋ ਆਪਣਾ ਹਾਲ ਸੁਣਾ ਦੇ ਗ਼ਮ।

### ਜੇਠ

ਦੋਹਰਾ: ਜੇਠ ਮਹੀਨਾ ਆ ਗਿਆ ਜਾ ਕੀਤੀ ਫਰਿਆਦ। ਮੈਂ ਕਰਦਾ ਹਾਂ ਬੇਨਤੀ ਦੇਹ ਹਮਾਰੀ ਦਾਦ।

ਕੋਰੜਾ: ਜੇਠ ਦੇ ਮਹੀਨੇ ਮੇਰਾ ਜੀਉ ਜਾਲਿਆ। ਇਸ਼ਕ ਤੇਰੇ ਸਾਹਿਬਾਂ ਮਵਾਤਾ ਵਾਲਿਆ।
ਨਾਗ ਇਸ਼ਕ ਤੇਰਾ ਹਿੱਕ ਉਪਰ ਪਾਲਿਆ। ਜਰਮ ਜਹਾਨੋਂ ਮੈਂ ਨਾਮ ਗਾਲਿਆ।
ਅਜੇ ਜੀ ਲੁਕਾਵੇਂ ਸਾਥੋਂ ਮੁਖ ਡਾਢੀਏ। ਅੱਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਜੇਠ ਆਖਿਆ ਹਮ ਪਰਦੇਸੀ ਬਸ। ਮਾਹ ਹਾੜ ਕੋ ਆਪਣਾ ਹਾਲ ਤਮਾਮੀ ਦੱਸ।

### ਹਾੜ

ਦੋਹਰਾ: ਹਾੜ ਮਹੀਨਾ ਚੜ੍ਹਿਆ ਮਿਰਜ਼ਾ ਕਹਿੰਦਾ ਰੋ। ਮੇਰੇ ਵਿਛੜੇ ਯਾਰ ਨੂੰ ਨਹੀਂ ਮਿਲਾਂਦਸੋ।

ਕੋਰੜਾ: ਹਾੜ ਦੇ ਮਹੀਨੇ ਹਾੜੇ ਘੱਤਾਂ ਗੋਰੀਏ। ਲਾਲੀਏ ਪਰੀਤਾਂ ਵੱਤ ਨਹੀਂ ਤੋੜੀਏ।
ਪ੍ਰੀਤ ਨੂੰ ਉਠਾ ਚੁਰਾ ਨੈਣ ਜੋੜੀਏ। ਰੁੜ੍ਹਦਿਆਂ ਨੂੰ ਜ਼ਾਲਮਾਂ ਨਾ ਆਪ ਰੋੜ੍ਹਏ।
ਮਿਹਰਬਾਨੀ ਕਰ ਡੁਬਦਿਆਂ ਨੂੰ ਤਾਰੀਏ। ਅੱਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਹਾੜ ਮਹੀਨੇ ਆਖਿਆ ਹਮ ਤੋ ਆਪ ਚਲੇ। ਸਰਵ ਸਾਉਣ ਕੋ ਆਖਿਓ ਹਮ ਤੋ ਆਪ ਜਲੇ।

## ਸਾਵਣ

ਦੋਹਰਾ: ਸਾਵਣ ਮਾਹ ਜਬ ਚੜ੍ਹਿਆ ਮਿਰਜ਼ਾ ਮੰਦੇ ਹਾਲ। ਕਹਿੰਦਾ ਸਾਹਿਬਾਂ ਦੀ ਮੈਨੂੰ ਸ਼ਕਲ ਵਿਖਾਲ।

ਕੋਰੜਾ: ਸਾਵਣ ਮਹੀਨੇ ਸੁਕਿਆ ਸਰੀਰ ਨੀ। ਤੇਰੇ ਲਈ ਸਾਹਿਬਾਂ ਹੋਇਆ ਫਕੀਰ ਨੀ।
ਕਾਫ਼ੀ ਤੇਰੇ ਨੈਣ ਦਿਲ ਗਏ ਚੀਰ ਨੀ। ਕਾਲੀ ਜ਼ੁਲਫ ਤੇਰੀ ਮੈਂ ਕੀਤਾ ਅਸੀਰ ਨੀ।

ਆਸ਼ਕਾਂ ਸਵਾਲੀਆਂ ਨਾਂ ਝਿੜਕ ਮਾਰੀਏ। ਅਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਮਾਹ ਸਾਵਣ ਇਹ ਆਖਿਆ ਹਮਰਾ ਵੱਸ ਨਾ ਕੋ। ਹਮ ਫਰਿਆਦਾਂ ਕਿਆ ਸੁਣੇਂ ਜਾ ਭਾਦੋਂ ਸੇ ਕਹੋ।

## ਭਾਦੋਂ

ਦੋਹਰਾ: ਚੜ੍ਹੇ ਮਹੀਨੇ ਭਾਦਰੋਂ ਬਾਰਸ ਬਦਲੀਆਂ ਆ। ਕੋਈ ਨਾਂ ਮੇਲੇ ਯਾਰ ਨੂੰ ਰੋਂਦਾ ਘਤ ਕਹਾਂ।

ਕੋਰੜਾਓਂਭ ਭਾਦੋਂ ਮਹੀਨੇ ਭਾਗ ਲਖੇ ਮੇਰੇ ਨੀ। ਜਿੰਦ ਜਾਨ ਹੋਇਆ ਮੇਰਾ ਵਸ ਤੇਰੇ ਨੀ।
ਤੇਰਾ ਹੈ ਫਿਰਾਕ ਦਿਲ ਕਰੇ ਬੈਰ ਨੀ। ਇਸ਼ਕ ਵਹਿਣ ਤੇਰੇ ਮੈਨੂੰ ਪਾਇਆ ਕਹਿਰ ਨੀ।
ਨਖ਼ਰਾ ਵਖਾ ਕਰ ਨਾਜ਼ ਕੁਆਰੀਏ। ਅਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਭਾਦੋਂ ਚਲੀ ਮੁਸਾਫ਼ਰੀ ਕਹਿੰਦੀ ਮਿਰਜ਼ਿਆ ਖਾਂ। ਇਹ ਕੰਮ ਤੇਰੇ ਇਸ਼ਕ ਦਾ ਹਮ ਸੇ ਹੋਤਾ ਨਾਂ।

## ਅੱਸੂ

ਦੋਹਰਾ: ਅੱਸੂ ਮਾਂਹ ਕੋ ਆਖਿਆ ਤੇਰੀ ਕਿਆ ਹੈ ਨੀਤ। ਤੂੰ ਮਿਲਦੇ ਯਾਰ ਨੂੰ ਮੇਰੀ ਪਾਲ ਪ੍ਰੀਤ।

ਕੋਰੜਾ: ਅਸੂ ਦੇ ਮਹੀਨੇ ਆਣ ਹੱਸ ਬੋਲੀਂ ਨੀ। ਲਾਥਿਕੇ ਪ੍ਰੀਤਾਂ ਹੁਣ ਨਹੀਂ ਡੋਲ ਨੀ।
ਦਿਲ ਦੀਆਂ ਘੁੰਡੀਆਂ ਸੁਣਾਦੇ ਖੋਲ੍ਹ ਨੀ। ਇਸ਼ਕੇ ਦੀ ਤਕੜੀ ਨਾ ਘਟ ਤੋਲ ਨੀ।
ਆਜ਼ਕਾਂ ਦੇ ਸਾਥ ਨਾਂ ਫ਼ਰੇਬ ਮਾਰੀਏ। ਅੱਲਾ ਰਖਾ ਕਹਿੰਦਾ ਹੱਸ ਬੋਲ ਪਿਆਰੀਏ।

ਦੋਹਰਾ: ਹਮ ਪਰਦੇਸੀ ਹਮ ਚਲੇ ਇਕ ਪਲ ਪਹਿਰਾ ਸੀ। ਅੱਗੇ ਜਾਕਰ ਪੁਛਲੇ ਕਤਕ ਆਉਣਾ ਹੀ।

## ਕਤੱਕ

ਦੋਹਰਾ: ਚੜ੍ਹਦੇ ਕਤੱਕ ਮਾਂਹ ਨੂੰ ਆਸ਼ਕ ਸਬਰ ਨਾਂ ਆਇ। ਤੂੰ ਮੇਰੀ ਫਰਿਆਦ ਸੁਣ ਪੈਰੀਂ ਪੈਂਦਾ ਜਾ।

ਕੋਰੜਾ: ਕਤੱਕ ਕਤਾਬਾਂ ਸਾਹਿਬਾਂ ਠੱਪ ਰਖੀਏ। ਇਸ਼ਕ ਦੇ ਸਕੂਲ ਵਾਲਾ ਮਜ਼ਾ ਚਖੀਏ।
ਗ਼ਮੀ ਨੂੰ ਵਿਸਾਰ ਖ਼ੁਸ਼ੀ ਹੋਕੇ ਵਸੀਏ। ਦਿਲ ਦੇ ਹਵਾਲ ਸਾਰੇ ਖੋਲ੍ਹ ਦਸੀਏ।
ਪੜ੍ਹਨ ਦਾ ਬਹਾਨਾ ਤੇਰਾ ਮੇਰਾ ਪਾਹੜੀਏ। ਅਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ~~[illegible]~~
ਕਤੱਕ ਮਾਹ ਨੇ ਆਖਿਆ ਹਮ ਕੋ ਨਹੀਂ ਸਤਾ। ਪੋਹ ਮਹੀਨਾ ਆ ਗਿਆ ਆਖ ਹਕੀਕਤ ਜਾ।

## ਪੋਹ

ਦੋਹਰਾ: ਚੜ੍ਹਦੇ ਪੋਹ ਹੀ ਬੇਨਤੀ ਕੀਤੀ ਮਿਰਜ਼ੇ ਕੂਕ। ਸਰਦ ਮਹੀਨਾ ਤੂੰ ਹੈਂ ਦਿਆ ਵਿਛੋੜੇ ਫੂਕ।

ਕੋਰੜਾ: ਪੋਹ ਨੀ ਪਿਆਰ ਮੈਂ ਤਾਂ ਤੇਰਾ ਕਰ ਲਿਆ। ਭਾਰ ਨੀ ਫਰਾਕ ਤੇਰਾ ਸਿਰ ਧਰ ਲਿਆ।
ਸੱਪ ਇਸ਼ਕ ਤੇਰਾ ਹਥ ਨਾਲ ਫੜ ਲਿਆ। ਔਰ ਇਲਮ ਭਲਾ ਤੇਰਾ ਨਾਮ ਪੜ੍ਹ ਲਿਆ।
ਮਰਨ ਜੋਂ ਫਰਾਕੋਂ ਉਨ੍ਹਾਂ ਨਹੀਂ ਮਾਰੀਏ। ਅੱਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਪੋਹ ਮਹੀਨਾ ਆਖਿਆ ਤੂੰ ਮਤ ਕਰੀਂ ਪੁਕਾਰ। ਜਾ ਮਾਘ ਸੇ ਆਖ ਤੂੰ ਹਮ ਤੋ ਖੜੇ ਤਿਆਰ।

## ਮਾਘ

ਦੋਹਰਾ: ਮਾਘ ਮਹੀਨਾ ਆ ਗਿਆ ਮਿਰਜ਼ੇ ਜਾਂਦੀ ਜਾਨ। ਮੇਲ ਅਸਾਡੇ ਯਾਰ ਨੂੰ ਜੇ ਹੈ ਦਿਆਬਾਨ।

ਕੋਰੜਾ: ਮਾਘ ਦੇ ਮਹੀਨੇ ਸੁਣ ਮਾਨ ਮਤੀਏ। ਲਾਇਕੇ ਪ੍ਰੀਤਾਂ ਹੁਣ ਨਹੀਂ ਨਸੀਏ।
ਤੀਰ ਨੀ ਜੁਦਾਈ ਵਾਲੇ ਨਹੀਂ ਕਸੀਏ। ਜਿਸਮ ਭਾਵੇਂ ਦੋ ਜਾਨ ਇਕ ਰਖੀਏ।
ਪਾਕ ਨੀ ਪ੍ਰੀਤ ਵਾਲਾ ਪੱਕ ਧਾਰੀਏ। ਅੱਲਾ ਰਖਾ ਕਹਿੰਦਾ ਹੱਸ ਬੋਲ ਪਿਆਰੀਏ।

ਦੋਹਰਾ: ਮਾਘ ਮਹੀਨੇ ਆਖਿਆ ਮੈਂ ਪਰਦੇਸੀ ਹੂੰ। ਮਘਰ ਸੇ ਫੀਰਿਆਦ ਕਰ ਹੋਸ਼ ਅਕਲ ਕਰ ਤੂੰ।

## ਮਘਰ

ਦੋਹਰਾ: ਮਘਰ ਮਹੀਨਾ ਆ ਗਿਆ ਮਿਰਜ਼ਾ ਓਸੇ ਖਿਆਲ।
ਅਬ ਤੋ ਆਈ ਅਖੀਰ ਹੈਂ ਲੈਂਦਾ ਯਾਰ ਵਿਸਾਲ।

ਕੋਰੜਾ: ਮਘਰ ਮਹੀਨੇ ਮਰ ਜਾਏ ਬੰਦਾ ਨੀ।
ਜ਼ਿੰਦਗਾਨੀ ਸਾਥ ਹੈ ਵਿਛੋੜਾ ਮੰਦਾ ਨੀ।
ਦਿਲ ਗਿਆ ਚੀਰ ਹੁਸਨ ਤੇਰਾ ਖੰਡਾ ਨੀ।
ਮਿਰਗ ਮੈਂ ਨਦਾਨ ਪਾਇਆ ਜ਼ੁਲਫ਼ ਫੰਦਾ ਨੀ।
ਆ ਗਿਆ ਅਖ਼ੀਰ ਅਬ ਬੋਲ ਲਾੜੀਏ।
ਅਲਾ ਰਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਮਘਰ ਮਾਹ ਨੇ ਆਖਿਆ ਅਬ ਹੋ ਦਿਲ ਮੇਂ ਸ਼ਾਦ।
ਫ਼ਰੌਂਦ ਮਾਹ ਕੋ ਜਾ ਮਿਲੋਂ ਪੂਰੀ ਬ ਹੋਗ ਮੁਰਾਦ।

## ਫਗੱਣ

ਦੋਹਰਾ: ਫਗਣ ਮਹੀਨੇ ਆ ਗਿਆ ਮਿਰਜ਼ਾ ਆਖੇ ਜਾ।
ਮੈਂ ਆਜਜ਼ ਦਰ ਆ ਗਿਆ ਤੂੰ ਅੱਬ ਯਾਰ ਮਿਲਾ।

ਕੋਰੜਾ: ਫਗੱਣ ਮਹੀਨੇ ਸਾਹਿਬਾਂ ਘੁੰਡ ਚੁਕਿਆ।
ਦੇਖ ਕੇ ਦੀਦਾਰ ਮਿਰਜ਼ਾ ਯਾਰ ਹਸਿਆ।
ਖੁਸ਼ ਦਿਲ ਜਾਨੀ ਗ਼ਮ ਦੂਰ ਨਸਿਆ।
ਦਿਲ ਬੇਅਬਾਦ ਖ਼ਾਨਾ ਖ਼ੂਬ ਵਸਿਆ।
ਜਲ ਗਏ ਫਰਾਕੋਂ ਅੱਬ ਸੀਨਾ ਠਾਰੀਏ।
ਅੱਲਾ ਰੱਖਾ ਕਹਿੰਦਾ ਹਸ ਬੋਲ ਪਿਆਰੀਏ।

ਦੋਹਰਾ: ਫਗੱਣ ਮਾਹ ਨੇ ਆਖਿਆ ਆਸ਼ਕ ਨਹੀਂ ਡਰੇ।
ਸਾਹਿਬਾਂ ਦੀ ਜਾਨ ਖੁਸ਼ੀਆਂ ਨਿਤ ਕਰੇ।

**

ਬੈਤ: ਗਿਨ ਗਿਨ ਰੋਜ਼ ਦੁਖਾਂ ਦੇ ਜਾਵਣ ਇਕ ਦਿਨ ਖੁਸ਼ੀਆਂ ਹੋਵਣ।
ਵਿਛੜੇ ਦਿਲ ਪਰ ਮਿਲਣ ਜਿਨ੍ਹਾਂ ਦੇ ਦਾਗ ਦਿਲਾਂ ਦੇ ਧੋਵਣ।
ਕੋਈ ਮੁਸੀਬਤ ਨਜਰ ਨਾ ਆਵੇ ਨਜ਼ਰ ਆਵੇ ਜਦ ਪਿਆਰਾ।
ਸੁਕਾ ਬਾਗ ਹੋ ਜਾਂਦਾ ਹਰਿਆ ਲੈ ਮਾਸ਼ੂਕ ਨਜ਼ਾਰਾ।
ਮਿਲੀ ਸਾਹਿਬਾਂ ਜਾਂ ਮਿਰਜ਼ੇ ਤਾਈਂ ਸਭ ਗ਼ਮ ਦੂਰ ਸਦਾਏ।
ਆਸ਼ਕ ਤੇ ਮਾਸ਼ੂਕ ਦੋਹਾਂ ਨੇ ਸਾਰੇ ਹਾਲ ਸੁਣਾਏ।
ਅਬ ਮੈਨੂੰ ਸਭ ਭਾਈਆਂ ਅੱਗੇ ਅਰਜ਼ ਹੈ ਨੇ ਆਇਆ।
ਇਹ ਫਰਮਾਇਸ਼ ਮਹੰਮਦ ਅਲੀ ਭਾਈ ਪਿਆਰੇ ਨੇ ਬਾਰਾਂਮਾਹ ਬਣਾਇਆ।
ਹਾਸਲ ਚਾਹੀਏ ਇਸ਼ਕ ਰੱਬਾਨਾ ਗੈਰ ਖਿਆਲ ਨਾ ਕਰਨਾ।
ਜਿਸ ਬੇੜੇ ਨੇ ਪਾਰ ਨਾ ਹੋਣਾ ਹਰਗਿਜ਼ ਪੈਰ ਨਾਂ ਧਰਨਾ।
ਵਾਹਫ਼ ਮੁਹੱਬਤ ਮਾਲਕ ਵਾਲੀ ਕਦੀ ਆਰਾਮ ਨਾ ਪਾਵੇਂ।
ਇਹ ਦੁਨੀਆਂ ਦਾ ਛੋੜ ਪਸਾਰਾ ਓੜਕ ਖਾਲੀ ਜਾਵੇਂ।
ਜੋ ਦਿਲ ਇਸ਼ਕ ਮੁਹੱਬਤ ਕਰਕੇ ਤਰਫ਼ ਅੱਲਾ ਦੀ ਆਵੇ
ਦੋ ਜੱਗ ਅੰਦਰ ਸ਼ਾਨ ਗਰਮੀ ਆਲੀ ਦਰਜੇ ਪਾਵੇ।
ਭਗਤ ਕਬੀਰ ਬਾਜ਼ਾਰ ਦੇ ਅੰਦਰ ਇਕ ਦਿਨ ਤੁਰਿਆ ਜਾਵੇ।
ਬੈਠਾ ਮਛਲੀ ਵੇਚਣ ਵਾਲਾ ਹੋਕਾ ਬੋਲ ਸੁਣਾਵੇ।

ਭਗਤ ਕਬੀਰ ਕਿਹਾ ਹੇ ਭਾਈ ਇਕ ਮਛਲੀ ਦਿਖਲਾਵੀਂ।
ਕੁਛ ਹਕੀਕਤ ਪੁੱਛਾਂ ਤਾਂ ਮੈਂ ਇਸ ਆਜਜ਼ ਦੇ ਤਾਈਂ।
ਲੈ ਮਛਲੀ ਹਥ ਅੰਦਰ ਕਹਿੰਦੇ ਬਾ ਹਕੀਕਤ ਮੈਨੂੰ।
ਵਿਚ ਬਹਿਰ ਦੇ ਰਹਿਣੇ ਵਾਲੀ ਜਾਲ ਪਿਆ ਕਿਉਂ ਤੈਨੂੰ।
ਮਛਲੀ ਪਕੜੀ ਹਾਥ ਮੇਂ ਪੁਛਦੇ ਭਗਤ ਕਬੀਰ।
ਕਿਸ ਬਿਧ ਫਸ ਗਏ ਜਾਲ ਮੇਂ ਕਿਆ ਤੇਰੀ ਤਕਸੀਰ।
ਮਛਲੀ ਬੋਲ ਜ਼ੁਬਾਨੋਂ ਕਹਿੰਦੀ ਸੁਣ ਹੇ ਭਗਤ ਪਿਆਰੇ
ਜਦ ਮੈਂ ਮਾਲਕ ਨਾਮ ਭੁਲਾਇਆ ਵਕਤ ਪਏ ਹਨ ਭਾਰੇ।
ਮਛਲੀ ਰੋ ਰੋ ਕਹਿੰਦੀ ਅਬ ਕਿਆ ਸੁਣਾਉਂ ਹਾਲ।
ਜਬ ਹਰ ਕਾ ਨਾਮ ਵਿਸਾਰਿਆ ਤਬ ਆਏ ਇਸ ਕਾਲ।
ਭਗਤ ਕਬੀਰ ਡਿਗਾ ਗ਼ਸ਼ ਖਾ ਕੇ ਬਾਝ ਹਿਸਾਬੋਂ ਰੋਇਆ।
ਅਫਸੋਸ ਜੋ ਨਾਮ ਰੱਬਾਨਾ ਸਾਥੋਂ ਕਦੀ ਵੀ ਲੈ ਨਾਂ ਹੋਇਆ।
ਮਛਲੀ ਵਾਂਗੂੰ ਜਾਲ ਜਹੰਨਮ ਬਦ ਅਮਲਾਂ ਨੂੰ ਪੈਣਾ।
ਨੰਦੇ ਜੱਗ ਸਮੁੰਦਰ ਅੰਦਰ ਸਦਾ ਨਾਂ ਤਰਦੇ ਰਹਿਣਾ।
ਛੋੜ ਮੁਹੰਮਦ ਬਖ਼ਸ਼ ਇਹ ਕਿੱਸਾ ਪੜ੍ਹ ਲੈ ਹਮਦ ਰੱਬਾਨਾ।
ਸਾਥ ਈਮਾਨ ਸਲਾਮਤ ਹੋਵੇ ਹਰਦਾ ਕੂਚ ਟਿਕਾਣਾ।

*****

* ਇਹ ਬਾਰਾਂਮਾਹ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਪ੍ਰਾਪਤ ਕੀਤਾ ਹੈ।

حق تصنیف محفوظ ہے -

116 اک اونکار ست گور پرساد - گرنتھ بارہ ماہ روح بُت مصنفہ پورن سنگھ سکنہ مان تحصیل و ڈاکخانہ جگراؤں ضلع لدھیانہ
حسب فرمائش چھانگا رام کتب فروش جگراؤں - سنٹرل پرنٹنگ پریس جگراؤں میں چھپا +

ੴ ਸਤਿਗੁਰ ਪ੍ਰਸਾਦਿ।

ਗ੍ਰੰਥ

8.ਬਾਰਾਂਮਾਹ ਨੰ. 1 ਰੂਹ-ਬੁੱਤ*

ਚੇਤ:- ਚੇਤ ਆਖਦਾ ਚਿੱਤ ਮੈਂ ਗ਼ਾਫ਼ਲਾਓਏ ਕੀਤਾ ਮੌਤ ਦੀ ਤਰਫ਼ ਧਿਆਨ ਹੈ ਨਾਂ।
ਤੈਨੂੰ ਮਿਲੈ ਖ਼ੁਤਾਬ ਕੀ ਨਾਈਟ ਵਾਲਾ ਸੀਸ ਕਟਿਆ ਇਸ਼ਕ ਦੇ ਬਾਣ ਹੈ ਨਾਂ।
ਜਿਵੇਂ ਗਰਭ ਦੇ ਵਿਚ ਤੈਂ ਕੌਲ ਕੀਤੇ ਤਿਵੇਂ ਰੱਖੀਂ ਹੁਸ਼ਿਆਰ ਦੀ ਸ਼ਾਨ ਹੈ ਨਾਂ।
ਦੇਣਾ ਪੈ ਗਿਆ ਜਦੋਂ ਹਿਸਾਬ ਤੈਨੂੰ ਛੇਤੀ ਲਭਣੀ ਇਸ਼ਕ ਦੀ ਕਾਨ ਹੈ ਨਾਂ।
ਸ਼ੁਰੂ ਸਾਲ ਤੋਂ ਜਪੇਂ ਜੇ ਨਾਮ ਬਾਬਾ ਤੈਨੂੰ ਦੇਖਣਾ ਪਵੇ ਮਸਾਨ ਹੈ ਨਾਂ।
ਸਾਰੇ ਜਾਲ ਇਨਸਾਨ ਦੇ ਟੁਟ ਜਾਂਦੇ ਪਾਇਆ ਗਾਫ਼ਲਾ ਬ੍ਰਹਿਮ ਗਿਆਨ ਹੈ ਨਾਂ।
ਜਦੋਂ ਸਾਸ ਗਰਾਸ ਨਿਖੁੱਟ ਜਾਸੀ ਬੰਦੇ ਰਖਣਾ ਕਿਸੇ ਮਹਿਮਾਨ ਹੈ ਨਾਂ।
ਕਰਸ਼ਾਂ ਮੰਦਿਆਂ ਟੁਟ ਕਲਬੂਤ ਜਾਂਦਾ ਟੁਟ ਗਿਆ ਜੇ ਮਿਲੈ ਮੁਲਤਾਨ ਹੈ ਨਾਂ।
ਐਵੇਂ ਜੰਗਲਾਂ ਦੇ ਵਿਚ ਫਿਰੇ ਭੌਂਦਾ ਦੂਰ ਦੇਖਿਆ ਸ਼ਾਮ ਜਾਪਾਨ ਹੈ ਨਾਂ।
ਸ਼ਾਹ ਰਗੋਂ ਨਜ਼ਦੀਕ ਕਹਿਣਾ ਆਰਫ਼ਾਂ ਦਾ ਹੋਰ ਕੋਈ ਵੀ ਜਗ੍ਹਾ ਮਕਾਨ ਹੈ ਨਾਂ।
. . . . . . . . . . . . . . . ਤੈਨੂੰ ਦੇਖਣਾ ਪਵੇ ਜਹਾਨ ਹੈ ਨਾਂ।
ਪੂਰਨ ਸਿੰਘ ਜੇ ਆਪਣੇ ਆਪ ਸਮਝੇਂ ਬਿਨਾਂ ਗੁਰਾਂ ਤੋਂ ਬ੍ਰਹਿਮ ਗਿਆਨ ਹੈ ਨਾਂ।

ਬੈਸਾਖ: ਬੈਸਾਖ ਵੱਸ ਰਿਹਾ ਰੋਮ ਰੋਮ ਅੰਦਰ ਲੰਘੇ ਵਕਤ ਨੇ ਹੱਥ ਨਾ ਆਮਣਾ ਨੀਂ।
ਕਰਕੇ ਮੇਰੀਆਂ ਮੇਰੀਆਂ ਉੱਠ ਜਾਣਾ ਨਾਲ ਕਫ਼ੱਣ ਸਰੀਰ ਦੇ ਜਾਮਣਾ ਨੀਂ।
ਸੋਨਾ ਚਾਂਦੀ ਤੇ ਲਾਲ ਜਵਾਹਰ ਬੰਦੇ ਮੋਇਆਂ ਬਅਦ ਨਾਂ ਕਿਸੇ ਕੰਮ ਆਮਣਾ ਨੀ।
ਕੱਟੇ ਦਿਨ ਮੁਸਾਫ਼ਰਾਂ ਵਾਂਗ ਦੁਨੀਆਂ ਜਨ ਦੇ ਹੋਸ਼ ਇਕ ਦਿਨ ਭੁਲਾਮਣਾ ਨੀ।
ਰੂਹ ਮਲਕ ਜਦ ਅਦਮ ਤੇ ਪਹੁੰਚ ਗਈ ਧਰਮ ਰਾਜ ਨੇ ਹੁਕਮ ਸੁਣਾਵਨਾਂ ਨੀ।
ਹੋਕੇ ਸਖਤ ਜੋ ਫ਼ੈਅਲ ਵਿਚਾਰ ਕਰਦਾ ਭਰਮ ਜਾਏਗਾ ਭਰਮ ਬਤਾਮਨਾਂ ਨੀਂ।
ਜਾਣਦੇ ਸੱਚ ਦਾ ਸੱਚ ਨਤਾਰਾ ਦਿਓ ਤੁਮ ਨਹੀਂ ਝੂਠ ਦਾ ਸੱਚ ਬਣਾਬਣਾ ਨੀਂ।
ਸਾਰੇ ਜਗਤ ਦਾ ਪਾਲਣਹਾਰ ਜਿੰਦੇ ਨਾਮ ਲਓ ਜੇ ਸੁਖ ਨੂੰ ਪਾਮਣਾ ਨੀਂ।
ਪੂਰਨ ਸਿੰਘ ਪਰਮਾਤਮਾ ਕਰਨ ਹਾਰਾ ਜਿੰਦੇ ਏਸਦਾ ਨਾਮ ਭੁਲਾਮਣਾ ਨੀ।

ਜੇਠ: ਜੇਠ ਜੁਰਮ ਬਦਖਸ਼ਾਂ ਦਾ ਲਾਲ ਸਮਝੀਂ ਮੰਦੇ ਕਰਮਾਂ ਚੋਂ ਨਫ਼ਾ ਨਾਂ ਪਾਇਆ ਹੈ।
ਓਥੇ ਨੇਕੀ ਦਾ ਕੋਈ **ਮੁਕਾਮ** ਨਹੀਂ ਜਿਥੇ ਇਸ਼ਕ ਦਾ ਨਸ਼ਾ ਪਿਆਇਆ ਹੈ।
ਰੰਗਾ ਰੰਗ ਤੂੰ ਦੇਖ ਗੁਲਜ਼ਾਰ ਬੰਦੇ ਕੈਸਾ ਰੰਗ ਸੰਸਾਰ ਮੇਂ ਛਾਇਆ ਹੈ।
ਨੀਚ ਛੱਡ ਗਏ ਕਰਮ ਸੰਸਾਰ ਬੰਦੇ ਜਿਨ੍ਹਾਂ ਧਰਮ ਦੇ ਕਰਮ ਨੂੰ ਪਾਇਆ ਹੈ।
ਕਈ ਵਲਦੇ ਮੌਸਮ ਹਾੜ ਅੰਦਰ, ਕਿਨ੍ਹਾਂ ਸੁਖਦੀ ਨੀਂਦ ਸੁਲਾਇਆ ਹੈ।
ਕੈਦੀ ਰੋਵੰਦੇ ਜੇਲ੍ਹ ਸੰਸਾਰ ਅੰਦਰ ਖਾਣਾ ਸੁਖ ਦਾ ਨਹੀਂ ਖਿਲਾਇਆ ਹੈ।
ਆਪ ਜਿਨ੍ਹਾਂ ਤੇ ਮਿਹਰਬਾਨ ਹੋਵੇਂ ਬੇੜਾ ਉਨ੍ਹਾਂ ਦਾ ਪਾਰ ਲਗਾਇਆ ਹੈ।
ਖੁਫ਼ੇ ਖੋਵੰਦਾ ਜਿਨ੍ਹਾਂ ਸੰਸਾਰ ਅੰਦਰ ਉਨ੍ਹਾਂ ਖ਼ਾਕ ਦੇ ਨਾਲ ਰਲਾਇਆ ਹੈ।
ਪੂਰਨ ਸਿੰਘ ਜੋ ਹੈ ਮਗ਼ਰੂਰ ਬੈਠੇ ਜਾਲ ਘੇਰ ਤਕਦੀਰ ਨੇ ਪਾਇਆ ਹੈ।

ਹਾੜ: ਹਾੜ ਹੈੜੀਆਂ ਵਾਂਗਰ ਆਣ ਮਗਰ ਲਗਾ ਰੂਹ ਕਢ ਕੇ ਪਾਸ ਬੁਲਾਉਣ ਵਾਲਾ।
ਜੇਕਰ ਦੇਖੀਏ ਯਾਰ ਸੰਸਾਰ ਤਾਈਂ , ਪਲਕ ਵਿਚ ਹੈ ਮਾਰ ਗਿਰਾਉਣ ਵਾਲਾ।
ਤੇਰੇ ਨਹੀਂ ਬਗ਼ੈਰ ਹੈ ਕੰਮ ਹੁੰਦੇ, ਤੂੰ ਹੀ ਸੀਸ ਮਸਾਣ ਮਚਾਉਣ ਵਾਲਾ।
ਵਿਚੋਂ ਕਢ ਕਲਬੂਤ ਦੇ ਰੂਹ ਯਾਰਾ ਤੈਨੂੰ ਸਮਝਦੇ ਪਿੰਜਰਾ ਢਾਉਣ ਵਾਲਾ।
ਮੋਤੀ ਵਾਂਗ ਹੈ ਮੁਖੜਾ ਰੰਗ ਹੈ ਜੀ, ਟੁੱਟੇ ਫੁਲ ਦੇ ਵਾਂਗ ਕਮਲਾਉਣ ਵਾਲਾ।
ਸਾਰੇ ਕਰਨ ਤੇ ਕਾਰ ਸੰਸਾਰ ਦਾ ਹੈ, ਤੂੰ ਹੀ ਮਿੱਟੀ ਦੇ ਵਿਚ ਰਲਾਉਣ ਵਾਲਾ।
ਇਕ ਪਲਕ ਮੇਂ ਯਾਰ ਵਿਛੋੜਦਾ ਹੈਂ, ਤੂੰ ਹੀ ਭੂਤਨੇ ਵਾਂਗ ਨਚਾਉਣ ਵਾਲਾ।
ਕਦੀ ਕਢਕੇ ਬੁੱਤ ਚੋਂ ਰੂਹ ਯਾਰਾ, ਘਰ ਕਬਰਾਂ ਵਿਚ ਬਣਾਉਣ ਵਾਲਾ।
ਸਕੰਦਰ ਬਾਦਸ਼ਾਹ ਜੇਹਾਂ ਨੂੰ ਪੂਰਨ ਸਿੰਘਾ ਰਸਤੇ ਵਿਚ ਤੂੰ ਮਾਰ ਗਰਾਉਣ ਵਾਲਾ।

ਯਾਰਾ ਕਢਕੇ ਰੂਹ ਕਲਬੂਤ ਵਿਚੋਂ ਝਫਾ ਅਖ਼ੀਰੀ ਬਾਰ ਲਿਆਉਣ ਵਾਲਾ।
ਪਹਿਲੇ ਕਢਣੇ ਦਾ ਇਕਰਾਰ ਕੀਤਾ,ਝੂਠੀ ਬਾਤ ਨਾਂ ਤੂੰ ਬਣਾਉਣ ਵਾਲਾ।
ਸਾਰਾ ਕੰਮ ਜੋ ਹਥ ਹੈ ਵੱਸ ਤੇਰੇ, ਚਾਹੇ ਚਿੱਤ ਹੈ ਉਪਰ ਬੁਲਾਉਣ ਵਾਲਾ।
ਮਹਿੰਗੇ ਲਾਲ ਨੂੰ ਮਾਰ ਫ਼ਨਾਹ ਕੀਤਾ, ਜੰਗ ਵਿਚ ਗਰੂਰ ਚਲਾਉਣ ਵਾਲਾ।
ਐਸ ਜਗਤ ਦੇ ਵਿਚ ਮਸ਼ਹੂਰ ਹੈ ਤੂੰ, ਪਲਕ ਵਿਚ ਹੈਂ ਮਾਰ ਗਵਾਉਣ ਵਾਲਾ।
ਪੂਰਨ ਸਿੰਘ ਜੋ ਜਿੰਦ ਕਲਬੂਤ ਕੋਠਾ ਤੂੰ ਹੀ ਫੁੱਲ ਦੇ ਵਾਂਗ ਕਮਲਾਉਣ ਵਾਲਾ।

ਚੂਰ ਕੀਤਾ ਹੈ ਬੜੇ ਪੈਗੰਬਰਾਂ ਨੂੰ, ਸਾਰਾ ਕੰਮ ਹੈਂ ਤੂੰ ਚਲਾਉਣ ਵਾਲਾ।
ਸੌਂਦੇ ਜਿਹੜੇ ਹੈ ਪਲੰਘ ਨਮਾਰੀਆਂ ਤੇ ਤੂੰ ਹੀ ਖ਼ਾਕ ਤੇ ਬਿਸਤਰਾ ਪਾਉਣ ਵਾਲਾ।
ਸੂਰਜ ਬਨਸੀ ਚੰਦਰ ਅਵਤਾਰ ਹੋਏ, ਜਾਨ ਕਢਕੇ ਸੀਸ ਖ਼ਰਾਉਣ ਵਾਲਾ।
ਮਾਰਛ ਕੁਲ ਤੂੰ ਉਨ੍ਹਾਂ ਖ਼ਜ਼ਾਨਿਆਂ ਦਾ ਸਾਰਾ ਸੋਚ ਕੇ ਕੰਮ ਚਲਾਉਣ ਵਾਲਾ।
ਚੰਦ ਰੋਜ਼ ਭੂੰ ਯਾਰ ਪਿਆਰਿਆ ਓਏ, ਕਹਿੰਦਾ ਯਾਰ ਹੈ ਮੌਸੀਆਂ ਪਾਉਣ ਵਾਲਾ।
ਪੂਰਨ ਸਿੰਘ ਨਾਂ ਮਿਲਣ ਦੀ ਡੇਰ ਕਰ ਤੂੰ ਧਰਤ ਸੁਹਾਉਣ ਵਾਲਾ।

ਸਾਵਣ: ਸਾਵਣ ਸ਼ਰਨ ਔਂਕਾਰ ਦੀ ਪਵੇ ਜਿਹੜਾ ਓਨ੍ਹੇ ਅਪਣਾ ਆਪ ਤਰਾਵਣਾ ਹੈ।
ਇਕ ਦਨ ਮ ਨਾਂ ਕਟਵਾ ਬਣੇ ਬੰਦੇ ਆਏ ਹੁਕਮ ਨੇ ਹੋਸ਼ ਭੁਲਾਵਣਾ ਹੈ।
ਚੰਦ ਮਿੰਟ ਤੂੰ ਸਮਝ ਲੈ ਜ਼ਿੰਦਗਾਨੀ, ਆਖਰ ਮਿਟੀ ਦੇ ਵਿਚ ਸਮਾਵਣਾ ਹੈ।
ਚੱਲੀ ਜਦੋਂ ਜਮਦੂਤ ਕੀ ਤੋਪ ਜਿੰਦੇ, ਫੇਰ ਖ਼ਾਕ ਤੇ ਬਿਸਤਰਾ ਪਾਮਣਾ ਹੈ।
ਸੱਚੇ ਦਿਲ ਨਾਲ ਸਿਮਰ ਪਰਮਾਤਮਾ ਨੂੰ, ਚੰਦ ਜੇਹਾ ਏ ਮੁਖੜਾ ਜਾਮਣਾ ਹੈ।
ਪਈ ਵਿਚ ਜੋ ਤੋਪ ਜਮਦੂਤ ਵਾਲੀ ਚਲੇ ਅਜ ਕਿ ਕਲ੍ਹ ਚਲਾਵਣਾ ਹੈ।
ਮਨਾਂ ਮੇਰਿਆ ਏਸ ਜਹਾਨ ਉਤੇ, ਵਾਰ ਵਾਰ ਨਾਂ ਫੇਰੀਆਂ ਪਾਵਣਾ ਹੈ।
ਉਡ ਜਿੰਦ ਕਾਫ਼ੂਰ ਦੇ ਵਾਂਗ ਜਾਂਨੀ, ਨਾਲ ਕਫਨ ਸਰੀਰ ਦੇ ਜਾਵਣਾ ਹੈ।
ਜਾਣ ਬੁਝ ਕੇ ਪੈਰ ਪਸਾਰਨੇ ਕੀ, ਜਿੰਦਾ ਬਾਰ ਨੂੰ ਅਪਣੇ ਲਾਵਣਾ ਹੈ।
ਪੂਰਨ ਸਿੰਘ ਤੂੰ ਦੁਨੀਆਂ ਦੀ ਸੈਰ ਕਰਲੈ ਆਖਰ ਛਡ ਜਹਾਨ ਕੋ ਜਾਵਣਾ ਹੈ।

ਭਾਦੋਂ: ਭਾਦੋਂ ਆਖਦੀ ਭੇੜੀਉਂ ਸਮਝ ਕਰਲੈ ਇਕ ਰਾਮ ਦੀ ਚਿੱਤ ਮੈਂ ਤਾਰ ਹੋਵੇ।
ਉਨ੍ਹਾਂ ਜੀਆਂ ਨੂੰ ਬਖ਼ਸ਼ਦਾ ਤੰਦਰੁਸਤੀ ਜੀਹਦਾ ਨਾਮ ਤੇ ਇਕ ਆਧਾਰ ਹੋਵੇ।
ਜਿਹੜੇ ਛੱਡ ਕੇ ਬੈਠਗੇ ਦਾਅਵਿਆਂ ਨੂੰ ਕਿਸੇ ਰੋਜ਼ ਕਰਤਾਰ ਦੀਦਾਰ ਹੋਵੇ।
ਉਨ੍ਹਾਂ ਅੰਤ ਅਖੀਰ ਪਛਤਾਵਣਾ ਹੈ ਭਰਿਆ ਚਿਤ ਮਗ਼ਰੂਰ ਸਰਦਾਰ ਹੋਵੇ।
ਨਾਮ ਜਪਣਾ ਵਾਲਾ ਸਦਾ ਕਾਇਮ ਦੁਨੀਅ ਾਂ ਭਾਵੇਂ ਜਿਊਂਦਾ ਤੇ ਭਾਵੇਂ ਮੁਰਦਾਰ ਹੋਵੇ।
ਜਪੇ ਸ਼ੁਰੂ ਤੋਂ ਨਾਮ ਅਖ਼ੀਰ ਤਾਈਂ ਅਗਲੇ ਜਨਮ ਮੈਂ ਯਾਰ ਅਵਤਾਰ ਹੋਵੇ।
ਸਾਬਤ ਰਹਿ ਜੋ ਵਕਤ ਅਖ਼ੀਰ ਵੇਲੇ ਦਸਦੀ ਤੇਜ਼ ਤਲਵਾਰ ਦੀ ਧਾਰ ਹੋਵੇ।

ਸੂਰਮਗਤੀ ਹੈ ਹੱਥ ਸ਼ਮਸ਼ੀਰ ਪਕੜੇ ਅਗੇ ਦਸਦੀ ਸ਼ੇਰ ਦੀ ਗ਼ਾਰ ਹੋਵੇ।
ਡਾਕਾ ਮਾਰਨਾ ਉਸਦਾ ਨਾਮ ਬੀਬਾ ਜੇਕਰ ਸਾਹਮਣੇ ਖੜੀ ਸਰਕਾਰ ਹੋਵੇ।
ਪੂਰਨ ਸਿੰਘ ਤੂੰ ਸਾਰ ਨਜ਼ਦੀਕ ਬੈਠੀਂ ਆਸ਼ਕ ਚੰਦ ਦਾ ਗਿਰਦ ਪਰਵਾਰ ਹੋਵੇ।

ਅਸੂਜ: ਅਸੂ ਆਖਦਾ ਅਜ਼ਰਾਈਲ ਬੰਦੇ, ਹੁਕਮ ਦਿੰਦਾ ਹੈ ਮਾਰੋ ਮਾਰਦਾ ਈ।
ਅਸਰਾਈਲ ਫਰਿਸ਼ਤਿਆਂ ਚੋਂ ਬੜਾ ਸਮਝੀਂ ਇਹ ਤਾਂ ਦੁਧ ਚੋਂ ਪਾਣੀ ਨਤਾਰਦਾ ਈ।
ਜਿਹੜਾ ਸਮਝਦਾ ਨਫਾ ਨੁਕਸਾਨ ਬਣਿਆ ਚਿੱਤ ਨਫ਼ਸ ਬਦਕਾਰ ਨੂੰ ਮਾਰਦਾ ਈ।
ਠਾਕਰ ਸਮਝ ਕੇ ਪੱਥਰ ਦੀ ਕਰੇ ਸੇਵਾ ਪਾਇਆ ਪਥਰੋਂ ਨਰ ਕਰਤਾਰ ਦਾ ਈ।
ਦਿਲ ਪਥਰੋਂ ਮੋਮ ਹੋ ਜਾਵਸੇਗਾ ਜੇਕਰ ਪਾਈਏ ਪਾਣੀ ਵਿਚਾਰ ਦਾ ਈ।
ਹੱਥ ਪਕੜ ਸ਼ਮਸ਼ੀਰ ਨੂੰ ਫੇਰਦਾ ਜੋ ਓਹ ਤਾਂ ਜੰਗ ਦੇ ਵਿਚ ਮਰ ਮਾਰਦਾ ਈ।
ਮਰਨਾ ਜੀਵਣਾ ਜਿਨੇ ਉਤਾਰ ਦਿਤਾ ਕਿਲਾ ਜਿਤਿਆ ਕਾਬਲ ਕੰਧਾਰ ਦਾ ਈ।
ਮਰਨ ਸਮਝ ਕੇ ਡਾਕੂਆਂ ਹੱਥ ਪਾਵੇ ਹਾਕਮ ਹੋਵੇਗਾ ਪੁਲਸ ਸਰਕਾਰ ਦਾ ਈ।
ਪੂਰਨ ਸਿੰਘ ਜੇ ਸ਼ੌਕ ਸ਼ਿਕਾਰ ਹੋਵੇ ਹੇੜੀ ਸਿਸ਼ਤ ਲਗਾ ਕੇ ਮਾਰਦਾ ਈ।

ਕਤੱਕ: ਕੱਤਾ ਆਖਦਾ ਕੁਤਿਆਂ ਵਾਂਗ ਬੰਦੇ ਝੂਠੇ ਝਗੜਿਆਂ ਮਗਜ਼ ਖਪਾਵਣਾ ਕੀ।
ਜਰਾ ਆਕੇ ਨਾਮ ਦਾ ਜਾਮ ਪੀ ਲੈ ਐਵੇਂ ਉਪਰ ਅਕਾਰਥ ਗਵਾਵਣਾ ਕੀ।
ਜੇਕਰ ਅਪਣੇ ਹਿਰਦੇ ਗਿਆਨ ਹੈ ਨਾਂ ਸਰਵ ਗਿਆਨ ਜਹਾਨ ਸਵਾਵਣਾ ਕੀ।
ਬੰਦੇ ਨਾਮ ਦੀ ਕਦੇ ਨਾਂ ਚੜ੍ਹੀ ਸਸਤੀ ਝੋਲੀ ਅੱਡੀ ਤੋਂ ਖ਼ੈਰ ਥਿਆਵਣਾ ਕੀ।
ਰਿਹਾ ਭਾਲਦਾ ਪਲੰਘ ਨਵਾਰ ਦੇ ਤੂੰ ਦਰਸ਼ਨ ਸਚੇ ਕਰਤਾਰ ਦਾ ਥਾਵਣਾ ਕੀ। ,
ਦਿਲ ਸਾਫ਼ ਸਰਾਫ਼ ਨਾਂ ਵਾਂਗ ਸ਼ੀਸ਼ੇ ਐਵੇਂ ਕੂੜ ਦੇ ਤੀਰਥੀਂ ਨਾਵਣਾ ਕੀ। ,
ਗੀਤ ਨਾਮ ਦੇ ਜੇਕਰ ਯਾਦ ਹੈ ਨਾਂ ਬੰਦੇ ਮੀਤ ਦੇ ਗੀਤ ਨੂੰ ਗਾਵਣਾ ਕੀ।
ਚਲੀ ਜਾਵਣਾ ਉਪਰ ਨੇ ਡਾਕ ਵਾਂਗੂ ਬਿਨਾਂ ਸੁਹਿਬ ਤੋਂ ਇੰਜਣ ਠਹਿਰਾਵਣਾ ਕੀ।
ਮੁਲਕ ਅਦਮ ਅਸਟੇਸ਼ਨ ਹੈ ਦੂਰ ਬੀਬਾ ਕੋਲੇ ਪਾਸ ਹੈ ਫਿਕਰ ਸੁਣਾਵਣਾ ਕੀ।
ਮਿਸਲ ਪੁਲਸ ਦੇ ਪੁਲਸ ਜਮਦੂਤ ਅੱਗੇ ਥਾਣੇਦਾਰ ਨੇ ਜ਼ੁਲਮ ਬਣਾਵਣਾ ਕੀ। ,
ਜੰਗੀ ਫੌਜ ਸ਼ਹਿਜ਼ਾਦੜਾ ਰਹੇ ਓਥੇ ਨੇਕ ਦਿਲਾਂ ਤੇ ਤੀਰ ਚਲਾਵਣਾ ਕੀ।
ਪੂਰਨ ਸਿੰਘ ਕਰਤਾਰ ਦਾਤਾਰ ਕਹਿੰਦਾ ਐਵੇਂ ਕਿਸੇ ਤੇ ਜ਼ੁਲਮ ਉਠਾਵਣਾ ਕੀ।।

ਮਘੱਰ: ਮਘੱਰ ਆਖਦਾ ਮਰੇਂਗਾ ਹਾਲ ਮੰਦੇ ਜਪਿਆ ਨਾਮ ਨਾ ਕਦੀ ਕਰਤਾਰ ਦਾ ਜੀ।
ਓਹ ਵੀ ਜਗਤ ਸਰਾਏ ਦੇ ਵਿਚ ਬੀਬਾ ਕਿਲਾ ਜਿਤਿਆ ਕਾਬਲ ਕੰਧਾਰ ਦਾ ਜੀ।
ਚੌਥੀ ਮੰਜ਼ਲ ਦਾ ਜਿਨ੍ਹਾਂ ਨੇ ਸੈਰ ਕੀਤਾ, ਦਾਅਵਾ ਸਮਝਦੇ ਕੂੜ ਸੰਸਾਰ ਦਾ ਜੀ।
ਹੋਕੇ ਅਮਰ ਨਾਂ ਮਰਨਾ ਦੇ ਵਿਚ ਆਉਂਦੇ ਕੀਤਾ ਸੈਰ ਹੈ ਦਸਮ ਦੁਆਰ ਦਾ ਜੀ।
ਮਿਲਿਆ ਤਿਨ੍ਹਾਂ ਖ਼ਤਾਬ ਹੈ ਨਾਈਟ ਵਾਲਾ ਸੀਸ ਕੱਟ ਲਿਆ ਧੜ ਸੰਸਾਰ ਦਾ ਜੀ।
ਸੁਰਤੀ ਜਿਨ੍ਹਾਂ ਦੀ ਬੈਠ ਅਰਸ਼ ਲੱਗੀ ਸਾਰਾ ਦੇਖਿਆ ਖੇਲ੍ਹ ਕਰਤਾਰ ਦਾ ਜੀ।
ਨੇਕ ਦਿਲਾਂ ਨੂੰ ਜਿੱਤ ਅਖ਼ੀਰ ਹੋਵੇ ਪਾਪੀ ਨਰਕ ਮੇਂ ਸੁਟ ਕੇ ਮਾਰਦਾ ਜੀ।
ਮੁਲਕ ਅਦਮ ਸਮੁੰਦਰੋਂ ਪਾਰ ਬੀਬਾ ਲਗਦਾ ਨਹੀਂ ਜਹਾਜ਼ ਸਰਕਾਰ ਦਾ ਜੀ।
ਕਿਸ਼ਤੀ ਨਾਮ ਦੀ ਚੜ੍ਹ ਅਸਵਾਰ ਹੋਣਾ ਲਗਦਾ ਪਤਾ ਨਾਂ ਪਾਰ ਉਲਾਰ ਦਾ ਜੀ।
ਜੈਸਾ ਬੀਜਿਆ ਕਟ ਅਖ਼ੀਰ ਲੈਣਾ, ਕਰਤਾ ਦੁਧ ਚੋਂ ਪਾਣੀ ਨਤਾਰ ਦਾ ਜੀ।
ਪੂਰਨ ਸਿੰਘ ਜੇ ਨਾਮ ਦਾ ਜਾਮ ਪੀ ਲਏਂ ਸਾਰਾ ਦੇਖ ਲਏਂ ਅਕਸ ਮੇਘ ਮਾਰਦਾ ਜੀ।

ਪੋਹ: ਪੋਹ ਆਖਦਾ ਪਾ ਬਹਿਸ਼ਤ ਲੈਂਦੇ ਜਿਹੜੇ ਚੜ੍ਹ ਗਏ ਸਿਖਰ ਖਜੂਰ ਬੀਬਾ।
ਖਾਂਦੇ ਮੇਵੇ ਤੇ ਲੈਂਦੇ ਆਨੰਦ ਹੈ ਜੀ ਡਿਗ ਪੈਣ ਤਾਂ ਚਕਨਾ ਚੂਰ ਬੀਬਾ।
ਔਖੀ ਸਖ਼ਤ ਘਾਟੀ ਖ਼ੌਫ਼ਨਾਕ ਰਸਤਾ ਹਾਥੀ ਸ਼ੇਰ ਤੇ ਰਹਿੰਦੇ ਲੰਗੂਰ ਬੀਬਾ।
ਇਨ੍ਹਾਂ ਮੰਜ਼ਲਾਂ ਨੂੰ ਜਿਹੜੇ ਟੱਪ ਜਾਂਦੇ ਹੁੰਦੇ ਸੂਰਮੇਂ ਮਰਦ ਜ਼ਰੂਰ ਬੀਬਾ।
ਜਿੱਧਰ ਅੱਖੀਆਂ ਪੱਟ ਕੇ ਦੇਖਦੇ ਹਾਂ ਦਸਦਾ ਰੱਬ ਦਾ ਨੂਰ ਜ਼ਰੂਰ ਬੀਬਾ।
ਕਦੀ ਘੇਰ ਤਕਦੀਰ ਨੇ ਜਾਲ ਪਾਉਣਾ ਬੰਦਾ ਕੂੜ ਦਾ ਫਿਰੇ ਮਗ਼ਰੂਰ ਬੀਬਾ।
ਤਿਨ੍ਹਾਂ ਲੋੜ ਕੀ ਕਪੜੇ ਰੰਗਣੇ ਦੀ ਜਿਨ੍ਹਾਂ ਚੜ੍ਹ ਗਿਆ ਰੰਗ ਸੰਧੂਰ ਬੀਬਾ।
ਸਾਸ ਨਾਲ ਸਵਾਸ ਦੇ ਨਾਮ ਲੈਂਦੇ ਹੁੰਦੇ ਵਾਂਗ ਮਨਸੂਰ ਮਨਜ਼ੂਰ ਬੀਬਾ।
ਪਿਛੇ ਬਹੁਤ ਹੋਏ ਸਾਧੂ ਜਟਾਧਾਰੀ ਗੋਰਖ ਜਤੀ ਹੋਇਆ ਟਿੱਲਾ ਦੂਰ ਬੀਬਾ।
ਜਿਹੜਾ ਸਮਝਦਾ ਜਿੱਤ ਨੂੰ ਗੁਪਤ ਖੁਸ਼ੀਆਂ ਹੁੰਦਾ ਅੰਦਰੋਂ ਜਿੱਤ ਮਸਰੂਰ ਬੀਬਾ।
ਪੂਰਨ ਸਿੰਘ ਨ੍ਹੀਂ ਆਵਣਾ ਹੱਥ ਵੇਲਾ ਛੇਤੀ ਨਫ਼ਸ ਸ਼ੈਤਾਨ ਕੋ ਘੂਰ ਬੀਬਾ।

ਮਾਘ: ਮਾਘ ਆਖਦਾ ਮੱਲ ਉਜਾੜ ਲੈਣੀ ਸਦਾ ਵਿਚ ਅਟਾਰੀਆਂ ਵਾਸ ਹੈ ਨਾਂ।
ਕੋਈ ਰੋਜ਼ ਇਨਸਾਨ ਜਹਾਨ ਉਤੇ ਆਬਹਿਯਾਤ ਦਾ ਮਿਲੂ ਗਲਾਸ ਹੈ ਨਾਂ।

ਧਨ ਜਮ੍ਹਾਂ ਜਹਾਨ ਦੇ ਵਿਚ ਕੀਤਾ ਐਰੋ ਦੇਖਿਆ ਅਪਣੇ ਪਾਸ ਹੈ ਨਾਂ।
ਜਿਉਣਾ ਸਮਝਿਆ ਜਿਨ੍ਹਾਂ ਨੇ ਪਲਕ ਨਾਹੀਂ ਕਦੇ ਦੇਖਿਆ ਉਨ੍ਹਾਂ ਦਾ ਨਾਸ ਹੈ ਨਾਂ।
ਸੁਰਤੀ ਆਪਣੀ ਦਸਮ ਦੁਆਰ ਭੇਜੀ ਚਲਦਾ ਤਿਨ੍ਹਾਂ ਦੇ ਵਿਚ ਸਵਾਸ ਹੈ ਨਾਂ।
ਸਮਝੀ ਜਿਨ੍ਹਾਂ ਨੇ ਨਾਮ ਖੁਰਾਕ ਬੀਬਾ ਪਾਇਆ ਉਨ੍ਹਾਂ ਨੇ ਪੇਟ ਗਰਾਸ ਹੈ ਨਾਂ।
ਪੂਰਨ ਸਿੰਘ ਬਬੇਕ ਵਿਚਾਰ ਨਾਹੀਂ ਪਹਿਨਿਆਂ ਰੇਸ਼ਮੀ ਯਾਰ ਲਿਬਾਸ ਹੈ ਨਾਂ।

ਫਰੌਣ: ਫਰੌਣ ਆਖਦਾ ਢੂੰਦਕਾਂ ਗਡੀਆਂ ਓਏ ਵਸਦਾ ਕੂੜ ਦਾ ਮਾਨ ਜਹਾਨ ਬੰਦੇ।
ਅੰਤ ਉਨ੍ਹਾਂ ਨੂੰ ਕੂਚ ਅਖੀਰ ਪੈ ਗਏ ਜਿਹੜੇ ਸੂਰਮੇਂ ਕਹਿਣ ਕਹਾਣ ਬੰਦੇ।
ਮੌਤ ਘੇਰ ਤਕਦੀਰ ਨੇ ਜਾਲ ਪਾਇਆ ਚਕ ਅਡੀਆਂ ਪੱਬਾਂ ਤੇ ਜਾਣ ਬੰਦੇ।
ਆਖ਼ੁਰਕਾਰ ਅਖ਼ੀਰ ਮਰ ਗਏ ਓਹ ਤਾਂ ਜਿਹੜੇ ਜੰਗ ਵਿਚ ਮਾਰਦੇ ਬਾਣ ਬੰਦੇ।
ਜਿਨ੍ਹਾਂ ਬੰਦਿਆਂ ਮਾਣਸਾਂ ਜਨਮ ਪਾਇਆ ਸਮਝਿਆ ਜਲ ਦੇ ਜੀਵ ਸਮਾਨ ਬੰਦੇ।
ਅੰਤ ਬੰਦਿਆ ਉਡ ਸਰੀਰ ਜਾਣਾ ਏਸ ਜਗਤ ਪਰ ਕੂੜ ਦਾ ~~ਮਕਾਨ~~ ਮਾਣ ਬੰਦੇ।
ਮੇਲਾ ਰੂਹ ਕਲਬੂਤ ਦਾ ਕੁਦਰਤੀ ਹੈ ਕੋਈ ਰੋਜ਼ ਜਹਾਨ ਇਨਸਾਨ ਬੰਦੇ।
ਰੁੱਟ ਉਨ੍ਹਾਂ ਦੀ ਪਾਰ ਤਕਦੀਰ ਹੁੰਦੀ ਕਰਦੇ ਕਰਮ ਹੈ ਵਾਂਗ ਸ਼ੈਤਾਨ ਬੰਦੇ ।
ਪੂਰਨ ਸਿੰਘ ਰੂਹ ਮਿਸਲ ਕਾਫ਼ੂਰ ਦੇ ਹੈ ਦੁਨੀਆਂ ਦੇਖਸੀ ਖੜੀ ਬਬਾਨ ਬੰਦੇ।

*****

---

* ਇਹ ਬਾਰਾਂਮਾਹ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਪ੍ਰਾਪਤ ਕੀਤਾ ਹੈ।

اک اونکار ست گرپرساد -

گرنتھ بارہ ماہ عسر ۲ - رُوح بُت -

(انگریزی مہینے)

ੴ ਸਤਿਗੁਰ ਪ੍ਰਸਾਦਿ॥

## ੧. ਬਾਰਾਂਮਾਹ ਰੂਹ-ਬੁੱਤ* (ਅੰਗ੍ਰੇਜ਼ੀ ਮਹੀਨੇ)

ਜਨਵਰੀ: ਮਾਹ ਜਨਵਰੀ ਆਖਦਾ ਸੋਚ ਕਰ ਲੈ ਜਾਂਦੇ ਪਵਨ ਦੇ ਵਾਂਗਰਾਂ ਸਾਲ ਹੈ ਓਏ।
ਪੁੰਨ ਦਾਨ ਤੇ ਕਾਮ ਦਾ ਖਿਆਲ ਕਰ ਤੂੰ ਆਖਰਕਾਰ ਬੰਨ੍ਹ ਲਊਗਾ ਕਾਲ ਹੈ ਓਏ।
ਕਾਲ ਸੂਰਮਾਂ ਬੜਾ ਜਵਾਨ ਸਮਝੀਂ ਓਹਦੇ ਪਾਸ ਫੂਲਾਦ ਦੀ ਢਾਲ ਹੈ ਓਏ।
ਕਰੀਂ ਮਾਵਾ ਨਾਂ ਇਸ ਜਹਾਨ ਉਤੇ ਤੇਰੇ ਕੋਲ ਸਵਾਸ ਦੇ ਲਾਲ ਹੈ ਓਏ।
ਰਖਦਾ ਜ਼ੁਦ ਇਨਸਾਨ ਗੁਮਾਨ ਬੰਦੇ ਨਾਲੇ ਸਮਝਦਾ ਵਾਂਗ ਚੰਡਾਲ ਹੈ ਓਏ।
ਪੰਜ ਤੱਤ ਸਵਾਸ ਦਾ ਜਾਣ ਮੇਲਾ ਆਖ਼ੁਰ ਮਿਲੇਗਾ ਮਿੱਟੀ ਦੇ ਨਾਲ ਹੈ ਓਏ।
ਮਿੰਟ ਮਿੰਟ ਸਕਿੰਟ ਹਿਸਾਬ ਕਰਦਾ ਰਖਦਾ ਖਿਆਲ ਦੇ ਨਾਲ ਪੜਤਾਲ ਹੈ ਓਏ।
ਤਿਨ੍ਹਾਂ ਨਰਕ ਦੇ ਵਿਚ ਗ਼ਰਕਾ ਦਿੰਦਾ ਜਿਹੜੇ ਹੁੰਦੇ ਨੇ ਖਿਆਲ ਕਚਾਲ਼ ਹੈ ਓਏ।
ਤੈਨੂੰ ਲੋੜ ਜੇ ਨਾਮ ਦੇ ਜਾਮ ਦੀ ਹੈ ਕਰਨੂੰ ਬੇਨਤੀ ਪੁਰਖ ਅਕਾਲ ਹੈ ਓਏ।
ਜਿਹੜੇ ਪਾਪ ਅਪਰਾਧ ਨੂੰ ਤੋਲਦੇ ਨੇ ਦਿੰਦਾ ਗੱਡ ਕੇ ਜ਼ਿਮੀਂ ਵਿਚ ਗਾਲ ਹੈ ਓਏ।
ਕਰਕੇ ਮਿਹਨਤਾਂ ਜੋੜਦੇ ਉਮਰ ਸਾਰੀ ਰੁੜ੍ਹ ਜਾਂਦੇ ਨੇ ਲਾਲ ਦੇ ਮਾਲ ਹੈ ਓਏ।
ਕਿਧਰ ਗਏ ਹੈਂ ਦਸ ਵਿਚਾਰ ਕਰਕੇ ਜਿਹੜੇ ਮਾਰਦੇ ਤੀਰ ਪਤਾਲ ਹੈ ਓਏ।
ਪੂਰਨ ਸਿੰਘ ਨਾਂ ਮੌਤ ਨੂੰ ਭੈਨ ਬੀਬਾ; ਐਥੇ ਆਰੇ ਸੁਰਤ ਸੰਭਾਲ ਹੈ ਓਏ।

ਫਰਵਰੀ: ਮਾਹ ਫਰਵਰੀ ਹੋ ਬਤੀਤ ਗਿਆ ਕਿਉਂ ਮਾਰਦਾ ਅਕਲ ਦੇ ਲਾਤ ਬੀਬਾ।
ਮਰਗਿਆਂ ਦੇ ਬਾਅਦ ਨਾਂ ਯਾਦ ਰਖਦੇ ਏਥੇ ਹੋਂਦਿਆਂ ਦੀ ਮੁਲਾਕਾਤ ਬੀਬਾ।
ਉਡ ਜਾਮਣਾ ਸੈਲ ਸਰੀਰ ਬਾਂਕਾ ਪਾ ਲੈ ਤਰਫ਼ ਮਹਿਬੂਬ ਦੀ ਝਾਤ ਬੀਬਾ।
ਦਮ ਜਦੋਂ ਕਲਬੂਤ ਚੋਂ ਬਾਹਰ ਹੋਏ ਪੈ ਜਾਊ ਵਿਚ ਕਲਬੂਤ ਦੇ ਰਾਤ ਬੀਬਾ।
ਛੇਤੀ ਹੋਊਗੀ ਬਾਢ ਲੈ ਜਾਣਦੀ ਓਏ ਕੋਈ ਰਖਣ ਦੀ ਕਰੂ ਨਾਂ ਬਾਤ ਬੀਬਾ।
ਸਾਰੇ ਏਕਤਾ ਨਜ਼ਰ ਦਸ ਆਵੰਦੇ ਨੇ ਛੋਟੀ ਵਡੀ ਹਰੇਕ ਹੈ ਸਭਾ ਜਾਤ ਬੀਬਾ।
ਕਾਲ ਖੇਲ੍ਹਦਾ ਦਾਓ ਪਹਿਲਵਾਨ ਦਾ ਹੈ ਓਹਨੂੰ ਬੜੀ ਹੈ ਢਾਉਣ ਦੀ ਘਾਤ ਬੀਬਾ।
ਬੜਾ ਸੂਰਮਾ ਜਗਤ ਕਹਾਉਨਾ ਐਂ ਜਾਈਂ ਲੈ ਕੇ ਤੂੰ ਨਾਮ ਸੌਗਾਤ ਬੀਬਾ।
ਕਦੀ ਦੇਵੇਂ ਤੂੰ ਨਾਮ ਦਾ ਜਾਮ ਪੀ ਕੇ ਹੋਈ ਅਕਲ ਕਿਉਂ ਤੇਰੀ ਮਾਤ ਬੀਬਾ।

ਜੇਕਰ ਖੁਦ ਤੋਂ ਚਾਲ ਕੁਚਾਲ ਹੈ ਓਏ ਤੈਨੂੰ ਬਖਸ਼ ਨੀ ਦੇਊਗਾ ਦਾਤ ਬੀਬਾ।
ਰੂਹ ਚੀਰ ਹੋ ਜਾਊਗੀ ਵਿਦਾ ਪਿਆਰੇ ਇਹਦੇ ਸਾਥ ਜਮਦੂਤ ਬਰਾਤ ਬੀਬਾ।
ਦੁਨੀਆਂ ਵਿਚ ਹੈ ਮਤਲਬੀ ਯਾਰ ਸਾਰੇ ਜਬ ਤਕ ਖੜਕਦੀ ਰਹੇ ਪਰਾਤ ਬੀਬਾ।
ਪੂਰਨ ਸਿੰਘ ਤੂੰ ਸਬਕ ਪਕਾ ਛੇਤੀ ਲਿਖ ਛੱਡੀਂ ਤੂੰ ਪਕੜ ਦਵਾਤ ਬੀਬਾ।

ਮਾਰਚ: ਮਾਰਚ ਆਖਦੀ ਮਾਰਕੇ ਚੂਰ ਕੀਤੇ ਐਸ ਕੂੜ ਦੇ ਵਿਸ਼ੇ ਵਿਕਾਰ ਨੇ ਓਏ।
ਇਕ ਬਾਰ ਜੇ ਨਾਮ ਦਾ ਜਾਪ ਕਰ ਲਏਂ ਲਿਖਾਂ ਸੌ ਬਾਰ ਕਹਾ ਕਰਤਾਰ ਨੇ ਓਏ।
ਨਹੀਂ ਭੱਜ ਕੇ ਜਾਨ ਬਚਾ ਲੈਂਦਾ ਹੋੜੀ ਦੇ ਖਿਆ ਨਹੀਂ ਮੁਕਾਰ ਨੇ ਓਏ।
ਜੈਸਾ ਬੀਜ ਲਏਂ ਖੇਤ ਨੂੰ ਜ਼ਿਮੀਂਦਾਰਾ ਵੈਸਾ ਦੇਵਣਾ ਫਲ ਕਰਤਾਰ ਨੇ ਓਏ।
ਜੇੜ੍ਹੇ ਆਖਦੇ ਕਾਲ ਕੀ ਕਹੂ ਸਾਨੂੰ ਰੋੜ੍ਹ ਦਿਤੇ ਹੈ ਪਰਵਰਦਗਾਰ ਨੇ ਓਏ।
ਨਫਸੁਲ ਮੈਤ ਔਰ ਖੁਦੀ ਨੇ ਜ਼ੋਰ ਕੀਤਾ ਨਹੀਂ ਰਖਿਆ ਯਾਦ ਸੰਸਾਰ ਨੇ ਓਏ।
ਤੂੰ ਵੀ ਆਪਣਾ ਫਰਜ਼ ਉਤਾਰ ਛੱਡੀਂ ਕੀਤਾ ਜਿਵੇਂ ਇਨਸਾਫ਼ ਸਰਕਾਰ ਨੇ ਓਏ।
ਕੋਈ ਰੋਜ਼ ਨੂੰ ਖਾਕ ਦਰਖਾਕ ਹੋਣਾ ਸਮਝੋ ਕੂੜ ਦੇ ਕਾਰ ਵਿਹਾਰ ਨੇ ਓਏ।
ਲਿਖਣਾ ਪੈ ਗਿਆ ਤਿਵੇਂ ਕਲਰਕ ਬਾਬੂ ਜਿਵੇਂ ਕਹੇ ਬਿਆਨ ਸੀ ਤਾਰਨੇ ਓਏ।
ਤਾਰ ਸਮਝਲਈਂ ਯਾਰ ਕਰਤਾਰ ਨੂੰ ਤੂੰ ਕਲਰਕ ਬੁਤ ਬਣਾਇਆ ਪਰਵਰਦਗਾਰ ਨੇ ਓਏ।
ਔਗੇ ਫਿਰਦਾ ਰਿਹਾ ਮੈਂ ਵਿਸ਼ੇ ਕਰਦਾ ਔਗੇ ਦੇਖਿਆ ਨਹੀਂ ਕਰਤਾਰ ਨੇ ਓਏ।
ਤੂੰ ਵੀ ਕਰਕੇ ਕੁਛ ਵਖਾਲ ਬੀਬਾ ਕਰਿਆ ਹਮਲਾ ਜਿਵੇਂ ਕੰਧਾਰ ਨੇ ਓਏ।
ਝੂਠੇ ਦਫਤਰਾਂ ਨੂੰ ਜਦੋਂ ਦੇਖ ਲੀਤਾ ਪੂਰਨ ਸਿੰਘ ਨਾਂ ਦੇਖ ਸਹਾਰ ਨੇ ਓਏ।

ਅਪ੍ਰੈਲ: ਇਹ ਵੀ ਗੁਜ਼ਰ ਗਿਆ ਮਾਹ ਅਪ੍ਰੈਲ ਦਾ ਹੈ ਦਸ ਕੀਹਦੀ ਜਹਾਨ ਤੇ ਮੇਰ ਬੀਬਾ।
ਜਿਹੜੇ ਆਪਣੇ ਆਪ ਨੂੰ ਹੈਣ ਕਹਿੰਦੇ ਮੌਤ ਔਗੇ ਨਾ ਸੂਰਮਾ ਸ਼ੇਰ ਬੀਬਾ।
ਜੇਕਰ ਲੰਘਣਾ ਬਹਿਸ਼ ਅਜ਼ਾਬ ਦਾ ਤੂੰ ਸਾੜੇ ਕੂੜ ਦੇ ਕੰਮ ਬਖੇਰ ਬੀਬਾ।
ਜਿਸ ਤਰਫ਼ ਤੋਂ ਜਾਵਣਾ ਫਤਹ ਹੋਵੇ ਪਕੜ ਹਥ ਦੇ ਵਿਚ ਸ਼ਮਸ਼ੇਰ ਬੀਬਾ।
ਦੁਨੀਆਂ ਵਿਚ ਗਰੂਰ ਨੂੰ ਛੱਡ ਜਾਂਦਾ ਜ਼ੋਰ ਛੱਡ ਕੇ ਹੋਵੰਦਾ ਜ਼ੇਰ ਬੀਬਾ।
ਜਦੋਂ ਵਕਤ ਅਖ਼ੀਰ ਹਸਾਬ ਹੋਇਆ ਪਛੋਤਾਉਂਦਾ ਰਹੇਂਗਾ ਫੇਰ ਬੀਬਾ।
ਰੱਬ ਛੱਡ ਕੇ ਪੂਜਦੇ ਗ਼ੈਰ ਤਾਈਂ ਬੰਦੇ ਲਗਦੇ ਬੁਰੇ ਮਤੇਰ ਬੀਬਾ।
ਔਛੇ ਕੰਮ ਜੋ ਹੋਣ ਇਨਸਾਨ ਕੋਲੋਂ ਦੁਨੀਆਂ ਵਿਚ ਨਾਂ ਅਟਕੀਏ ਵੇਰ ਬੀਬਾ।
ਝੂਠੇ ਸੌਦਿਆਂ ਵਿਚ ਨੁਕਸਾਨ ਪਾਉਂਦੇ ਜੋਹੜ ਵਿਚ ਸੰਸਾਰ ਲੁਟੇਰ ਬੀਬਾ।

ਜਿੰਦ ਨਿਕਲ ਕਲਬੂਤ ਚੋਂ ਬਾਹਰ ਹੋਵੇ ਦੜੀ ਰਹੇ ਨਾਂ ਵਾਂਗ ਬਟੇਰ ਬਾਬਾ।
ਲਗੀ ਓਟ ਜੋ ਨਾਮ ਦੇ ਨਾਲ ਤੇਰੀ ਰੱਖੀਂ ਹੌਸਲਾ ਰਹੀਂ ਦਲੇਰ ਬਾਬਾ।
ਸੋਚ ਸਮਝ ਕੇ ਨਫ਼ਸ ਨੂੰ ਠੀਕ ਕਰਕੇ ਪੂਰਨ ਸਿੰਘ ਨਾਂ ਖੁਦੀ ਨੂੰ ਘੇਰ ਬਾਬਾ।

ਮਈ: ਮਈ ਆਖਦੀ ਖੇਲ ਦਿਆ ਮਾਲਕਾ ਓਏ ਲਈਂ ਸ਼ਰਮ ਦਾ ਖੇਤ ਬਚਾ ਛੇਤੀ।
ਨਫ਼ਸੁਲ ਮੌਤ ਔਰ ਖੁਦੀ ਨੂੰ ਪਕੜ ਬਾਬਾ ਦਈਂ ਵਿਚ ਮਸਾਣ ਮਚਾ ਛੇਤੀ।
ਅਕਾਲ ਪੁਰਖ ਦੇ ਪਕੜ ਕੇ ਚਰਨ ਬੰਦੇ ਬਾਣੀ ਰਾਮ ਦੀ ਦਈਂ ਰਚਾ ਛੇਤੀ।
ਮਿਹਰਬਾਨਗੀ ਹੋਈ ਕਰਤਾਰ ਦੀ ਜੇ ਸਿੱਧਾ ਰਸਤਾ ਦਈਂ ਬਤਲਾ ਛੇਤੀ।
ਗ਼ੈਬੀ ਹੋਇਆ ਦਾਤਾਰ ਦਾ ਇਲਮ ਅ ਤੈਨੂੰ ਲੋਕਾਂ ਦਈ ਵਿਚਾਰ ਬਰਤਾ ਛੇਤੀ।
ਤੈਨੂੰ ਲੋੜ ਜੇ ਮਿਲਣ ਦੀ ਬਹੁਤ ਹੈ ਓਏ ਨਾਲ ਰੂਹ ਦੇ ਰੂਹ ਮਿਲਾ ਛੇਤੀ।
ਤੇਰਾ ਕੰਮ ਹੈ ਸੌਰਦਾ ਬਿਗੜ ਜਾਂਦਾ ਏਸ ਚਿੱਤ ਨੂੰ ਲੈ ਸਮਝਾ ਛੇਤੀ।
ਨਫ਼ਸ ਨਾਲ ਹੈ ਤੇਰਾ ਸਲੂਕ ਬਾਬਾ ਖੁਦੀ ਮਾਰ ਕੇ ਦਈ ਕਢਾ ਛੇਤੀ।
ਨਫ਼ਸੁਲ ਮੌਤ ਔਰ ਖੁਦੀ ਦਾ ਖਿਆਲ ਕਰ ਲਈਂ ਐਨ ਮੁਢ ਤੋਂ ਦੇਣਾ ਬਢਾ ਛੇਤੀ।
ਏਸ ਰੂਹ ਨੂੰ ਰੱਬ ਦੇ ਮਗਰ ਲਾ ਕੇ ਬਾਣੀ ਨਾਮ ਦੀ ਦਈਂ ਸਿਖਲਾ ਛੇਤੀ।
ਅਕਾਲ ਪੁਰਖ ਦੇ ਵਲੋਂ ਜੇ ਮੁਖ ਮੋੜੇਂ ਦੇਊ ਬੁੱਤ ਨੂੰ ਰੋਗ ਲਗਾ ਛੇਤੀ।
ਪੂਰਨ ਸਿੰਘ ਤੂੰ ਇਸ਼ਕ ਸ਼ੁਰਾਬ ਪੀ ਲੈ ਇਸ ਬੁੱਤ ਨੂੰ ਰੰਗ ਰੰਗਾ ਛੇਤੀ।

ਜੂਨ: ਜੂਨ ਆਖਦੀ ਜਮਾਂ ਨੇ ਘੇਰਿਆ ਜੇ ਕਢੀ ਜਿੰਦ ਔਰ ਕਿਸ ਪਛਾਣਿਆ ਓਏ।
ਝੂਠੇ ਧੰਦਿਆਂ ਵਿਚ ਗਲਤਾਨ ਰਿਹਾ ਏਸ ਜਗਤ ਵਿਚੋਂ ਐਵੇਂ ਜਾਣਿਆਂ ਓਏ।
ਪਕੜੀ ਸ਼ੌਕ ਦੇ ਨਾਲ ਬੰਦੂਕ ਬੰਦੇ ਤੈਤੋਂ ਸ਼ਿਸਤ ਕੀ ਲਗਣੀ ਕਾਣਿਆਂ ਓਏ।
ਮਾਣ ਕੂੜ ਹੈ ਜਗਤ ਦਾ ਸੁਫ਼ਨ ਮੇਲਾ ਕਦੀ ਹੋ ਜਾਊ ਸੁਫਨ ਮਸਤਾਨਿਆਂ ਓਏ।
ਪਹਿਲਾ ਘਰ ਹੈ ਛਡਣਾ ਬੜਾ ਮੁਸ਼ਕਲ ਹਥ ਹਥਦਾ ਪਿਆ ਦਸਤਾਨਿਆਂ ਓਏ।
ਸੁਫਨੇ ਵਿਚ ਜਹਾਨ ਚੋਂ ਚਲੇ ਜਾਣਾ ਸੁਫਨੇ ਦੇਖ ਲੈ ਅਕਸ ਮਲਾਨਿਆ ਓਏ।
ਤੈਨੂੰ ਸੁਤਿਆਂ ਹੋਸ਼ ਨਾਂ ਜ਼ਰਾ ਆਈ ਸਿਰ ਤੇ ਬਰਤ ਗਿਆ ਰਬ ਦਿਆ ਭਾਣਿਆ ਓਏ।
ਕੀ ਖਟਿਆ ਜਗਤ ਬਦਨਾਮੀਆਂ ਚੋਂ ਰਿਹਾ ਭੋਗਦਾ ਵਿਸ਼ੈ ਨਮਾਣਿਆਂ ਓਏ।
ਦੋ ਪੁੜਾਂ ਦੇ ਜਦੋਂ ਦਰਮਿਆਨ ਕੀਤਾ ਜਾਏਂ ਭੁਜ ਮਕਈ ਦਿਆ ਦਾਣਿਆਂ ਓਏ।
ਗੋਲਾ ਗੈਬ ਦਾ ਸੀਸ ਤੋਂ ਨਹੀਂ ਟਲਦਾ ਮਾਰ ਸੁਟ ਗਿਆ ਰਾਜਿਆਂ ਰਾਣਿਆਂ ਓਏ।

ਜਦੋਂ ਘੇਰ ਤਕਦੀਰ ਨੇ ਜਾਲ ਪਾਇਆ ਰਖੀ ਜਿੰਦ ਨਾਂ ਵੈਦ ਸਿਆਣਿਆਂ ਓਏ।
ਕਿਸੇ ਰੋਜ਼ ਮੁਸੀਬਤਾਂ ਪੈਣੀਆਂ ਨੇ ਅਜ ਕਰ ਲਈਂ ਹੋਸ਼ ਨਿਆਣਿਆਂ ਓਏ।
ਠਗੀ ਪਿਆਰਾ ਦੋਕਾਨ ਦੇ ਵਿਚ ਬਾਬਾ ਸੋਹਣਾ ਮਿਲ ਗਿਆ ਜਨਮ ਮਖਾਣਿਆਂ ਓਏ।
ਪੂਰਨ ਸਿੰਘ ਸਵਾਸ ਦੇ ਨਾਲ ਪਿਛੋਂ ਚੰਦ ਜਿਹਾ ਹੋ ਗਿਆ ਡਰਾਉਣਿਆਂ ਓਏ।

ਜੁਲਾਈ: ਮਾਹ ਬੀਤ ਜੁਲਾਈ ਦਾ ਗੀਤ ਸੁਣੀਏ ਏਸ ਜਿੰਦ ਦਾ ਯਾਰ ਇਕਰਾਰ ਕੀ ਹੈ।
ਤਿਲਾ ਭਰਨ ਦੀ ਮੂਲ ਨਾਂ ਜਾਚ ਜਿਸ ਨੂੰ ਸਮਝੂ ਓਸਨੂੰ ਪੁਤ ਚਮਾਰ ਕੀ ਹੈ।
ਜਿਹੜੇ ਵਿਚ ਪਹਾਰੇ ਦੇ ਕੰਮ ਗੰਦਾ ਉਸਨੂੰ ਸਮਝੀਏ ਪੁੱਤ ਸੁਨਾਰ ਕੀ ਹੈ।
ਭਲੇ ਬੁਰੇ ਦੀ ਇਕ ਪਛਾਣ ਹੋਵੇ ਦਫਤਰ ਵਿਚ ਇਨਸਾਫ਼ ਕਰਤਾਰ ਕੀ ਹੈ।
ਜੇਕਰ ਗੋਲੀ ਕਲਬੂਤ ਸੇ ਪਾਰ ਹੋਵੇ ਫੱਟ ਨਹੀਂ ਤਾਂ ਗੋਲੀ ਦੀ ਮਾਰ ਕੀ ਹੈ।
ਲੱਗੀ ਸ਼ਿਸਤ ਨਾਂ ਰੌਂਦ ਵੀਰਾਨ ਹੋਇਆ ਹੋੜੀ ਖੇਡਿਆ ਯਾਰ ਸ਼ਿਕਾਰ ਕੀ ਹੈ।
ਅਕੀਤ ਬੈਠ ਕੇ ਕਰਾਂ ਮੈਂ ਬੇਨਤੀ ਜੇ ਸੁਣੇ ਅਰਜ਼ ਨਾ ਯਾਰ ਕਰਤਾਰ ਕੀ ਹੈ।
ਕਲੀ ਕਿਓੜਾ ਗੁਲਾਬ ਦੇ ਫੁਲ ਹੈ ਨਾ ਬਾਗ ਵਿਚ ਬਹਾਰ ਗੁਲਜ਼ਾਰ ਕੀ ਹੈ।
ਪੂਰਨ ਸਿੰਘ ਨਾਂ ਦਿਲਾਂ ਦੇ ਮੇਲ ਹੋਏ ਉਤੋਂ ਮੇਲ ਦਾ ਮੇਲ ਮਲ੍ਹਾਰ ਕੀ ਹੈ।

ਅਗਸਤ: ਮਾਹ ਕਹੇ ਅਗਸਤ ਨਾਂ ਮੱਤ ਰੱਤੀ ਚਰਖਾ ਕਤਣੇ ਵਲ ਖਿਆਲ ਮਾਈਓ।
ਤੁਸੀਂ ਪਾਉਣੀਆਂ ਤੁੰਦ ਸ਼ੌਕੀਨ ਬਣਕੇ ਸਿਰ ਤੇ ਕੂਕਦਾ ਚਿਰਾਂ ਦਾ ਕਾਲ ਮਾਈ ਓ।
ਚਿੱਤ ਲਗਿਆ ਨਾਲ ਗਲੋਟਿਆਂ ਦੇ ਪਾਉਣਾ ਘੇਰ ਤਕਦੀਰ ਨੇ ਜਾਲ ਮਾਈ ਓ।
ਕੂੜ ਜਗਤ ਸੰਸਾਰ ਦਾ ਮੇਲ ਸਮਝੋ ਕਦੀ ਬਜਣਾ ਕਾਲ ਦਾ ਤਾਲ ਮਾਈਓ।
ਰਬ ਹੋਵੇ ਕਰਦਨ ਸੰਸਾਰ ਉਤੇ ਰਖ ਲੈਣ ਕੀ ਕੀਹਦੀ ਮਜਾਲ ਮਾਈਓ।
ਐਵੇਂ ਕੂੜ ਦੇ ਪਿਆਰ ਵਧਾ ਰਹੀਆਂ ਵਿਚ ਗੋਦੀਆਂ ਖੇਡਦੇ ਲਾਲ ਮਾਈਓ।
ਬਹੁਤਾ ਪਿਆਰ ਨਾਂ ਘਰਾਂ ਦੇ ਨਾਲ ਪਾਈਏ ਦਿੰਦਾ ਵਿਚ ਪਤਾਲ ਦੇ ਗਾਲ ਮਾਈਓ।
ਸੁਫ਼ਨ ਰੈਣ ਦੇ ਵਾਂਗਰਾਂ ਸੁਫਨ ਹੋਣਾ ਸਮਝ ਕੂੜ ਦੇ ਖਿਆਲ ਕੁਚਾਲ ਮਾਈਓ।
ਬਿਨਾਂ ਨਾਮ ਦੇ ਜਾਪ ਦਾ ਕਾਮ ਕੀ ਹੈ ਗਹਿਣੇ ਕਪੜੇ ਮਾਲ ਹੈ ਜਾਲ ਮਾਈਓ।
ਤੁਸਾਂ ਨਾਮ ਦੇ ਨਾਲ ਪ੍ਰੀਤ ਰਖੋ ਪਰਵਰਦਗਾਰ ਹੈ ਦੀਨ ਦਿਆਲ ਮਾਈਓ।
ਚਰਨ ਪਕੜ ਕੇ ਪੁਰਖ ਅਕਾਲ ਵਾਲੇ ਦੇਖੋ ਖੇਡ ਕੇ ਖੇਡ ਕਮਾਲ ਮਾਈਓ।
ਸਚੇ ਵਿਚ ਦਰਬਾਰ ਦੇ ਜਦੋਂ ਪੜੀਆਂ ਐਵੇਂ ਫਿਰੋਂ ਕੋਹਾਂਦੀਆਂ ਖਾਲ ਮਾਈਓ।

ਕਿਸੇ ਰੋਜ਼ ਨੂੰ ਚਿਖਾ ਦੇ ਵਿਚ ਪੈਣਾ ਦੂਰੋਂ ਮਚਦੀ ਦਿਸੈ ਮਸ਼ਾਲ ਮਾਈਓ।
ਜਦੋਂ ਬੁਤ ਪਰਾਗ ਦਾ ਜ਼ੋਰ ਹੋਇਆ ਢਲ ਜਾਵਣਾ ਵਾਂਗਰਾਂ ਰਾਲ ਮਾਈਓ।
ਪੂਰਨ ਸਿੰਘ ਸਰੀਰ ਨੇ ਉਡ ਜਾਣਾ ਐਵੇਂ ਭਾਲਦਾ ਫਿਰੇ ਰੁਮਾਲ ਮਾਈਓ।

ਸਤੰਬਰ: ਸਤੰਬਰ ਆਖਦਾ ਸੁਣੋ ਖ਼ਿਆਲ ਕਰਕੇ ਮਾਰੋ ਤਾਰੀਆਂ ਨਪਾ ਦੀ ਰੀਗ ਮਾਈਓ।
ਚੂੜ ਕੱਚ ਦਾ ਕਿਸੇ ਨਾਂ ਕੰਮ ਆਵੇ ਪੱਕੀ ਪਹਿਨੋ ਪ੍ਰੇਮ ਦੀ ਬੰਗ ਮਾਈਓ।
ਦੂਈ ਦੂਰ ਕਰਨੇ ਪਿਆਰੇ ਕੋਲ ਬੈਠੋ ਦੇਉ ਬੁੱਤ ਨੂੰ ਨਾਮ ਦਾ ਰੰਗ ਮਾਈਓ।
ਖੋਟੇ ਪੁਰਸ਼ ਦੇ ਕੋਲ ਕੀ ਬੈਠਣਾ ਹੈ ਭਲੇ ਮਾਣਸਾਂ ਦਾ ਕਰੀਏ ਸੰਗ ਮਾਈਓ।
ਪਤਾ ਨਹੀਂ ਸਰੀਰ ਨੇ ਚੱਲ ਜਾਣਾ ਰਹੀਆਂ ਬੈਠੀਆਂ ਚਾੜ ਪਤੰਗ ਮਾਈਓ।
ਜੈਸੇ ਸੁਫਨੇ ਵਿਚ ਹੈ ਖ਼ੂਨ ਹੁੰਦੇ ਟੁੱਟ ਜਾਣ ਸਰੀਰ ਦੇ ਅੰਗ ਮਾਈਓ।
ਸੁਫਨੇ ਮੰਗਦੇ ਭੀਖ ਫਕੀਰ ਬਣਕੇ ਪੌਸ਼ਾਕ ਪਹਿਨ ਕੇ ਬੈਠੇ ਪਲੰਘ ਮਾਈਓ।
ਮਾਣ ਕੂੜ ਹੈ ਸੁਫਨ ਸੰਸਾਰ ਸਮਝੋ ਕਦੀ ਆ ਜਾਊ ਖ਼ੂਤ ਬੇਰੰਗ ਮਾਈਓ।
ਹੁੰਦਾ ਰਾਂਝਣਾ ਇਸ਼ਕ ਹਕੀਕ ਨਾਂ ਜੇ ਕਾਹਨੂੰਦੇਖਦਾ ਸਿਆਲ ਤੇ ਝੰਗ ਮਾਈਓ।
ਦੁਨੀਆਂ ਵਿਚ ਦਵੈਤ ਦਾ ਕੰਮ ਕੀ ਹੈ ਸ਼ਕਲ ਇਕ ਹੈ ਕੂੰਜ ਕਲੰਗ ਮਾਈਓ।
ਨਾਲ ਲਗ ਕੇ ਆਖਿਆ ਨਸ਼ਟ ਹੋਏ ਛੋਟੀ ਜਾਤ ਕੀ ਮਾਰਿਆ ਡੰਗ ਮਾਈਓ।
ਸਿਰਾਂ ਨੀਵਿਆਂ ਨੂੰ ਫਤਿਹ ਹੋਵਣੀ ਹੈ ਜੁਹਕੇ ਦੇਖ ਲਉ ਭਾਵੇਂ ਨਸੰਗ ਮਾਈਓ।
ਪੂਰਨ ਸਿੰਘ ਪਰ ਦਾਸ ਦੀ ਮੰਨਿਉਂ ਜੇ ਪੀਓ ਨਾਮ ਦੀ ਘੋਟ ਕੇ ਭੰਗ ਮਾਈਓ।

ਅਕਤੂਬਰ: ਜਿੰਦੇ ਦੇਖ ਅਕਤੂਬਰ ਨੇ ਆਖਿਆ ਹੈ ਕਹਿੰਦਾ ਨਹੀਂ ਜਹਾਨ ਤੇ ਮਾਣ ਹੈ ਓਏ।
ਜਦੋਂ ਹੋ ਗਏ ਖ਼ਤਮ ਸਵਾਸ ਤੇਰੇ ਰਹਿਣਾ ਫੇਰ ਨਾਂ ਆਉਣ ਤੇ ਜਾਣ ਹੈ ਓਏ।
ਬਿਨਾਂ ਬੰਦਗੀ ਭਰੇ ਚੋਰਾਸੀਆਂ ਨੂੰ ਆਉਣਾ ਜਗਤ ਪਰ ਨਹੀਂ ਆਸਾਨ ਹੈ ਓਏ।
ਨੌਬਤ ਅੱਜ ਸਰੀਰ ਦੀ ਬੱਜਦੀ ਹੈ ਕਦੀ ਹੋ ਜਾਊ ਮੜ੍ਹੀ ਮਸਾਣ ਹੈ ਓਏ।
ਉਹਦੇ ਖੇਤ ਦੇ ਵਿਚ ਕੀ ਹੋਵਣਾ ਹੈ ਵਾਹੀ ਕੀਤੀ ਨਾਂ ਜਿਸ ਕਿਸਾਨ ਹੈ ਓਏ।
ਸੱਚੇ ਵਾਹਿਗੁਰੂ ਨੇ ਤੈਨੂੰ ਅਕਲ ਬਖ਼ਸ਼ੀ ਲਈਂ ਅਕਲ ਦੇ ਨਾਲ ਪਛਾਣ ਹੈ ਓਏ।
ਕਾਲ ਕਿਹੜੇ ਸਰੀਰ ਤੋਂ ਰਿਹਾ ਬਾਕੀ ਕੋਣ ਰਹਿ ਗਿਆ ਬਲੀ ਬਲਵਾਨ ਹੈ ਓਏ।
ਹੋੜੀ ਦੇਖਿਆ ਨਹੀਂ ਸ਼ਿਕਾਰ ਕਰਦਾ ਤਾਂ ਹੀਂ ਵਿਸ਼ੇ ਦੇ ਵਿਚ ਗਲਤਾਨ ਹੈ ਓਏ।
ਰਖੀ ਚੀਜ਼ ਸਰਕਾਰ ਦੀ ਹੱਥ ਲਾਵੇਂ ਹਵਾਲਾਤ ਦੇ ਵਿਚ ਲੈ ਜਾਣ ਹੈ ਓਏ।
ਗੋਲੇ ਜੰਗ ਵਿਚ ਰਿਹਾ ਚਲਾਵੰਦਾ ਤੂੰ ਲੈ ਕੇ ਗ਼ਿਸਤ ਨਾਂ ਮਾਰਿਆ ਬਾਣ ਹੈ ਓਏ।

ਘੋੜਾ ਨਫ਼ਸ ਸ਼ੈਤਾਨ ਚਾ ਵਾਰ ਕਰਦਾ ਵਿਚੋਂ ਕੱਢ ਤਲਵਾਰ ਮਿਆਨ ਹੈ ਓਏ।
ਜੀਹਦੇ ਰੁਖਿਆਂ ਸੂਰਮਾਂ ਭਗਤ ਹੋਵੇ ਐਸਾ ਰੁਖੀਏ ਗਿਆਨ ਪਿਸਤਾਨ ਹੈ ਓਏ।
ਪੂਰਨ ਸਿੰਘ ਤੂੰ ਰਬ ਦੀ ਓਟ ਪਕੜੀਂ ਕਦੀ ਆਉਣਗੇ ਲੈਣ ਬਵਾਨ ਹੈ ਓਏ।

ਨੂੰਅੰਬਰ: ਨੁਅੰਬਰ ਆਖਦਾ ਸਿਮਰ ਕੇ ਨਾਮ ਛੇਤੀ ਵੇਖ ਲਈਂ ਤੂੰ ਇਸ਼ਕ ਦੀ ਦਾਖ ਹੈ ਓਏ।
ਕੋਈ ਰੋਜ਼ ਤੂੰ ਇਸ਼ਕ ਬਹਾਰ ਕਰ ਲੈ ਬੁੱਤ ਖ਼ਾਕ ਦਾ ਭਲਕ ਨੂੰ ਖ਼ਾਕ ਹੈ ਓਏ।
ਰਿਸ਼ਤੇਦਾਰ ਸਰੀਰ ਦੇ ਯਾਰ ਹੈ ਨਾਂ ਸੱਚੇ ਰੱਬ ਨੂੰ ਜਾਣੀਏਂ ਸਾਕ ਹੈ ਓਏ।
ਕਦੀ ਪਰਤ ਕੇ ਵਿਚ ਤੂੰ ਝਾਤ ਪਾ ਲੈ ਨਾਲ ਦੇਖੇ ਹੁਸ਼ਿਆਰੀ ਦੇ ਨਾਗ ਹੈ ਓਏ।
ਸੱਚੇ ਨਾਮ ਦਾ ਵਣਜ ਵਿਓਪਾਰ ਕਰ ਲੈ ਤੇਰੇ ਕੋਲ ਖਲੋਤੜਾ ਗਾਹਕ ਹੈ ਓਏ।
ਕੈਸੇ ਵਿਚ ਸ਼ਲੋਕ ਹੈਸ਼ਬਦ ਹੁੰਦੇ ਦੇਖ ਏਸ ਸਰੀਰ ਦਾ ਰਾਗ ਹੈ ਓਏ।
ਮੇਲਾ ਹੋਇਆ ਨਾਂ ਦੀਨ ਦਿਆਲ ਦਾ ਜੇ ਐਵੇਂ ਫਿਰੇਂ ਉਡਾਵੰਦਾ ਕਾਗ ਹੈ ਓਏ।
ਸ਼ਾਹ ਰਗ ਦੀ ਬੋਲਦੀ ਤਾਰ ਬੀਬਾ ਪਕੜੀਂ ਤਾਰ ਦੀ ਘੁਟ ਕੇ ਬਾਗ ਹੈ ਓਏ।
ਮੰਤਰ ਸਦਾ ਓਅੰਕਾਰ ਦਾ ਜਪੇਂ ਬੈਠਾ ਰੱਖੀਂ ਯਾਰ ਦਾ ਚਿਤ ਵੈਰਾਗ ਹੈ ਓਏ।
ਮੈਂ ਮੇਰੀ ਦੇ ਵਿਚ ਗਲਤਾਨ ਰਿਹਾ ਨਾਂ ਤੈਂ ਦੇਖਿਆ ਧਾਰਕੇ ਯੋਗ ਹੈ ਓਏ।
ਤੈਂ ਕੀ ਯਾਰ ਦੇ ਬਾਰ ਨੂੰ ਮੱਲਣਾ ਸੀ ਤੈਨੂੰ ਪਕੜਿਆ ਵਿਸ਼ੇ ਦੇ ਰੋਗ ਹੈ ਓਏ।
ਤੇਰੀ ਛੁਰਿਆਂ ਨਾਲ ਪ੍ਰੀਤ ਡਾਢੀ ਨਾਰਾਂ ਦੇਖਦਾ ਵਾਸਤੇ ਭੋਗ ਹੈ ਓਏ।
ਪੂਰਨ ਸਿੰਘ ਬਹਾਰ ਹਕੀਕ ਵਾਲੀ ਹੁੰਦਾ ਇਸ਼ਕ ਮਜ਼ਾਜ਼ੀ ਦਾ ਸੋਗ ਹੈ ਓਏ।

ਦਸੰਬਰ: ਦਸੰਬਰ ਆਖਦਾ ਰਹੀਂ ਹੁਸ਼ਿਆਰ ਹੋਕੇ ਜਿੰਦੇ ਤੋੜ ਸਿਤਾਰ ਦੀ ਤਾਰ ਬੈਠੀ।
ਸੂਹੇ ਸੋਸਣੀ ਰੰਗ ਰੰਗਾ ਜਿੰਦੇ ਕਈਆਂ ਦਿਨਾਂ ਦੀ ਹੋਈ ਤਿਆਰ ਬੈਠੀ।
ਤੇਰੇ ਨਾਲ ਦਾ ਕੋਈ ਚੰਡਾਲ ਹੈ ਨਾਂ ਜਿੰਦੇ ਅਪਣਾ ਯਾਰ ਵਸਾਰ ਬੈਠੀ।
ਧੁਨ [illegible] ਜਗੀਰ ਦੇ ਵਿਚ ਜਿੰਦੇ ਮਹਿਲ ਮਾੜੀਆਂ ਪੈਰ ਪਸਾਰ ਬੈਠੀ।
ਆਖਰਕਾਰ ਅਖੀਰ ਦੇ ਵਕਤ ਵੇਲੈ ਜਿੰਦੇ ਜਨਮ ਜੂਏ ਵਿਚ ਹਾਰ ਬੈਠੀ।
ਜਿੰਦੇ ਅਪਣਾ ਕੌਲ ਤੂੰ ਕਰੀਂ ਪੂਰਾ ਜਿਹੜਾ ਯਾਰ ਨਾਲ ਕਰ ਇਕਰਾਰ ਬੈਠੀ।
ਐਵੇਂ ਜਾਊਗਾ ਜਨਮ ਵੀਰਾਨ ਤੇਰਾ ਦਿਲੋਂ ਲਾਹ ਕੇ ਮੈਂ ਨਾਂ ਮਾਰ ਬੈਠੀ।

ਜਿੰਦੇ ਨਫ਼ਸ ਬਦਕ਼ਾਰ ਨੇ ਡੰਗ ਲਿਆ ਐਵੇਂ ਕੂੜ ਦੇ ਲਾਈ ਬਾਜ਼ਾਰ ਬੈਠੀ।
ਤੈਨੂੰ ਕਦੀ ਨਾਂ ਜਿਊ ਤੇ ਰਹਿਮ ਆਇਆ ਜਿੰਦੇ ਰੂਪ ਕਸਾਈਆਂ ਦਾ ਧਾਰ ਬੈਠੀ।
੪ ਜਿੰਦੇ ਇਸ਼ਕ ਹਕੀਕੀ ਦੀ ਦੂਰ ਮੰਜ਼ਲ ਫਿਰੇਂ ਆਖਦੀ ਕਰਦੀਦਾਰ ਬੈਠੀ।
ਐਂਗੇ ਭਰੇਂਗੀ ਦੁਖ ਤਕਲੀਫ਼ ਜਿੰਦੇ ਕਰੀਂ ਅਪਣਾ ਆਪ ਖ਼ੁਆਰ ਬੈਠੀ।
ਯਾਦ ਰਖਿਆ ਪਾਲਣੇਹਾਰ ਹੈ ਨਾਂ ਐਵੇਂ ਕੂੜ ਦੇ ਪੈਰ ਪਸਾਰ ਬੈਠੀ।
ਪੂਰਨ ਸਿੰਘ ਹੈ ਜਾਊ ਉਮੀਦ ਪੂਰੀ ਸਵਾਸ ਚਾੜ੍ਹ ਤੂੰ ਦਸਮ ਦੁਆਰ ਬੈਠੀ।

******

(ਬਾਰਾਂਮਾਹ ਖ਼ਤਮ ਸ਼ੁਦ)

*ਇਹ ਬਾਰਾਂਮਾਹ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਪ੍ਰਾਪਤ ਹੋਇਆ ਹੈ।

੧ੴ ਸਤਿਗੁਰ ਪ੍ਰਸਾਦਿ ॥

## 10. ਬਾਰਾਂਮਾਹ ਰਾਧੇ ਸ਼ਾਮ ਕਾ*

ਚੇਤ੍ਰ ਚਿੱਤ ਵਿਚ ਕਰਨ ਸਲਾਹ ਸਖੀਆਂ ਚਲੋ ਕੋਲ ਜਸੋਧਾਂ ਦੇ ਜਾਵੀਏ ਨੀ।
ਸਾਨੂੰ ਨੰਦ ਦਾ ਲਾਲ ਖ਼ਰਾਬ ਕਰਦਾ ਦਸੋ ਕੀ ਤਦਬੀਰ ਬਣਾਵੀਏ ਨੀ।
ਜਿਹੜਾ ਅਸਾਂ ਦੇ ਨਾਲ ਕਰਤੂਤ ਘੋਲੇ ਸਾਰਾ ਜਾਕੇ ਹਾਲ ਸੁਣਾਵੀਏ ਨੀ।
ਮਿਲਖੀ ਸੱਚੀਆਂ ਝੂਠੀਆਂ ਲਾਕੇ ਤੇ ਘਰੋਂ ਓਸ ਨੂੰ ਮਾਰ ਪਵਾਵੀਏ ਨੀ।

ਵਿਸਾਖ ਵਿਸਾਰ ਕੇ ਤੇ ਕੰਮ ਕਾਜ ਸਾਰੇ ਗੋਕਲ ਜੀ ਵਲ ਕਦਮ ਉਠਾਣ ਸਖੀਆਂ।
ਚੌਦਾਂ ਪੰਦਰਾਂ ਸਾਲ ਦੀ ਉਮਰ ਸਭਦੀ ਇਕੋ ਜੇਹੀਆਂ ਤੇ ਭਰ ਜਵਾਨ ਸਖੀਆਂ।
ਸਭੇ ਕੋਲ ਜਸੋਧਾਂ ਦੇ ਜਾਕੇ ਤੇ ਨਾਲ ਗੁੱਸੇ ਦੇ ਸ਼ੋਰ ਮਚਾਣ ਸਖੀਆਂ।
ਮਿਲਖੀ ਨਾਲ ਆਰਾਮ ਦੇ ਬੈਠ ਕੇ ਤੇ ਲਗੀਆਂ ਆਪਣਾ ਹਾਲ ਸੁਨਾਣ ਸਖੀਆਂ।

ਜੇਠ ਜੋ ਜੋ ਏਸ ਨੇ ਹਾਲ ਕੀਤਾ ਮਾਈਏ ਸੁਣ ਲੈ ਧਿਆਨ ਲਗਾ ਕੇ ਤੇ।
ਸਾਨੂੰ ਕੁੰਜ ਗਲੀ ਵਿਚ ਰੋਕ ਲੈਂਦਾ ਦੁੱਧ ਡੋਲ੍ਹ ਜਾਂਦਾ ਮੱਖਣ ਖਾ ਕੇ ਤੇ।
ਸਾਡੇ ਕਪੜੇ ਪਾੜ ਕੇ ਕਰੇ ਲੀਰਾਂ ਅਪਣੇ ਪੁੱਤਰ ਨੂੰ ਰੱਖ ਸਮਝਾ ਕੇ ਤੇ।
ਮਿਲਖੀ ਛੁੱਡਿਆਂ ਹੱਥ ਨਾਂ ਆਵਸੀਗਾ ਅਸੀਂ ਕੰਸ ਨੂੰ ਕਿਹਾ ਜੇ ਜਾ ਕੇ ਤੇ।

ਹਾੜ ਹੋਰ ਸੁਣ ਲੈ ਤੂੰ ਕਰਤੂ ਉਸਦੀ ਜਮਨਾ ਘਾਟ ਉਤੇ ਇਕ ਦਿਨ ਆ ਬੈਠਾ।
ਅਸਾਂ ਨ੍ਹਾਉਣੀਆਂ ਦੇ ਕਪੜੇ ਚੁੱਕ ਕੇ ਤੇ ਬਨਸੀ ਵਾਲਾ ਦਰਖਤ ਤੇ ਜਾ ਬੈਠਾ।
ਅਸੀਂ ਵਾਸਤੇ ਪਾਕੇ ਥੱਕ ਗਈਆਂ ਸ਼ਾਮ ਪਰ੍ਹਾਂ ਨੂੰ ਮੁਖ ਭਵਾ ਬੈਠਾ।
ਮਿਲਖੀ ਗਵਾਲ ਬਾਲਾਂ ਕਪੜੇ ਲਾਹ ਦਿੱਤੇ ਆਪ ਨੀਵੀਆਂ ਅਖੀਆਂ ਪਾ ਬੈਠਾ।

ਸਾਉਣ ਸੋਚ ਵਿਚਾਰ ਨਹੀਂ ਜ਼ਰਾ ਇਸ ਨੂੰ ਸਾਰਾ ਦਿਨ ਫਿਰਦਾ ਗਊਆਂ ਚਾਰਦਾ ਨੀ।
ਰਾਹ ਜਾਂਦਿਆਂ ਅਸਾਂ ਨੂੰ ਪਕੜ ਕੇ ਤੇ ਵਾਂਗੂ ਭੁਖਿਆਂ ਦੇ ਧਾੜੇ ਮਾਰਦਾ ਨੀ।
ਲੱਤ ਮਾਰ ਕੇ ਚਾਟੀਆਂ ਭੰਨ ਜਾਂਦਾ ਦੁਧ ਡੋਲ੍ਹਦਾ ਜ਼ੁਲਮ ਗੁਜ਼ਾਰਦਾ ਨੀ।
ਮਿਲਖੀ ਸੌਕਣਾਂ ਦੇ ਵਾਂਗੂ ਝਗੜਦਾ ਏ ਸਾਥੋਂ ਕਦੀ ਵੀ ਸ਼ਾਮ ਨਾ ਹਾਰਦਾ ਨੀ।

<u>ਭਾਦ੍ਰੋਂ</u> ਭਰਨ ਗਈਆਂ ਪਾਣੀ ਘਾਟ ਉਤੇ ਧੱਕਾ ਦੇ ਕੇ ਅਸਾਂ ਨੂੰ ਸੁੱਟ ਗਿਆ।
ਐਸੀ ਪੀੜ ਕਲੇਜੇ ਦੇ ਵਿਚ ਹੋਈ ਗ੍ਰਸ੍ਹਾਂ ਪੈਂਦੀਆਂ ਤੇ ਦਿਲ ਘੁੱਟ ਗਿਆ।
ਬੰਦ ਬੰਦ ਸਾਡਾ ਪਿਆ ਦਰਦ ਹੋਵੇ ਬੁਰਾ ਹਾਲ ਹੋਇਆ ਸਾਨੂੰ ਫੁੱਟ ਗਿਆ।
ਮਿਲਖੀ ਯਾਰ ਜਦ ਅਸਾਂ ਪੁਕਾਰ ਕੀਤੀ ਗਵਾਲ ਬਾਲ ਲੈ ਕੇ ਪਿਛਾਂ ਹੱਟ ਗਿਆ।

<u>ਅੱਸੂ</u> ਅਸਾਂ ਦਾ ਜੇ ਇਤਬਾਰ ਨਾਹੀਂ ਨੰਦ ਲਾਲ ਨੂੰ ਕੋਲ ਬੁਲਾ ਅੜੀਏ।
ਜਮਨਾ ਘਾਟ ਉਤੇ ਪਿਆ ਖੇਡਦਾ ਏ ਨੌਕਰ ਭੇਜਕੇ ਓਹਨੂੰ ਸਦਾ ਅੜੀਏ।
ਐਂਗੇ ਵਾਸਤੇ ਤੈਨੂੰ ਯਕੀਨ ਆਵੇ ਸਾਡਾ ਸਚ ਤੇ ਝੂਠ ਅਜ਼ਮਾ ਅੜੀਏ।
ਮਿਲਖੀ ਅਸਾਂ ਨੂੰ ਘਰੋਂ ਅਵੇਲ ਹੁੰਦੀ ਸਾਡਾ ਜਲਦੀ ਨਿਆਂ ਮੁਕਾ ਅੜੀਏ।

<u>ਕਤੱਕ</u> ਕਿਹਾ ਜਸੋਧਾਂ ਨੇ ਨੌਕਰਾਂ ਨੂੰ ਜਮਨਾ ਘਾਟ ਉਤੇ ਜਲਦੀ ਜਾਵਣਾ ਜੇ।
ਬਾਲਾਂ ਵਿਚ ਕਿਧਰੇ ਪਿਆ ਖੇਡਦਾ ਜੇ ਨੰਦ ਲਾਲ ਨੂੰ ਸੱਦ ਲਿਆਵਣਾ ਜੇ।
ਕਹਿਣਾ ਮਾਤਾ ਜਸੋਧਾਂ ਬੁਲਾਵੰਦੀ ਏ ਹੋਰ ਗੱਲ ਨਾ ਕੋਈ ਸੁਣਾਵਣਾ ਜੇ।
ਮਿਲਖੀ ਮੈਨੂੰ ਉਲਾਂਭੇ ਦਵਾਣ ਲੱਗਾ ਮੈਂ ਨਹੀਂ ਏਸਨੂੰ ਸਿਰੇ ਚੜ੍ਹਾਵਣਾ ਜੇ।

<u>ਮੱਘਰ</u> ਮਾਰੀ ਆਵਾਜ਼ ਜਾ ਨੌਕਰਾਂ ਨੇ ਸੂਰਤ ਸ਼ਾਮ ਦੀ ਸਾਹਮਣੇ ਆਵੰਦੀ ਏ।
ਹੱਥ ਜੋੜ ਕੇ ਉਨ੍ਹਾਂ ਨੇ ਅਰਜ਼ ਕੀਤੀ ਤੁਹਾਨੂੰ ਮਾਤਾ ਜਸੋਧਾਂ ਬੁਲਾਵੰਦੀ ਏ।
ਮਹਾਰਾਜਾ ਟੁਰ ਕੇ ਮਹਿਲਾਂ ਵਿਚ ਆਏ ਮਾਤ ਵੇਖ ਕੇ ਤਿਊੜੀਆਂ ਪਾਵੰਦੀ ਏ।
ਮਿਲਖੀ ਰਾਮ ਜਸੋਧਾਂ ਨੇ ਝਿੜਕ ਦਿਤੀ ਬਾਹੋਂ ਪਕੜ ਕੇ ਕੋਲ ਬਹਾਵੰਦੀ ਏ।

<u>ਪੋਹ</u> ਪਾਸ ਮੇਰੇ ਜਿਹੜੀਆਂ ਬੈਠੀਆਂ ਨੀ ਇਨ੍ਹਾਂ ਨਾਲ ਕੀ ਝਗੜਾ ਪਾਇਆ ਈ।
ਤੈਨੂੰ ਰੋਜ਼ ਸਮਝਾਨੀਆਂ ਸਮਝਦਾ ਨਹੀਂ ਬਿਰਜ ਵਿਚ ਕੀ ਸ਼ੋਰ ਮਚਾਇਆ ਈ।
ਗੁੱਸੇ ਨਾਲ ਅਗੋਂ ਮਹਾਰਾਜ ਬੋਲੇ ਇਨ੍ਹਾਂ ਝੂਠ ਫਰੇਬ ਬਣਾਇਆ ਈ।
ਮਿਲਖੀ ਮੂੰਹ ਦੇ ਸਾਹਮਣੇ ਕਰਨ ਗਲਾਂ ਜੋ ਕੁਝ ਇਨ੍ਹਾਂ ਦਾ ਮੈਂ ਗਵਾਇਆ ਈ।

<u>ਮਾਘ</u> ਮਾਈ ਜਸੋਧਾਂ ਨੇ ਕਹਿਆ ਮੂੰਹੋਂ ਗੱਲ ਕਰੋ ਨੀ ਕੋਲ ਸਦਾਇਆ ਜੇ।
ਮਾਇਆ ਕ੍ਰਿਸ਼ਨ ਭਗਵਾਨ ਨੇ ਪਾਈ ਐਸੀ ਮੁਖ ਸਭਨਾਂ ਦਾ ਬੰਦ ਕਰਾਇਆ ਜੇ।

ਪੰਜ ਸੱਤ ਜਸੋਧਾਂ ਸਵਾਲ ਕੀਤੇ ਅਗੋਂ ਕੋਈ ਜਵਾਬ ਨਾਂ ਆਇਆ ਜੇ।
ਮਿਲਖੀ ਸਖੀਆਂ ਨੂੰ ਸ਼ੌਂਕ ਦੀਦਾਰ ਦਾ ਸੀ ਉਨ੍ਹਾਂ ਰੱਜ ਕੇ ਤੇ ਦਰਸ਼ਨ ਪਾਇਆ ਜੇ।

ਫਰੌਣ ਫੇਰ ਖਲੋਤੀਆਂ ਉੱਠ ਕੇ ਚੇ ਕਰ ਲਈਆਂ ਤਿਆਰੀਆਂ ਜਾਂਣਦੀਆਂ।
ਇਕ ਦੂਸਰੀ ਨੂੰ ਇਹੋ ਆਖਦੀ ਏ ਦੇਖ ਲਈਆਂ ਚਲਾਕੀਆਂ ਕਾਨ੍ਹ ਦੀਆਂ।
ਆਖ਼ੂਰ ਸਭ ਸਖੀਆਂ ਹੱਥ ਜੋੜ ਕੇ ਤੇ ਚਰਨੀ ਡਿਗੀਆਂ ਕ੍ਰਿਸ਼ਨ ਭਗਵਾਨ ਦੀਆਂ ।
ਮਿਲਖੀ ਕਿਹਾ ਜਸੋਧਾਂ ਨੇ ਜਾਓ ਏਥੋਂ ਤੁਸੀਂ ਝੂਠੀਆਂ ਸਾਰੇ ਜਹਾਨ ਦੀਆਂ।

*******

---

* ਮਿਲਖੀ ਰਾਮ, ਮੁਸੱਵਰ; ਮਿਲਖੀ ਦਾ ਕ੍ਰਿਸ਼ਨ; ਜੋਤ ਸਿੰਘ ਸੰਤ ਸਿੰਘ, ਕੁਤਬ ਫਰੋਸ਼ ਲੋਹਾਰੀ ਦਰਵਾਜ਼ਾ, ਲਾਹੌਰ, ਜਨਵਰੀ, 1914, ਕੋਕਸਟਨ ਪ੍ਰੈਸ, ਅਨਾਰਕਲੀ ਬਾਜ਼ਾਰ ਲਾਹੌਰ।

੧ੴ ਸਤਿਗੁਰ ਪ੍ਰਸਾਦਿ॥

## 11. ਬਾਰਾਂਮਾਹ*

ਰਾਗ ਮਾਝ ਧਿਆਉ ਬਾਰਮਾਹਾ ਨਾਮ ਜੋਗੁ ਨਿਧਿ ਮਹਲਾ ੧ ॥ ਪਉੜੀ॥

ਚੇਤਰ: ਚਿਤਹੁ ਵਿਸਰੈ ਸ਼ਬਦ ਸੁਰਤਿ ਗੁਰ ਧਿਆਨ॥ਦੂਜੈ ਭਾਇ ਨ ਠਗੀਐ ਗੁਰ ਮਿਲ ਪਾਇਆ ਦਾਨੁ॥ ਗੰਗਾ ਜਮਨਾ ਸਰਸਤੀ ਸਦਾ ਤੀਰਥ ਇਸਨਾਨੁ॥ ਬਾਰਹ ਸੋਲਹ ਸਮਕਰੈ ਤਾ ਸਸਿ ਘਰਿ ਆਵੈ ਭਾਨੁ। ਦਉ ਸਰਤਾਨੈ ਗਗਨ ਕਉ ਮਨ ਕੇ ਮਰਦੇ ਮਾਨੁ।। ਲਿਵ ਲਾਗੀ ਪ੍ਰਭ ਜਾਣਿਆ ਪ੍ਰਗਟਿਆ ਪਦੁ ਨਿਰਬਾਣੁ॥ ਊਚੇ ਮੰਦਰਿ ਬਸਿ ਰਹੇ ਤਾਹਾ ਸਾਚਾ ਦੀਬਾਣੁ।। ਨਿਰਭਉ ਮਿਲਿ ਭਉ ਖੰਡਿਆ ਨਾਨਕ ਸਚੁ ਵਖਾਣੁ।।ਚੇਤ੍ਰ ਸੁਹਾਵਾ ਤਿਨਾ ਕਉ ਜਿਨਾ ਮਿਲਿਆ ਪੁਰਖ ਸੁਜਾਣੁ॥

ਵੈਸਖਿ ਸਗਲ ਹੋਰ ਚਾਲੀਆ ਮਨ ਤੇ ਸਭ ਵਿਸਾਰਿ॥ ਚੰਚਲਿ ਮਿਰਗੋ ਮਾਰਿ ਕੈ ਤਾ ਸੋਵਹੁ ਪਾਉ ਪਸਾਰਿ॥ ਜਬ ਲਗੁ ਮਿਰਗੁ ਨ ਮਾਰੀਐ ਢੋਇ ਨਹੀ ਦਰਬਾਰਿ॥ ਨਿਗੁਰੇ ਖੇਤ ਨਾਉ ਬਰਨ ਚਰਦਾ ਮੰਝਿ ਸਬਾਰਿ॥ਤੀਨ ਲੋਕ ਚਉਦਹ ਭਵਨ ਏਹੁ ਖੇਲੈ ਮਿਰਗੁ ਸਿਕਾਰਿ॥ ਸੁਰਿ ਨਰ ਮੁਨਿ ਜਨ ਸਭ ਠਗੇ ਹਾਰਿ ਚਲੇ ਸੰਸਾਰਿ॥ ਕਿਨੈ ਵਿਰਲੈ ਗੁਰਮੁਖਿ ਮਾਰਿਆ ਗੁਰਸਬਦੀ ਵੀਚਾਰਿ॥ ਖਰੇ ਸੁਖਾਲੇ ਲੰਘੀਅਨ ਨਾਨਕ ਭਵਜਲਿ ਪਾਰਿ।। ਵੈਸਾਖੁ ਸੁਹਾਵਾ ਤਿਨਾ ਕਉ ਜਿਨਾ ਨਾਵੈ ਨਾਲਿ ਪਿਆਰੁ॥੨

ਜੇਠ ਅਜੱਪਾ ਜਾਪੁ ਜਪਹੁ ਗੁਰ ਮਿਲਿ ਪਾਵਹੁ ਰੰਗੁ॥ ਸੋਲਹ ਕਲਾ ਸਪੂਰਨਾ ਜੇ ਬਾਰਹ ਰਾਖਹੁ ਅੰਗਿ।। ਸਿਵ ਸ਼ਕਤੀ ਘਰਿ ਏਕ ਆਣਿ ਤਾ ਨਿਰਭਉ ਮਿਲੈ ਨਿਸੰਗਿ॥ ਗੁਰਸਬਦੀ ਘਟਿ ਚਾਨਣਾ ਪ੍ਰਭੁ ਜਾਨਿਆ ਸ਼ਬ ਸੰਗਿ।। ਏਕਤ ਘਰਿ ਬਾਸਾ ਕੀਆ ਦਾਦਰ ਘਰੁ ਭੁਇਅੰਗਿ।। ਗੁਰਮਤੀ ਮਨ ਠਾਹਰੇ ਤਾ ਸਭ ਮਿਟਹਿ ਤਰੰਗ।। ਵਿਣ ਨਾਵੈ ਜੋ ਮੰਗਣਾ ਸਭ ਕੂੜੀ ਹੈ ਮੰਗਿ॥ ਨਾਨਕ ਸੋਈ ਮੰਗੀਐ ਜੋ ਭੂਲਿ ਨ ਆਵੈ ਤੰਗਿ।। ਜੇਠ ਸੁਹਾਵਾ ਤਿਨਾ ਕਉ ਜਿਨਾ ਖਸਮੈ ਨਾਇ ਨ ਭੰਗੁ॥੩।।

ਅਖਾੜੁ ਅਖੇ ਨਿਧਿ ਨਾਮੁ ਹਰਿ ਗੁਰਮੁਖਿ ਪੀਵਹੁ ਝੋਲਿ॥ ਜਿਨਾ ਹਰਿ ਰਸੁ ਪਾਇਆ ਤੇ ਕਹਾ ਸਣਾਵਹਿ ਬੋਲਿ॥ ਜਗ ਮਹਿ ਹੰਢਹਿ ਸਹਜਿ ਰੰਗਿ ਤਿਨਾ ਹੰਸਾ ਸੰਦੀ ਜੋਲਿ॥ ਚੋਗ ਚੁਗਹਿ ਮਾਣਕ ਨਿਤ ਬਾਸਾ ਨੀਰ ਅਡੋਲਿ॥ ਨਾਲਿ ਅਤੋਲੈ ਮਿਲਿ ਰਹੇ ਕੋਇ ਨ ਸਾਕੈ ਤੋਲਿ॥ ਹਰਿ ਚਰਣੀ ਮੁਨ ਬੇਧਿਆ ਤਿਥੈ ਭਇਆ ਅਮੋਲ॥ ਕਰਿ ਕਿਰਪਾ ਗੁਰ ਬਖਸਿਆ ਸਿਰ ਪਉ ਨਾਮ ਤੰਬੋਲ॥ ਨਾਨਕ ਆਖੈ ਮੇਲਿ ਮੈ ਤਾ ਪਾਣੀ ਪੀਵਾ ਘੋਲਿ॥ ਅਸਾੜੁ ਸੁਹਾਵਾ ਤਿਨਾ ਕਉ ਜਿਨਾ ਰਾਮ ਨਾਮ ਸਿਰ ਗੋਲਿ॥

ਸਾਵਣਿ ਵਰਖਾ ਗੁਰਮੁਖੀ ਸਟਹਿ ਨੀਰੁ ਉਲਟਿ॥ ਗਗਨ ਕਿਆਰੀ ਨੀਰੁ ਧਰਿ ਸਿੰਜਹਿ ਸਾਧ ਚਪਟਿ॥ ਨਉ ਲਖ ਉਲਟੈ ਸਰ ਚਲਹਿ ਮੂਲਿ ਨ ਆਵੈ ਸਟ॥ ਇਤ ਮਾਰਗਿ ਜੇ ਕੋ ਚਲੈ ਤਿਸੁ ਮਿਲਿਆ ਗੁਰ ਪਰਗਟਿ॥ ਸਾਖ ਨਿਮਾਣੀ ਤਿਨਾ ਦੀ ਜੋ ਜਾਣਿਆ ਨਾਹੀ ਝਟਿ॥ ਨੀਰ ਮਿਲੈ ਖੇਤੀ ਹਰੀ ਕਦੀ ਨ ਹੋਵੈ ਘਟਿ॥ ਧੰਧਾ ਸਗਲ ਵਿਸਾਰਿਆ ਉਹਿਰ ਤੇ ਉਹੀ ਖਟਿ॥ ਨਾਨਕ ਨਿਗੁਰੇ ਬਹੁ ਦੁਖੀ ਜਿਨ ਭਰਿ ਲਦੀ ਛਟ॥ ਸਾਵਣਿ ਤਿਨਾ ਸੋਹਾਗਣੀ ਪਿਰੁ ਅੰਦਰਿ ਬਾਹਰਿ ਪਟਿ॥5॥

ਭਾਦ੍ਰ ਵਿਭਉਤਾ ਖੰਡੀਐ ਜਾ ਨਿਰਭਉ ਵਸੈ ਮਨਿ ਆਇ॥ ਭੀੜੈ ਥਾਇ ਉਹੁ ਉਪਕਰੈ ਦੇਹ ਥੀ ਲਏ ਛਡਾਇ॥ ਜਿਥੈ ਸਾਕ ਸੈਨ ਸਭਿ ਮੁਕਰਨਿ ਓਥੈ ਕੀਮਤਿ ਪਾਇ॥ ਜੇ ਲੜਹਿ ਸੁਖੁ ਸਦਾ ਸਦਾ ਗੁਰ ਸਬਦੀ ਚਿਤੁ ਲਾਇ॥ ਗਹਿਓ ਥਤੈ ਚਲਣਾ ਦਰਗਹਿ ਮਿਲੈ ਸਜਾਇ॥ ਗੁਰ ਸਬਦੀ ਅਸਥਿਰੁ ਭਏ ਤਿਨਾ ਮਿਲੀ ਕਵਾਇ॥ ਆਇਆ ਦਾਸੀ ਹੋਇ ਰਹੀ ਪੈਰ ਪਰਾਵੈ ਧਾਇ॥ ਨਾਨਕ ਕੀ ਅਰਦਾਸ ਸੁਣਿ ਉਤੇ ਸੰਗ ਮਿਲਾਇ॥ ਭਾਦਰੋਂ ਤਿਨਾਂ ਸੁਹਾਗਣੀ ਜੁ ਚਲਹਿ ਗੁਰ ਕੈ ਭਾਇ॥ 6॥

ਅਸੁਨਿ ਆਮਾ ਦੂਰਿ ਕਰਿ ਮਨਿ ਰਾਖਹੁਇਕ ਆਸ॥ ਬਹੁਤੀ ਆਸਾ ਜੋ ਕਰਹਿ ਤੇ ਜੀਅ ਖਰੇ ਉਦਾਸ॥ ਨਾਮ ਬਿਹੂਣਾ ਮਤੁ ਕਰਹੁ ਕੋਈ ਅਪਣਾ ਸਾਸੁ॥ ਦੂਜੈ ਭਾਇ ਵਿਗੁਚਣਾ ਕਿਉਂ ਕਾਰਜੁ ਆਵੈ ਰਾਸਿ॥ ਅਵਗੁਣ ਛੋਡਹੁ ਗੁਣ ਕਰਹੁ ਜੀਅ ਵਿਚਿ ਰਾਖਹੁ ਤ੍ਰਾਸ॥ ਗੁਰ ਸਬਦੀ ਅਜਰਜ ਰਹੁ ਮੂਲਿ ਨਾ ਕਢਹੁ ਭਾਜ॥ ਨਾਰੀ ਤੇ ਵਡਭਾਗਣੀ ਸੋਹਨਿ ਖਸਮੈ ਪਾਸਿ॥ ਉਤੇ ਸੰਗਿ ਮਿਲਾਇਮੈ ਨਾਨਕ ਕੀ ਅਰਦਾਸਿ॥ ਅਸੁਨਿ ਆਸਾ ਪੂਰੀਆ ਜੇ ਮਨੁ ਹੋਵੈ ਰਾਸਿ॥ 7॥

ਕਤਕਿ ਕਦੇ ਨ ਵਿਸਰੈ ਸਚਾ ਜਿਸਦਾ ਨਾਉ।। ਨਾਇ ਵਿਸਾਰਿਐ ਨਾ ਮਿਲੈ ਸਚੀ ਦਰਗਾਹ ਥਾਉ।। ਜਿਨੀ ਨਾਮੁ ਧਿਆਇਆ ਤਿਨਾ ਤਉ ਬਲਿ ਜਾਉ।। ਲਾਗਿ ਲਗੀ ਮਨੁ ਰੰਗਿਆ ਰਤੇ ਸਹਜਿ ਸੁਆਉ।। ਜੋ ਪਰਚੈਤੇ ਮਿਲਿ ਰਹੇ ਅਣਪਰਚੇ ਕਰਹਿ ਗੁਆਉ।। ਦਰਸਾਰੇ ਕੀ ਟੇਕ ਮੈ ਦੂਜੈ ਕੀ ਧਰਿ ਜਾਉ।। ਧੂੜਿ ਤਿਨਾ ਦੀ ਉਧਰਨਿ ਬਹੁਤੈ ਨਗਰ ਗਿਰਾਉ।। ਨਾਨਕ ਖਸਮੈ ਬਾਹਰੇ ਕਦੇ ਨ ਦੇਖਨਿ ਛਾਉ।। ਕਤਕੁ ਤਿਨਾ ਸੁਹਾਵਣਾ ਜਿਨਾ ਵਸਿਆ ਸਚਾ ਨਾਉ।।੪।।

ਮਘਰਿ ਮਨੁ ਨਿਰਮਲੁ ਕਰਹੁ ਪਛਮ ਪੈਂਡਿ ਚੜਾਇ।। ਤਹ ਨਿਰਮਲੁ ਸਾਗਰੁ ਬ੍ਰਹਮ ਜਲੁ ਪੰਖੀ ਕਰੇ ਸੁਆਇ। ਮੁਕਤਾ ਹਲ ਊਹਾ ਚੋਗਿ ਹੈ ਚੁਗਿ ਚੁਗਿ ਰਹੇ ਸਮਾਇ।। ਜਨਮੁ ਸੁਵਾਰੇ ਆਪਣਾ ਬਹੁਤੇ ਲੈਹਿ ਛਡਾਇ।। ਮਿਰਤਕੁ ਹੋਵੈ ਹਰਿ ਭਜੰਤਾ ਮੜਾ ਕਾਲਕ ਉਖਾਇ।। ਵਿਣੁ ਖੰਡੇ ਸੰਗ੍ਰਾਮੁ ਹੈ ਗੁਰਸਬਦੀ ਸੋਝੀ ਪਾਇ।। ਗਲਾ ਕਰਨਿ ਨਾ ਚਲਨੀ ਕਿਉ ਨਗਰਿ ਪਹੁਚਹਿਆਇ। ਨਾਨਕ ਛਪੇ ਨਰ ਹਨਿ ਜਿਨਾ ਮਿਲਿਆ ਹਰਿ ਰਾਇ।। ਮੰਘਰਿ ਤਿਨਾ ਸੁਹਾਵਣਾ ਜੋ ਰਤੇ ਇਕਤੇ ਸੁਆਇ।।੯

ਪੋਹਿ ਪੰਖੇਰੂ ਉਡਰੇ ਚੁਗੀ ਚੋਗ ਘਣੀ।। ਦਰ ਘਰ ਮਹਲਤ ਦੁਨੀ ਦੇ ਛਡੇ ਸਭ ਮਣੀ। ਹੋਦੇ ਬੀਜਿ ਨਾ ਬੀਜਿਓ ਕੇਹਾ ਦੇ ਸੁ ਧਣੀ।। ਵਿਣੁ ਬੀਜੇ ਪਲੈ ਨਾ ਪਵੈ ਮਾਸਾ ਰਤੀ ਕਣੀ।। ਗੁਰ ਮਿਲਿਐ ਨਾਮੁ ਅਰਾਧੀਐ ਸੰਗਤਿ ਭਲੀ ਬਣੀ।। ਐਦੂ ਬਾਵਹੁ ਘੁਥਿਆ ਰੋਵਹਿ ਮੰਝਿ ਵਣੀ।। ਪੇਟਾ ਕਤਿ ਨ ਸਕਿਓ ਤਾਣੀ ਰਹੀ ਤਣੀ।। ਨਰ ਨਾਰੀ ਜਿਨਾ ਚੀਨਿਆ ਨਾਨਕ ਭਾਗ ਮਣੀ।। ਪੋਹ ਸੁਹਾਵਾ ਤਿਨਾ ਕਉ ਜਿਨਿ ਏਕਾ ਗਣਤ ਗਣੀ।। 10।।

ਮਾਘਿ ਮਹਾਖਲੁ ਨਿਤਕਰਹੁ ਮਨ ਸੇਤੀ ਸੰਗ੍ਰਾਮੁ।। ਮਨਜੀਤੇ ਸੁਖੁ ਪਾਈਐ ਸੁਖ ਧਰਮਿ ਹੋਇ ਬਿਸ੍ਰਾਮੁ।। ਅਵਗਣ ਥਾਉ ਨ ਪਾਇਕੀ ਜਪਿ ਘਟਕੇ ਵਲ ਨਾਮੁ।। ਨਾਮਿ ਵਿਹੂਣੇ ਆਦਮੀ ਕਿਤੈ ਨ ਆਵਹਿ ਕਾਮ।। ਗੁਰਮੁਖਿ ਛਾਵਾ ਨਿਤ ਲਹਨਿ ਮਨਮੁਖ ਸਹਦੇ ਘਾਮ।। ਸਉਦਾ ਹਾਟੀ ਸੋ ਲਹਨਿ ਜਿਨਾ ਪਲੈ ਦਾਮ।। ਹਰਿ ਸੇਤੀ ਚਿਤੁ ਲਾਈਐ ਤਾ ਮਾਇਆ ਕਰੇ ਕਿਆਮੁ।। ਨਾਨਕ ਗੁਰੂ ਅਰਾਧੀਐ ਸਦਾ ਕਰਹੁ ਪਰਨਾਮੁ।। ਮਾਘੁ ਸੁਹਾਵਾ ਤਿਨਾ ਕਉ ਜਿਨਾ ਹਿਰਦੈ ਏਕੋ ਨਾਮੁ।। 11।।

ਫਲਗੁਣਿ ਫੇਰਾ ਨਿਤ ਕਰਹੁ ਕਾਇਆ ਖੇਤੀ ਮੰਝਾਰ॥ ਮਿਰਗ ਚਰੰਦੇ ਠਾਕੀਅਨਿ
ਗੁਰਸਬਦੀ ਵੀਚਾਰਿ॥ ਗੁਰ ਭਉਜਲ ਦਾ ਬੋਹਥਾ ਪਾਰਿ ਉਤਾਰਣਿ ਹਾਰੁ॥ ਗੁਰ ਦੈ
ਬੇੜੈ ਨਾ ਚੜਿx ਚੜਨਿ ਨਾ ਉਰਵਾਰਿ ਨ ਪਾਰਿ॥ ਗੁਰਿ ਸਭਨਾ ਕਉ ਆਖਿਆ
ਬਾਰੋ ਬਾਰ ਪੁਕਾਰਿ॥ ਸੁਣਨਿ ਸੁਣਾਇਨਿ ਨਾ ਕਰਨਿ ਛੋਇ ਨਹੀ ਦਰਬਾਰਿ॥
ਰਸ ਕਸ ਖਾਨਿ ਨਾ ਜਰਿ ਸਕਨਿ ਸੇਤ ਨ ਹੋਹਿ ਖੁਆਰੁ॥ ਨਾਨਕ ਮਿਰਤਕ ਹੋਇ
ਰਹੇ ਤਿਨ ਡੇਰਾ ਅੰਦਰਿ ਵਾਰਿ॥ ਫਲਗੁਣੁ ਸੁਹਾਵਾ ਤਿਨਾ ਕਉ ਜੋ ਜੀਤਿ ਚਲੇ ਸੰਸਾਰਿ॥ 12॥

ਸਭੇ ਮਾਹ ਸੁਹਾਵਣੇ ਜਾ ਘਰਿ ਆਇਆ ਪੀ ॥ ਮੈ ਸਤਸੰਗਤਿ ਧਨੁ ਗਡਿਆ ਸਭ
ਦੁਖ ਤਿਆਗੇ ਜੀਅ॥ ਬਾਰਹ ਉਲਟੈ ਫਿਰਿ ਭਰੈ ਸੋਲਹ ਸਿਉ ਸੰਜੋਗੁ॥ ਸ਼ਿਵ ਸਕਤੀ
ਘਰਿ ਏਕਤੇ ਨਾਨਕ ਪੂਰਾ ਜੋਗੁ॥ ਇਹੁ ਮਾਰਗ ਬੈਰਾਗੁਪਦੁ ਜਿਨਿ ਪਾਇਆ ਤੇ ਧੰਨ॥
ਮਨਕੀਆ ਲਹਰੀ ਮੇਟੀਆਂ ਘਟਿ ਰਖਿਆ ਬ੍ਰਹਮੁ ਰਤੰਨ॥ ਜਾਇ ਚੜੇ ਤਿਤੁ ਬਿਖਮ
ਗੜ ਮਾਤੇ ਸਦਾ ਖੁਮਾਰਿ॥ ਦਿਨ ਅਰੁ ਰੈਣਿ ਬਰਾਬਰੀ ਨਾਨਕ ਲਾਗੀ ਤਾਰ॥
ਜਿਨਿ ਪਾਇਆ ਤਿਨਿ ਛਪਿਆ ਜੈਸੇ ਸੀਪ ਸਮੁੰਦ॥ ਬੂੰਦ ਪੜ ਮੁ ਮਨੁ ਮਾਨਿਆ ਸਹਜਿ
ਰਹੇ ਮੁਖ ਮੁੰਦ॥ 13॥ 7।

*****

* ਇਹ ਬਾਰਾਮਾਹ 'ਹਰੀਆ' ਨਾਉਂ ਦੇ ਕਿਸੇ ਵਿਅਕਤੀ ਦੀ ਰਚਨਾ ਹੈ ਜੋ ਇਕ ਹਥਲਿਖਤ ਪੋਥੀ ਵਿਚ ਮੌਜੂਦ ਹੈ। ਇਹ ਪੋਥੀ ਬਾਬਾ ਜਗਜੀਤ ਸਿੰਘ ਭੈਣੀ ਵਾਲਿਆਂ ਪਾਸੋਂ ਪ੍ਰਾਪਤ ਹੋਈ ਹੈ।

12. ## ਬਾਰਾਮਾਹ ਨਰਸੀ ਭਗਤ ਕਾ*

ਚੇਤ: ਚੇਤ ਚਿੱਤ ਵਿਚ ਚੇਤ ਉਸਨੂੰ ਜਿਸਨੂੰ ਸੇਵਨ ਸਾਰੇ, ਕੂਟਾਂ ਚਾਰੇ।
ਤੇਤੀ ਕਰੋੜ ਜਿਸ ਕੀਆ ਦੇਵਤਾ, ਸੂਰਜ ਚੰਦਰਮਾ ਤਾਰੇ, ਵੇਦ ਉਚਾਰੇ।
ਸਾਤ ਦੀਪ ਨੌਖੰਡ ਜੋ ਕੀਨੇ ਰਿਖੀਸੁਰ ਭਾਰੇ, ਨਿਆਰੇ ਨਿਆਰੇ।
ਲਾਲ ਜੀ ਦਾਸ ਕਰੈ ਸਾਧ ਬੈਰਾਗੀ ਰਾਮ ਚਰਨ ਚਿਤ ਧਾਰੇ , ਠਾਕਰ ਦੁਆਰੇ।

ਬੈਸਾਖ: ਬੈਸਾਖ ਲਾਜ ਭਗਤਾਂ ਦੀ ਰਖਦਾ ਜੁਗ ਜੁਗ ਹੋ ਸਹਾਈ, ਧਾਦੇਰਾਈ।
ਨਾਮੇਂ ਭਗਤ ਤੇ ਭੀੜ ਬਣੀ, ਮੋਈ ਧੈਨ ਜਿਵਾਈ, ਕਲਾ ਦਿਖਾਈ।
ਰਵਿਦਾਸ ਭਗਤ ਤੇ ਪਾਪੀ ਗਨਿਕਾ ਜਗਤੀ ਬੰਧ ਛਡਾਈ , ਦੇਰ ਨਾ ਲਾਈ।
ਲਾਲ ਜੀ ਦਾਸ ਕਹੈ ਬੈਰਾਗੀ ਤਾਰਿਓ ਸਦਨਾ ਮੀਰਾਬਾਈ।

ਜੇਠ: ਜੂਨਾ ਗੜ੍ਹ ਨਗਰੀ ਦੇ ਅੰਦਰ ਭਗਤ ਹੋਇਆ ਇਕ ਨਰਸੀ, ਸੇਵਾ ਕਰਸੀ।
ਤੀਰਥ ਬਾਸੀ ਦੋ ਸਾਧ ਚਲੇ ਹੈਂ ਪਾਸ ਉਨ੍ਹਾਂ ਦੇ ਜ਼ਰ ਸੀ, ਕਿਥੇ ਧਰਸੀ।
ਜਾਏ ਨਗਰ ਵਿਚ ਪ੍ਰਾਪਤਿ ਹੋਏ ਲਭ ਲਿਆ ਉਸਦਾ ਘਰ ਸੀ, ਮੂਰਤ ਪਰਸੀ।
ਲਾਲ ਜੀ ਦਾਸ ਕਹੈ ਸਾਧ ਬੈਰਾਗੀ ਅਗਲੇ ਸਿਰ ਪਰ ਤਰਸੀ, ਹੁੰਡੀ ਧਰਸੀ।

ਹਾੜ: ਹਾੜ ਹੋਰ ਕੋਈ ਸ਼ਾਹ ਭਾਲ ਲਓ ਨਰਸੀ ਕਿਹਾ ਬੁਲਾ ਕੇ, ਸੀਸ ਨਿਵਾਕੇ।
ਮੈਂ ਗੁਰੀਬ ਅਨਾਥ ਬਿਚਾਰਾ ਧਰੋ ਦਰਬ ਕਹੀਂ ਜਾ ਕੇ, ਮਨ ਪਤੀਆਕੇ॥
ਜਾ ਨਗਰ ਕਿਤੇ ਹਾਸੀ ਕਰੀ ਭੇਜਿਆ ਤੁਮੈਂ ਸਿਖਾਕੇ ਤੇ ਭਰਮਾਕੇ।
ਲਾਲ ਜੀ ਦਾਸ ਕਹੈ ਸਾਧ ਬੈਰਾਗੀ ਆਈ ਓ ਭੋਜਨ ਪਾਕੇ, ਤ੍ਰਿਖਾ ਬੁਝਾਕੇ।

ਸਾਵਣ: ਸਾਵਣ ਸਕਲ ਨਗਰ ਸਭ ਪਰਸੇ ਦਿਸੈ ਤੁਮਰਾ ਦੁਆਰਾ ਸਾਹੂਕਾਰਾ।
ਇੱਕ ਹੁੰਡੀ ਮੋਹਿ ਲਿਖ ਦੀਜੇ ਕਰੀਓ ਕਾਜ ਹਮਾਰਾ, ਸੁਆਰਥ ਭਾਰਾ।
ਕਾਗਜ਼ ਕਲਮ ਦਵਾਤ ਹਥ ਲੀਨੀ ਹਿਰਦੇ ਬੈਠ ਵਿਚਾਰਾ ਮਨ ਵਿਚ ਧਾਰਾ।
ਹੁੰਡੀ ਕੀਨੀ ਸਾਵਲ ਸ਼ਾਹ ਪਰ ਲੈ ਟੁਰਿਆ ਵਣਜਾਰਾ ਸਾਧ ਵਿਚਾਰਾ।

ਭਾਦਰੋਂ: ਭਾਦਰੋਂ ਭ੍ਰਮਣ ਕਰਦੇ ਸਾਧੂ ਸਭ ਤੀਰਥ ਪਰਸਾਏ ਮਨ ਵਿੱਚ ਲਾਏ।
ਬਦਰੀ ਨਾਥ ਤੇ ਕਾਂਸ਼ੀ ਪੁਰੀ ਵਿਚ ਕਰਨ ਮੁਕਾਮ ਸੁਆਏ, ਦੇਰ ਨਾਂ ਲਾਏ।
ਫਲਗੂ ਤੇ ਗਿਆ, ਜਗਨਨਾਥ ਵਲ ਧਾਏ ਨਹੀਂ ਅਟਕਾਏ।
ਲਾਲ ਜੀ ਦਾਸ ਕਹੈ ਸਾਧ ਬੈਰਾਗੀ ਨਗਰ ਦੁਆਰਕਾ ਆਏ, ਰਾਹ ਪੁਛਾਏ।

ਅੱਸੂ: ਅੱਸੂ ਆਸ ਲੱਗ ਰਹੀ ਹੁੰਡੀ ਦੀ ਕਰਦੇ ਮੰਜ਼ਲਾਂ ਭਾਰੀ, ਬਹੁਤ ਕਰਾਰੀ।
ਨਗਰ ਦੁਆਰਕਾ ਆਏ ਜੋ ਪਹੁੰਚੇ ਦਿਲ ਵਿੱਚ ਬਾਤ ਵਿਚਾਰੀ, ਮਨ ਮੈ ਧਾਰੀ।
ਸਾਵਲ ਸ਼ਾਹ ਦੀ ਹੱਟ ਜੋ ਪੁਛੱਦਾ ਕੋਈ ਨਾਂ ਦਸੇ ਬਪਾਰੀ ਤੇ ਘਰਬਾਰੀ।
ਲਾਲ ਜੀ ਦਾਸ ਕਹੈ ਉਨ ਸੰਤਨ ਕੀ ਗਈ ਦਰਵਬੁਧ ਮਾਰੀ, ਹੋਸ਼ ਗਈ ਸਾਰੀ।

ਕਤੱਕ: ਕਤੱਕ ਕਰਨ ਦਲੀਲਾਂ ਸਾਧੂ ਰਾਤ ਦਿਨੈ ਵਿਚ ਮਨਦੇ, ਮਾਰੇ ਧਨ ਦੇ।
ਖਾਣ ਮੂਰਛਾ ਹੋਣ ਵਿਆਕੁਲ ਸੁਧ ਨ ਰਹੀ ਵਿਚ ਤਨ ਦੇ, ਹੋਸ਼ ਬਦਨ ਦੇ।
ਸਾਵਲ ਸ਼ਾਹ ਨੇ ਆਣ ਬੁਲਾਏ ਪਈ ਬਲੈਲ ਵਿਚ ਕੰਨ ਦੇ, ਉਹ ਬੰਨਦੇ।
ਕਾਗ਼ਜ਼ ਦੀਜੋ ਦਮ ਭਰ ਲੀਜੋ ਚਾਹੀਏ ਤੁਮ ਜਿਸ ਸੰਨ ਦੇ ਸ਼ਾਹ ਪਰਖਣ ਦੇ।

ਮਘੱਰ: ਮਘੱਰ ਮਿਹਰ ਮੇਰੇ ਪਰ ਕੀਜੋ, ਹੁੰਡੀ ਹਮਕੋ ਦੀਜੋ ਦਮੜੇ ਲੀਜੋ।
ਬਹੁਤ ਸਨਾਂ ਦੇ ਰੱਖੇ ਤੋੜੇ ਵਿਚ ਦੌਲਤ ਭੀਜੋ ਚੂਨਾਂ ਛੀਜੋ।
ਨਰਸੀ ਹਮਰਾ ਸ਼ਾਹ ਹੈ ਜੋ ਦਿਆ ਜਗਤ ਪਰ ਕੀਜੋ ਮੈਂ ਪਰ ਰੀਝੋ।
ਲਾਲ ਜੀ ਦਾਸ ਕਹੋ ਨਰਸੀ ਭਗਤ ਕੀ ਹੁੰਡੀ ਹਮ ਪਰ ਕੀਜੋ ਨਾਮ ਲਿਖ ਦੀਜੋ।

ਪੋਹ: ਪੋਹ ਪਚੀਸ ਸਭ ਤੀਰਥ ਸਾਧੂ, ਕਾੜ੍ਹ ਜੂਨਾਂ ਵਲ ਆਏ ਨਹੀਂ ਅਟਕਾਏ।
ਦੇਖ ਸਕਲ ਸਾਧੂ ਤਬ ਨਰਸੀ ਭੀਤਰ ਨੂੰ ਛੁਪ ਜਾਏ ਧੋੜ੍ਹ ਜੋ ਖਾਏ।
ਸਾਧੂ ਨਰਸੀ ਨੂੰ ਇਉਂ ਉਠ ਬੋਲੈ ਦਮੜੇ ਹਮ ਸਭ ਪਾਏ ਲੀਏ ਸਵਾਏ।
ਲਾਲ ਜੀ ਦਾਸ ਕਹੈ ਸਾਧ ਬੈਰਾਗੀ ਦਾਸਨ ਪ੍ਰਭੂ ਕੇ ਪਾਏ ਪਾਪ ਮਿਟਾਏ।

ਮਾਘ: ਮਾਘ ਮਹਾਤਮ ਦੇ ਵਿਚ ਲਿਖਿਆ ਭਗਤ ਹੋਈ ਹੁਣ ਕੇਤੀ ਬਾਤ ਪੁਛੇਤੀ।
ਗੁਰ ਨਾਨਕ ਤੇ ਭਗਤ ਕਬੀਰ ਮੂਲ ਨਾਮ ਦੇ ਭੇਤੀ ਅਮਲਾਂ ਸੇਤੀ।

ਨਾਮ ਪਾਪ ਨੂੰ ਯੂੰ ਕਟ ਸੁਟੇ ਜਿਉਂ ਲੋਹੇ ਕੋ ਰੇਤੀ ਕਟਦੀ ਛੇਤੀ।
ਲਾਲ ਜੀ ਦਾਸ ਕਹੇ ਠਾਕੁਰ ਧੀਨੈ ਦਾ ਕਰੋੜ ਦੇਵਤਾ ਤੇਤੀ ਤੋੜਵੇ ਖੇਤੀ।

ਫਗੌਣ: ਫਗੌਣ ਫੁੱਡਰਵੇਲ ਚਵੇਲੀ ਲਾਚੀਆਂ ਲੌਂਗ ਸਪਾਰੀ ਭੇਟ ਤੁਮਹਾਰੀ।
ਸਭ ਸਖੀਆਂ ਫਿਰ ਨਾਲ ਕ੍ਰਿਸ਼ਨ ਦੇ ਭਰ ਮਾਰਨ ਪਿਚਕਾਰੀ ਕੇਸਰ ਡਾਰੀ।
ਅਤਰ ਅਬੀਰ ਗੁਲਾਲ ਉਡਤ ਹੈ ਹੋਲੀ ਹੋ ਰਹੀ ਭਾਰੀ ਤੇ ਇਕ ਵਾਰੀ।
ਲਾਲ ਜੀ ਦਾਸ ਗੜ੍ਹ ਜੂਨਾਂ ਵਾਲਾ ਡਿਗਿਆ ਸਰਨ ਤੁਮਾਰੀ ਕ੍ਰਿਸ਼ਨ ਮੁਰਾਰੀ।

******

* ਲਾਲ ਜੀ ਦਾਸ, ਬਾਰਾਂਮਾਹ ਨਰਸੀ ਭਗਤ ਕਾ, ਭਾਈ ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

## 13. ਬਾਰਾਮਾਹ ਸ੍ਰੀ ਗੁਰੂ ਨਾਨਕ ਕਾ*

ਕਤੌਂ ਕ: ਕਤੱਕ ਪੂਰਨਮਾਸ਼ੀ ਸ੍ਰੀ ਗੁਰੂ ਨਾਨਕ ਜਨਮ ਲੀਆ।
ਕੁੱਲ ਬੇਦੀ ਘਰ ਕਾਲੂ ਸਭਨ ਮਿਲ ਮੰਗਲ ਚਾਰ ਕੀਆ।
ਦੇਵਨ ਮਿਲ ਫੁਲੱਨ ਬਰਖਾਈ।
ਭਇਓ ਜਗਤ ਮੈ ਕਾਰ ਪ੍ਰਗਟਿਓ ਸੰਤਨ ਸੁਖਦਾਈ।
ਕੁੱਲ ਹਾਲ ਨਰ ਨਾਰ ਕੀਆ।
ਕਲ ਤਾਰਨ ਭਗਵਾਨ ਬਿਸ਼ਨ ਨਾਨਕ ਅਵਤਾਰ ਲੀਆ।। ੧।।

ਮਘੱਰ: ਮੱਘਰ ਮਹਿਤਾ ਕਾਲੂ ਜੀ ਘਰ ਪੰਡਤ ਬੁਲਵਾਏ।
ਹਾਥ ਜੋੜ ਕਰ ਭੇਟ ਧਰੀ ਚਰਨਨ ਪਰ ਸਿਰ ਨਾਏ।
ਬਾਲਕ ਗ੍ਰਿਹਿ ਆਜ ਭਇਓ ਮੇਰੇ।
ਪੰਡਿਤ ਸੁਨ ਕਰ ਬਾਤ ਬਿਚਾਰ ਧੰਨ ਭਾਗ ਤੇਰੇ।
ਪੰਡਿਤ ਕੋ ਅਤਿ ਆਨੰਦ ਕੀਆ।
ਕਲ ਤਾਰਨ ਭਗਵਾਨ ਬਿਸ਼ਨ ਅਵਤਾਰ ਲੀ।। 2।।

ਪੋਹ: ਪੋਹ ਪੱਤਰੀ ਪੰਡਤ ਦੇਖੀ ਸ਼ੁਭ ਲਗਨ ਪਾਇਉ।
ਸੁਭ ਨਛੱਤਰ ਤੇ ਲਗਨ ਮਹੂਰਤ ਅਤਿ ਹੀ ਸੁਭ ਪਾਇਓ।
ਤੇਰੇ ਗ੍ਰਿਹਿ ਹਰ ਜੀ ਆਪ ਆਏ।
ਸੰਭੂ ਜਾ ਕੋ ਧਿਆਨ ਧਰੇ ਕਹਿ ਬੇਦ ਨੇਤ ਗਾਏ।
ਸੋਮ ਸੁਖ ਨੂਤਨ ਨਾਮ ਲੀਆ।
ਕਲ ਤਾਰਨ ਭਗਵਾਨ ਬਿਸ਼ਨ ਨਾਨਕ ਅਵਤਾਰ ਲੀਆ।। 3।।

ਮਾਘ: ਮਾਘ ਮੁੱਲਾਂ ਦੇ ਪਾਸ ਪਿਤਾ ਨਾਨਕ ਪੜ੍ਹਨੇ ਪਾਏ।
ਸਭ ਲੜਕਨ ਕੋ ਸਤਿਨਾਮ ਕਾ ਮੰ ਤ੍ਰ ਸਿਖਲਾਏ।
ਮੁੱਲਾਂ ਤੈਂ ਮੁਸੱਲਾ ਕੀ ਪੜ੍ਹਿਆ।
ਖੁਦ ਖੁਦਾਈ ਕਾ ਰਾਹ ਨ ਜਾਨਿਆ ਲਹਰ ਲੋਭ ਗਲਿਆ।

ਅਮਲ ਤੈ ਚੰਗਾ ਨਾ ਕੀਆ।
ਕਲ ਤਾਰਨ ਭਗਵਾਨ ਬਿਸ੍ਨ ਨਾਨਕ ਅਵਤਾਰ ਲੀਆ॥ 4॥

ਫਗੱਣ: ਫਗੱਣ ਫੇਰ ਪਿਤਾ ਕਾਲੂ ਨਾਨਕ ਕੋ ਸਮਝਾਣ॥
ਖੱਤਰੀ ਕੇ ਘਰ ਜਨਮ ਤੁਝੇ ਨਹੀਂ ਕਾਰ ਬਾਰ ਭਾਵੇ।
ਪਿਤਾ ਜੀ ਜੋ ਕੁਝ ਫਰਮਾਵੇ।
ਬੀਸ ਰੁਪਏ ਲੈ ਜਾਵੇ ਕੋਈ ਸੌਦਾ ਕਰ ਆਵੇ।
ਸੰਗ ਤਬ ਬਾਲੇ ਕਓ ਦੀਆ।
ਕਲ ਤਾਰਨ ਭਗਵਾਨ ਬ੍ਰਿਸ੍ਨ ਨਾਨਕ ਅਵਤਾਰ ਲੀਆ। 5॥

ਚੇਤ: ਚੇਤਰ ਚਲੇ ਗੁਰ ਨਾਨਕ ਜੀ ਬੀਚ ਬਨ ਮੇਂ ਆਏ।
ਬਹੁਤ ਦਿਨਾਂ ਕੇ ਬਾਅਦ ਕਈ ਸਾਧੂ ਬਨ ਮੇਂ ਆਏ।
ਕਹਯੋ ਤਬ ਸੁਨ ਭਾਈ ਬਾਲਾ।
ਇਹ ਸੌਦਾ ਹੈ ਲਾਭਵੰਤ ਅਬ ਕਰੀਏ ਤਤਕਾਲਾ।
ਅਹਾਰ ਤਬ ਸੰਤਨ ਕੋ ਦੀਆ।
ਕਲਿਤਾਰਨ ਭਗਵਾਨ ਬਿਸ੍ਨ ਨਾਨਕ ਅਵਤਾਰ ਲੀਆ। 6॥

ਵੈਸਾਖ: ਵੈਸਾਖ ਗਏ ਵਿਸ੍ਵਾਸ ਗ੍ਰਹਿ ਨਾਨਕ ਨਹੀਂ ਆਏ।
ਦੀਏ ਰੁਪਯੇ ਬੀਸ ਕਹੀਂ ਸਾਧੋਂ ਕੇ ਮੁੱਖ ਪਾਏ।
ਜਾਏ ਪਿਤਾ ਮਿਲਿਓ ਦੇ ਗਾਰੀ।
ਦੋ ਚਪੇੜ ਸੱਜੇ ਖੱਬੇ ਗੁਰ ਨਾਨਕ ਕੇ ਮਾਰੀ।
ਉਲਾਂਭਾ ਪੰਡਤ ਕੋ ਦੀਆ।
ਕਲਿ ਤਾਰਨ ਭਗਵਾਨ ਬਿਸ੍ਨ ਨਾਨਕ ਅਵਤਾਰ ਲੀਆ। 7।

ਜੇਠ: ਜੇਠ ਜੋੜ ਦੋ ਹਾਥ ਪਿਤਾ ਨਾਨਕ ਕੋ ਸਮਝਾਵੇ॥
ਬਾਰ ਬਾਰ ਕਹਿ ਰਿਹੂ ਕਿਉਂ ਮੁਝ ਕੋ ਕਲਪਾਵੇ।
ਖ਼ਬਰ ਤਬ 'ਰਾਇ ਬੁਲਾਰ' ਪਾਈ।
ਸਭ ਜਗ ਨਾਨਕ ਕਾ ਕੀਆ।
ਕਲ ਤਾਰਨ ਭਗਵਾਨ ਬਿਸ੍ਨ ਨਾਨਕ ਅਵਤਾਰ ਲੀਆ। 8।

ਅਹਾੜ: ਅਹਾੜ ਅਸਾਂ ਸ ਪਰ ਆ ਸ੍ਰੀ ਗੁਰੂ ਨਾਨਕ ਮਿਹਰ ਕਰੋ।
ਤੁਮ ਬ ਤੋ ਪਾਕ ਖੁਦਾਇ ਰਾਇ ਚਰਨਣ ਪਰ ਸੀਸ ਧਰੋਂ।
ਰਾਇ ਤੌਂ ਸਾਹਿਬ ਕਿਤ ਆਵੈ।
ਜਨਮ ਮਰਨ ਕਾ ਸੰਸਾ ਤੇਰਾ ਸਭ ਹੀ ਮਿਟ ਜਾਵੈ।
ਪੂਰਨ ਤਬ ਰਾਇ ਬੁਲਾਰ ਕੀਆ।
ਕਲਿ ਤਾਰਨ ਭਗਵਾਨ ਬਿਸ਼ਨ ਨਾਨਕ ਅਵਤਾਰ ਲੀਆ।9।

ਸਾਵਣ: ਸ੍ਰਾਵਣ ਸੀ ਸੁਲਤਾਨਪਰੇ ਗੁਰ ਨਾਨਕ ਹੱਟ ਪਾਇਓ
ਦੌਲਤ ਖਾਂ ਪਠਾਨ ਤੋਂਹਿ ਕੌਂ ਮੋਦੀ ਕਹਿਲਾਇਓ॥
ਨਵਾਬ ਕੇ ਬੱਡੇ ਭਾਗ ਜਾਗੇ।
ਮਿਟ ਗਏ ਸੋਗ ਸੰਤਾਪ ਜਬੀ ਗੁਰ ਚਰਨਨ ਮੈਂ ਲਾਗੇ।
ਨਵਾਬ ਕੇ ਖ਼੍ਵਾਜਾ ਖਿਜ਼ਰ ਕੀਆ।
ਕਲਿ ਤਾਰਨ ਭਗਵਾਨ ਬਿਸ਼ਨ ਗੁਰੂ ਨਾਨਕ ਅਵਤਾਰ ਲੀਆ। 10।

ਭਾਦ੍ਰੋਂ: ਭਾਦ੍ਰੋਂ ਭਏ ਉਦਾਸ ਗਵਨ ਗ੍ਰਹਿ ਲਾਲੋ ਕੇ ਆਏ।
ਸੁਨ ਸਤਿਗੁਰ ਕਾਨਾਮ ਲਾਲੋ ਜੀ ਆਗੇ ਉਠ ਧਾਏ।
ਲਾਲੋ ਤਬ ਚਰਨੀ ਆਣ ਪਏ।
ਲਾਲੋ ਕੋ ਪਲ ਮੈਂ ਨਿਹਾਲ ਕੀਆ।
ਕਲਿ ਤਾਰਨ ਭਗਵਾਨ ਬਿਸ਼ਨ ਨਾਨਕ ਅਵਤਾਰ ਲੀਆ। 11।

ਅੱਸੂ: ਅੱਸੂ ਆਏ ਸੁਮੇਰ ਗੋਸ਼ਟ ਸਿੱਧਨ ਸਿਉਂ ਕੀਨੀ।
ਸਿੱਧ ਭਰੇ ਅਹੰਕਾਰ ਗੁਰੂ ਸਭ ਸ਼ਕਤੀ ਖਿੱਚ ਲੀਨੀ।
ਸਿੱਧ ਤਬ ਚਰਨੀ ਆਣ ਪਏ ।
ਤੁਮ ਤੋ ਪੁਰਖ ਅਲੇਖ ਆਜ ਮੋਹਿ ਦਰਸ਼ਨ ਆਨ ਦਏ।
ਸਿਧਨ ਮਿਲ ਸਭ ਬ ਪਰਨਾਮ ਕੀਆ।
ਕਲਿਤਾਰਨ ਭਗਵਾਨ ਬਿਸ਼ਨ ਨਾਨਕ ਅਵਤਾਰ ਲੀਆ।

(ਇਤੀ)

* ਭਗਵਾਨ ਬਿਸ਼ਨ'ਬਾਰਾਂਮਾਹ ਸ੍ਰੀ ਗੁਰੂ ਨਾਨਕ ਜੀ ਕਾ, ਭਾਈ ਅਤਰ ਸਿਘ ,ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

## ਦੋ ਬਾਰਾਂਮਾਹੇ

14. ### ਪਹਿਲਾ ਬਾਰਾਂਮਾਂਹ

ਕ੍ਰਿਸ਼ਨ ਬਿਯੋਗ ਕ੍ਰਿਤ ਭਾਈ ਰਣਜੀਤ ਸਿੰਘ ਜੀ ਸਪੁਤ੍ਰ ਕੇਸਰ ਸਿੰਘ ਜੀ ਕੰਬੋਜ, ਪਿੰਡ ਨਬੀ ਪੁਰ , ਡਾ. ਪੱਟੀ, ਜ਼ਿਲਾ ਲਾਹੌਰ

ਪ੍ਰਕਾਸ਼ਕ

ਸੋਢੀ ਉੱਤਮ ਸਿੰਘ ਹਰਨਾਮ ਸਿੰਘ ਪੁਸਤਕਾਂ ਵਾਲੇ ਵ ਮਾਲਕ ਦੀ ਖ਼ਾਲਸਾ ਸ੍ਰੋਸ਼ਟ ਮਾਲਵਾ ਏਜੰਸੀ ਘੰਟਾ ਘਰ

ਅੰਮ੍ਰਿਤਸਰ

ਸਨਾਤਨ ਧਰਮ ਪ੍ਰੈਸ ਅੰਮ੍ਰਿਤਸਰ ਵਿੱਚ ਲਾਲਾ ਦੇਸ ਰਾਜ ਪ੍ਰਿੰਟਰ ਦੇ ਯਤਨ ਨਾਲ ਉੱਤਮ ਸਿੰਘ ਲਈ ਛਪਾ।

ਪਹਿਲੀ ਵਾਰ 1000 ਮੁੱਲ ਦੋ ਆਨੇ।

---

ੴ ਸਤਿਗੁਰ ਪ੍ਰਸਾਦਿ॥

ਬਾਰਾਂਮਾਹ ਸੁਆਮੀ ਬੋਧ ਸ਼ਾਮ ਕਾ॥

(ਇਕ ਚੇਤ ਮਹੀਨੈ ਕੇ ਅੰਤ ਮੈਂ ਹਰੇ ਔਰ ਕੁੜੇ ਦੋ ਪਦ ਜੈਸੇ ਲਿਖੇ ਹੈਂ ਤੈਸੇ ਸਭ ਮਹੀਨਿਆਂ ਕੇ ਅੰਤ ਮੈਂ ਨਹੀਂ ਲਿਖੈਂਗੇ। ਦੋਹਾਂ ਪਦੋਂ ਮੈਂ ਜੋ ਇਛਾ ਹੋਏ ਸੋ ਬੋਲ ਲੈਣਾ)

ਚੇਤ ਚਿਤ ਨਹੀਂ ਪ੍ਰੇਮ ਹਰੀ ਦਾ ਤਾਥੀਂ ਤਜੀ ਵਰਤਾਰ ਹਰੇ ਕੁੜੇ।
ਧਨ ਜੋਬਨ ਦੇ ਮਦ ਮੈਂ ਮਾਤੀ ਪ੍ਰੀਤ ਨਹੀਂ ਕਰਤਾਰ ਹਰੇ ਕੁੜੇ।
ਹਰੀ ਪ੍ਰੇਮ ਬਿਨ ਤੂੰ ਜਿੰਦ ਪਾਪਣ ਕੂੜ ਭੁਮੱਤੀ ਕੁਨਾਰ ਹਰੇ ਕੁੜੇ।
ਬੋਧ ਸ਼ਾਮ ਜਿੰਦ ਬਿਲਾ ਪ੍ਰੇਮ ਨੀ ਤਜ ਗਏ ਕ੍ਰਿਸ਼ਨ ਕੁਮਾਰ ਹਰੇ ਕੁੜੇ॥੧॥

ਵਿਸਾਖ ਵਿਸਾਰ ਗਏ ਹਰੀ ਮੈਨੂੰ ਮੈਂ ਕੀਤਾ ਅਭਿਮਾਨ ।
ਅੰਤਰ ਜਾਮੀ ਕ੍ਰਿਸ਼ਨ ਸੁਆਮੀ ਦਿਲਦੀ ਲਈ ਪਛਾਣ।
ਕੁਬਜਾਂ ਪਾਸ ਗਏ ਤਜ ਮੈਨੂੰ ਮੈਂ ਮਤੀ ਮੰਦ ਅੰਜਾਨ।
ਬੋਧ ਸ਼ਾਮ ਜਿੰਦ ਹਰੀ ਬਿਨ ਤੜਫੇ ਨਿਕਸੇ ਨਹੀਂ ਪ੍ਰਾਨ।2।।

ਜੇਠ: ਜਲੇ ਜਿੰਦ ਦੋਜਖ ਅਗਨੀ ਦਿਲ ਵਿਚ ਸਮਝ ਵਿਚਾਰ।
ਬਦੀਆਂ ਕਰ ਕਰ ਜਨਮ ਗੰਵਾਇਆ ਪਾਪਾਂ ਦੇ ਪਹਰੇ ਹਾਰ।
ਅਮਲਾਂ ਵਾਲੇ ਲੰਘ ਲੰਘ ਜਾਂਦੇ ਦੁਖ ਨਦੀ ਤੋਂ ਪਾਰ।
ਬੋਧ ਸ਼ਾ. ਜਿੰਦ ਹਰੀ ਬਿਨ ਹਰ ਭਜ ਲੈ ਡੁਬੇਗੀ ਨਰਓ ਮੰਝਾਰੀ।3।

ਹਾੜ: ਹਰਾਨ ਹੋਇ ਜਿੰਦ ਕਮਲੀ ਸਾਈ ਦੇ ਦਰਬਾਰ।
ਖਰੇ ਪਰਖ ਖ਼ਜ਼ਾਨੇ ਪਾਵੇਂ ਖੋਟੇ ਸੁਟਆਨ ਬਾਹਰ।
ਬੋਧ ਸ਼ਾਮ ਜਿੰਦ ਹਰੀ ਹਰ ਭਜ ਲੈ ਹੋ ਜਾਏਂ ਨਰਕੋਂ ਪਾਰ।4॥

ਸਾਵਣ: ਸੜਦੀ ਹਰੀ ਵਿਛੋੜੇ ਲਈ ਦੁਖਾਂ ਨੇ ਮਾਰ।
ਕ੍ਰਿਸ਼ਨ ਤਿਆਗੀ ਤੂੰ ਮੰਦ ਭਾਗੀ ਹੁਣ ਰੋਂਦੀ ਬਦਕਾਰ।
ਅਮਲਾਂ ਬਾਝ ਨਾਂ ਹੋਣ ਨਬੇੜੇ ਹੋਣਾ ਨਹੀਂ ਹੁਦਾਰ।
ਹੀਰਾ ਜਨਮ ਅਮੋਲਕ ਖੋਇਆ ਕੀ ਖਟਿਆ ਸੰਸਾਰ॥5॥
ਬੋਧ ਸ਼ਾਮ ਜਿੰਦ ਹਰੀ ਹਰ ਭਜ ਲੈ ਨਾਂ ਮੋਈ ਨੇ ਮਾਰ।

ਭਾਦੋਂ: ਭਾਦੋਂ ਭਾਇ ਪ੍ਰੇਮ ਨ ਕੀਤਾ ਤਬੀ ਸ਼ਾਮ ਨਾਂ ਆਏ ਨੀ।
ਬਿਨਾਂ ਪ੍ਰੇਮ ਨੀਂ ਮੈਂ ਮਤ ਹੀਣੀ ਹਥੀਂ ਲਾਲ ਗੁੰਵਾਏ ਨੀ।
ਐਸਾ ਦਰਦੀ ਕੌਣ ਹਮਾਰਾ ਪਾਸ ਕ੍ਰਿਸ਼ਨ ਦੇ ਜਾਏ ਨੀ।
ਬੋਧ ਸ਼ਾਮ ਜਿੰਦ ਹਰੀ ਵਿਛੋੜੇ ਮੇਰੇ ਅੰਗ ਜਲਾਏ ਨੀ॥6॥

ਅੱਸੂ ਅਸ਼ ਲਗੀ ਮਨ ਮੇਰੇ ਮੋਹਨ ਲਾਈ ਠੇਸ।
ਬਿਨਾਂ ਪ੍ਰੇਮ ਇਸ ਜਿੰਦ ਪਾਪਣ ਨੂੰ ਕਰ ਦਿਆਂ ਤੀਰੀਂ ਲੇਖ।
ਧੰਨ ਜੋਬਨ ਦੇ ਮਦ ਮੈਂ ਭੁਲ ਗਈ ਆਈਆਂ ਮੇਰੇ ਪੇਸ਼।
ਬੋਧਸ਼ਾਮ ਕਦ ਹਰੀ ਘਰ ਆਵੇ ਜਾਗਣ ਤੇਰੇ ਲੇਖ॥7॥

ਕਤੱਕ ਕੰਤ ਪਿਆਰੇ ਬਾਝੋਂ ਹੋਈਆਂ ਮੈਂ ਬੁਰਹਾਲ।
ਕਿਸਨੂੰ ਖੋਲ ਸੁਣਾਵਾਂ ਦੁਖੜੇ ਬੀਤੀਆਂ ਮੇਰੇ ਨਾਲ।
ਰੋਂਦੀ ਪਾਪਣ ਜਨਮ ਗੰਵਾਇਆ ਸਿਰਪੁਰ ਆ ਗਿਆ ਕਾਲ।
ਬੋਧ ਸ਼ਾਮ ਜਿੰਦ ਸ਼ੁਕਰ ਗੁਜ਼ਾਰਾਂ ਮਿਲੇ ਜੇ ਕਿਸ਼ਨ ਮੁਰਾਰ।।8।।

ਮੱਘਰ ਮਰਮ ਸੁਣਾਵਾਂ ਕਿਸਨੂੰ ਲਈ ਦੁਖਾਂ ਨੇ ਮਾਰ।
ਲੋਕ ਲਾਜ ਦੇ ਚਿੱਕੜ ਫਸ ਗਈ ਕਿਉਂ ਕਰ ਹੋਏ ਉਧਾਰ।
ਇਸ ਜੀਵਨ ਤੋਂ ਮਰਨਾ ਚੰਗੇਰਾ ਭਜੇਂ ਨਹੀਂ ਕਰਤਾਰ।
ਬੋਧ ਸ਼ਾਮ ਜਿੰਦ ਤਬ ਸੁਖ ਪਾਏਂ ਭਜ ਸ਼੍ਰੀ ਕ੍ਰਿਸ਼ਨ ਮੁਰਾਰ।।9।।

ਪੋਹ ਪ੍ਰੇਮ ਦੀ ਸਾਰ ਕੀ ਜਾਣੇ ਜਿੰਦ ਪਾਪਣ ਕੂੜਿਆਰ।
ਕੂੜ ਕਾਰ ਦੇ ਵਣਜਣਹਾਰੀ ਜਾਣੇ ਕੀ ਲਾਲਾਂ ਦੀ ਸਾਰ।
ਜਿਸਨੂੰ ਚੋਟ ਪ੍ਰੇਮ ਦੀ ਲਗ ਗਈ ਹੋ ਗਈ ਜਿਗਰੋਂ ਪਾਰ।
ਬੋਧ ਸ਼ਾਮ ਜਿੰਦ ਹਰੀ ਹਰ ਭਜ ਲੈ ਹਰੀ ਨਾਮ ਨ ਵਸਾਰ।। 10।।

ਮਾਘ ਮਰੇ ਜਿੰਦ ਹੋਏ ਦੁਖਾਰੀ ਕਿਉਂ ਤਜਿਆ ਕਰਤਾਰ।
ਮਾਨਸ ਜਨਮ ਅਮੋਲਕ ਪਾਕੇ ਕੂੜ ਕਮਾਵੇਂ ਕਾਰ।
ਲਗੀ ਤੰਦ ਸੁਆਰਨ ਚੰਦਰੀ ਤਾਣੀ ਲਈ ਵਿਗਾੜ।
ਬੋਧ ਸ਼ਾਮ ਜਿੰਦ ਹਰੀ ਹਰ ਭਜ ਲੈ ਨਹੀਂ ਤਾਂ ਹੋਏਂ ਖੁਆਰ।। 11।।

ਫਗੱਣ: ਫਲੇ ਜਿੰਦ ਭਾਗ ਤੁਮਾਰੇ ਆਈ ਬਸੰਤ ਬਹਾਰ।
ਕ੍ਰਿਸ਼ਨ ਪਤੀ ਕੇ ਮਿਲਨੇ ਖਾਤਰ ਪ੍ਰੇਮ ਕੇ ਲਾਏ ਸ਼ਿੰਗਾਰ।
ਦੁਖ ਬੀਤੇ ਸੁਖ ਸਹਜ ਸਮਾਨੇ ਹੋਈ ਸੁਹਾਗਣ ਨਾਰ।
ਬੋਧ ਸ਼ਾਮ ਜਿੰਦ ਸਤਿਗੁਰ ਪੂਰੇ ਮੇਲੇ ਕ੍ਰਿਸ਼ਨ ਮੁਰਾਰ।। 12।।

ਧਰਮ ਪ੍ਰੀਤ ਜਿੰਦ ਦੇਖ ਤੁਮਾਰੀ ਸ਼੍ਰੀ ਕ੍ਰਿਸ਼ਨ ਘਰ ਆਏ ਨੀ।
ਆਵਤ ਦੇਖੇ ਕ੍ਰਿਸ਼ਨ ਰਾਧਕਾ ਚਰਨੀ ਸੀਸ ਨਿਵਾਏ ਨੀ।
ਪ੍ਰੇਮ ਮਗਨ ਭਈ ਤਨ ਸੁਧ ਵਿਸਰੀ ਨੈਨੀਂ ਨੀਰ ਭਰ ਆਏ ਨੀ।
ਬੋਧ ਸ਼ਾਮ ਮਿਲੀ ਦੁਧ ਨੀਰ ਜਿਉਂ ਜਦ ਹਰੀ ਕੰਠ ਲਗਾਏ ਨੀ।।13।।

ਸ਼੍ਰੀ ਕ੍ਰਿਸ਼ਨ ਕਾ ਆਗਮ ਸੁਣਕੇ ਬਿਰਜਸ ਵੀ ਸੁਖ ਪਾਇਆ ਈ।
ਆਣ ਮਿਲੀ ਸਭ ਬਿਰਜ ਗੋਪੀਆਂ ਚਰਨੀਂ ਸੀਸ ਨਿਵਾਇਆ ਈ।
ਸ੍ਰੀ ਕ੍ਰਿਸ਼ਨ ਮੈਂ ਲੀਨ ਭਈ ਜਿਉਂ ਅਵਸੀ ਨੀਰ ਸਮਾਇਆ ਈ।
ਬੋਧਸ਼ਾਮ ਹਰੀ ਅਚਰਜ ਲੀਲਾ ਸ੍ਵਮਤੀ ਅਨੁਸਾਰ ਗਾਇਆ ਈ।।14॥

## 15. ਦੂਜਾ ਬਾਰਾਂਮਾਹ

ਚੇਤ੍ਰ ਚਾਹੇ ਸਦਾ ਮਨ ਮੇਰੇ ਕਿਸ ਬਿਦ ਦਰਸਨ ਪਾਊਂਗੀ।
ਸ੍ਰੀ ਕ੍ਰਿਸ਼ਨ ਜੀ ਪ੍ਰਾਣ ਹਮਾਰੇ ਸ੍ਰੀ ਕ੍ਰਿਸ਼ਨ ਗੁਣ ਗਾਊਂਗੀ।
ਸਗਨ ਵਿਚਾਰ ਕਰਾਂ ਦਿਨ ਰਾਤੀਂ ਨਿਤ ਉਠ ਔਂਸੀਆਂ ਪਾਊਂਗੀ ।
ਬੋਧ ਸ਼ਾਮ ਸ੍ਰੀ ਕ੍ਰਿਸ਼ਨ ਦੇਵ ਕੇ ਚਰਨੀ ਧਿਆਨ ਲਗਾਊਂਗੀ।

ਵਿਸਾਖ ਵਿਸਾਰ ਦੀਆ ਹਰੀ ਮੈਨੂੰ ਕੁਬਜਾਂ ਪਾਸ ਪਧਾਰੇ ਨੀ।
ਮੈਂ ਕਿਉਂ ਮਾਣ ਕੀਆ ਮਤ ਹੀਣੀ ਤਜ ਗਏ ਸ਼ਾਮ ਪਿਆਰੇ ਨੀ।
ਦੇਖੋ ਭਾਗ ਵਡੇ ਕੁਬਜਾਂ ਦੇ ਜਿਸ ਘਰ ਕ੍ਰਿਸ਼ਨ ਸਿਧਾਰੇ ਨੀ।
ਬੋਧ ਸ਼ਾਮ ਜਿੰਦ ਹਰੀ ਦਰਸ ਕੋ ਤਰਸੈਂ ਪ੍ਰਾਣ ਹਮਾਰੇ ਨੀ।

ਜੇਠ ਜੁਰਾ ਵੀ ਹਰੀ ਹਰ ਭਜਿਆ ਜਨਮ ਹਰੀ ਬਿਨ ਬੀਤਿ ਨੀ।
ਬ੍ਰਿਹੋਂ ਆਗ ਜਲਾਵੇ ਮੈਨੂੰ ਕੌਣ ਪਾਪ ਮੈਂ ਕੀਤੇ ਨੀ;।
ਬੋਧ ਸ਼ਾਮ ਜਿੰਦ ਹਰੀ ਬਿਨਾ ਨੀ ਬਿਰਥੇ ਪ੍ਰਾਣ ਕਿਉਂ ਜੀਤੇ ਨੀ।

- - - - - -

ਹਾੜ ਹੋਸ਼ ਕਰਨੀ ਜਿੰਦ ਪਾਪਣ ਜੀਵੈਂ ਕਿਉਂ ਸ੍ਰੀ ਕ੍ਰਿਸ਼ਨ ਬਿਨਾਂ।
ਮੂਰਛਾ ਖਾਏ ਧਰਮ ਪਰ ਗਿਰੀਆ ਜਿਉਂ ਦੇਹ ਗਿਰ ਪ੍ਰਾਣ ਬਿਨਾਂ।
ਹਰੀ ਹਰ ਕ੍ਰਿਸ਼ਨ ਪੁਕਾਰੇ ਮੁਖ ਸੇ ਪਪੀਹਾ ਜੈਸੇ ਬੂੰਦ ਬਿਨਾਂ।
ਬੋਧ ਸ਼ਾਮ ਹਰੀ ਪ੍ਰਾਣ ਜਿਨ੍ਹਾਂ ਕੇ ਜੀਵਨ ਕੈਸੇ ਪ੍ਰਾਣ ਬਿਨਾਂ।

ਸਾਵਣ ਚੜ੍ਹਦੇ ਬੂੰਦਾਂ ਬਰਸੇਂ ਸਖੀਆਂ ਨੇ ਪੀਂਘਾਂ ਪਾਈਆਂ ਨੀ।
ਹਾਰ ਸ਼ਿੰਗਾਰ ਲਗਾਏ ਗੋਪੀਆਂ ਮਿਲ ਕੇ ਝੂਟਣ ਆਈਆਂ ਨੀ।
- - - - - -
- - - - - - ।5।

ਭਾਦੋਂ ਭਰਮ ਤਿਆਗ ਜਿੰਦ ਮੇਰੀ ਸ਼੍ਰੀ ਕ੍ਰਿਸ਼ਨ ਗੁਣ ਗਾਏ ਹਰੇ।
ਮਾਨਸ ਜਨਮ ਅਮੋਲਕ ਪਾਇਆ ਬਿਰਥਾ ਨਹੀਂ ਗੰਵਾਇ ਹਰੇ।
ਐਸਾ ਵਖਤ ਨਾਂ ਫੇਰ ਮਿਲੇਗਾ ਰੋਵੇਂਗੀ ਪਛਤਾਏ ਹਰੇ।
ਬੋਧ ਸ਼੍ਯਾਮ ਜਿੰਦ ਹਰੀ ਹਰ ਭਜ ਲੈ ਹਰੀ ਕ੍ਰਿਸ਼ਨ ਗੁਣ ਗਾਏ ਹਰੇ। 6।।

ਅੱਸੂ ਆਸ ਤਿਆਗ ਜਿੰਦ ਖੋਟੀ ਹਰੀ ਆਸਾ ਮਨ ਧਾਰ ਹਰੇ।
ਨਿੰਦਿਆ ਚੁਗ਼ਲੀ ਪਾਪਣ ਛੱਡ ਦੇ ਹਰੀ ਹਰ ਨਾਮ ਉਚਾਰ ਹਰੇ।
ਚੁਗਲੀ ਕਰ ਕਰ ਗੰਦ ਤੂੰ ਖਾਵੇਂ ਖੋਟੀ ਤੂੰ ਬਦਕਾਰ ਹਰੇ।
ਬੋਧ ਸ਼੍ਯਾਮ ਜਿੰਦ ਹਰੀ ਹਰ ਭਜਲੈ ਸੜੇਂਗੀ ਨਰਕ ਮੰਝਾਰੁ ਹਰੇ। 7।

ਕੱਤੇ ਕੰਤ ਹਰੀ ਨਾਂ ਮਿਲਿਓ ਹਰੀ ਕੋ ਖੋਜਨ ਜਾਏ।
ਗਰੀਨਾਲ ਰੰਗਾ ਕੇ ਕਪੜੇ ਜੋਗਨ ਭੇਸ ਬਣਾਏ।
ਲੋਕ-ਲਾਜ ਤਜ ਹਰੀ ਮਿਲਣ ਕੋ ਘਰ ਘਰ ਅਲਖ ਜਗਾਇ।
ਬੋਧ ਸ਼੍ਯਾਮ ਜਿੰਦ ਵਾਂਗ ਸੱਸੀ ਦੇ ਹਰੀ ਬਿਨ ਪ੍ਰਾਣ ਗੰਵਾਇ। 8।

ਮੱਘਰ ਮਗਨ ਰਹੋ ਹਰੀ ਪ੍ਰੇਮ ਮੈਂ ਰਾਮ ਨਾਮ ਉਰਧਾਰ।
ਸਵਾਸ ਸਵਾਸ ਜਿੰਦ ਹਰੀ ਹਰ ਜਪਲੈ ਮਾਨਸ ਜਨਮ ਸੁਧਾਰ।
ਕਾਮ ਕਰੋਧ ਦੋ ਵੈਰੀ ਤੇ ਹੈ ਬਲ ਇਨਕੋ ਮਾਰ।
ਬੋਧ ਸ਼੍ਯਾਮ ਜਿੰਦ ਹਰੀ ਹਰ ਭਜਲੈ ਬਾਜੀ ਨਾਹਿ ਬਿਗਾੜ। 9।

ਪੋਹ ਪ੍ਰੇਮ ਹਰੀ ਮੈਂ ਜਿੰਦੜੀ ਤਜ ਝੂਠਾ ਸੰਸਾਰ।
ਸਤ ਚਿਤ ਆਨੰਦ ਰੂਪ ਮੁਤਾਰਾ ਵੇਖੀਂ ਰਿਦੇ ਵਿਚਾਰ।
ਜਾਗ੍ਰਤ ਸੁਵਪਨ ਸੁਖ ਪਤੀ ਤੋਂ ਨਿਆਰਾ ਠਾਕਰ ਨਿਸਚੇ ਧਾਰ।
ਬੋਧ ਸ਼੍ਯਾਮ ਜਿੰਦ ਸੰਸਾ ਤਜ ਦੇ ਗੀਤਾ ਕਹੇ ਪੁਕਾਰ।। 10।।

ਮਾਘ ਮਾਰ ਇਸ ਮਨ ਪਾਪੀ ਨੂੰ ਮੋਇਆਂ ਵਸੈ ਘਰ ਬਾਰ।
ਕਾਮ ਕ੍ਰੋਧ ਹੰਕਾਰ ਲੋਭਨੀ ਤਜ ਤਬ ਮਿਲੈ ਕਰਤਾਰ।
ਆਸ਼ਾ ਚਿੰਤਾ ਤ੍ਰਿਸਨਾ ਤਿੰਨ ਮੈਂ ਡੂਬਾ ਸਭ ਸੰਸਾਰ।
ਬੋਧ ਸ੍ਹਾਮ ਜਿੰਦ ਮਿਲ ਸਤਿਗੁਰ ਕੋ ਕਰਦੇ ਬੇੜਾ ਪਾਰ।11।

ਫਗੱਣ ਫਿਕਰ ਤਜ ਸਮਝਾਂ ਆਪਕੇ ਨਾਂ ਕਰ ਜਿੰਦੜੀ ਦੇਰ।
ਜੇ ਕੋਸਤੇ ਨਿਆਰਾ ਕਰਕੇ ਸਤ ਚਿਤ ਗੁਰ ਤੋਂ ਹੇਰ।
ਹੋਇ ਅਜੁਰਦੀ ਪਰ ਗੁਰਚਰਨੀ ਕਟੋਂ ਚੁਰਾਸੀ ਫੇਰ।
ਬੋਧ ਸ੍ਹਾਮ ਜਿੰਦ ਚਿਰਕੀ ਵਿਛੁੜੀ ਗੁਰ [illegible] ਨਿਲਾਈ ਫੇਰ॥ 12॥

ਦੋਹਰਾ

ਗ੍ਰਾਮ ਚੁਲਦੇ ਮੈਂ ਰਚੀ ਬਿਆਸ ਨਦੀ ਕੇ ਤੀਰ।
- - - - - -
ਅੰਮ੍ਰਿਤ ਰੂਪੀ ਹਰੀ ਕਥਾ ਪੜੈ ਸੁਣੈ ਚਿਤ ਲਾਏ।
ਪਾਪ ਕਟੈਂ ਮਨ ਕੇ ਸਭੀ ਮੰਨ ਬਾਂਛਤ ਫਲ ਪਾਏ।

ਬਾਰਾਂਮਾਹ ਸਮਾਪਤ॥

ਕਰ ਕਮਾਈ ਕਾਂਇਆਂ ਸੋਧੈ ਜਤ ਸਤ ਮਨ ਮੈਂ ਧਾਰੋ।
ਉਸਤਤਿ ਨਿੰਦਿਆ ਦੋਇ ਤਿਆਗੋ ਨਾਮ ਮਾਸਸ ਜਨਮ ਸੁਧਾਰੋ।
ਕਰ ਦੈ ਕਰਮ ਵਿਚਾਰੋ ਭਾਈ ਮਨ ਕੀ ਮੈਲ ਨਿਵਾਰੋ।
ਆਸ਼ਾ ਤ੍ਰਿਸਨਾ ਮੋਹ ਤਿਆਗੋ ਤਬੀ ਮਿਲੈ ਕਰਤਾਰੋ।
ਕੀਘਾ ਕਾਂਇਆਂ ਝੂਠੀ ਜਾਨੈਂ ਅਪਨਾ ਸਰੂਪ ਵਿਚਾਰੋ।
ਕਾਮ ਲੋਭ ਹੰਕਾਰ ਤਜੋ ਸਭ ਹਰ ਕਾ ਨਾਮ ਚਿਤਾਰੋ।
ਬੋਧ ਰਾਜ ਪਏ ਗੁਜ਼ਰੇਂ ਮਹੀਨੇ ਇਕੋ ਨਾਮ ਆਧਾਰੋ।

****

* ਰਣਜੀਤ ਸਿੰਘ , <u>ਦੋ ਬਾਰਾਂਮਾਹੇਂ</u>, ਸਨਾਤਨ ਧਰਮ ਪ੍ਰੈਸ, ਅੰਮ੍ਰਿਤਸਰ, 1903.

16. <u>ਬਾਰਾਂਮਾਹ</u>

* ਵੇ ਲਾਲ ਪੀਆ ਪਰਦੇਸ

ਚੇਤਰ ਮਹੀਨੇ ਚਿੱਤ ਲਗਦਾ ਨਾ ਮੇਰਾ ਵੇ,
ਪੱਤਣਾਂ ਤੋਂ ਪਾਰ ਮੇਰੇ ਮਾਹੀਏ ਦਾ ਡੇਰਾ ਵੇ।
ਵਸਾਖ ਪਕੀ ਦਾਖ ਅਲੀ ਤੋੜ ਨਾਂ ਸਕੀਐ,
ਵੇ ਲਾਲ! ਪੀਆ ਪਰਦੇਸ, ਦਾਖਾਂ ਕਿਸ ਬਿਧ ਚੱਖੀਐ।
ਜੇਠ ਘੋੜਾ ਹੇਠ ਧੁੱਪਾਂ ਪੈਣ ਬਲਾਈਂ,
ਵੇ ਲਾਲ! ਕਤੌਸਾਂ ਨਿਕੜਾ ਘਰ ਬਹਿ ਕੇ ਖਾਈਂ।
ਹਾੜ ਦੇ ਮਹੀਨੇ ਵੇ ਦੋਪੱਟੇ ਸੀਵਾਂ,
ਤਹਿੰਡੇ ਬਾਝ ਰੈਨਾਂ ਹਿਕ ਘੜੀ ਵੀ ਨਾਂ ਜੀਵਾਂ।
ਸਾਵਣ ਦੇ ਮਹੀਨੇ ਵੇ ਦੋ ਕਿਰਮਣ ਕਣੀਆਂ,
ਵੇ ਲਾਲ! ਜੋਬਨ ਦੀਆਂ ਲਹਿਰਾਂ ਸਾਨੂੰ ਮੁਸ਼ਕਲ ਬਣੀਆਂ।
ਭਦਰੋਂ ਦੇ ਮਹੀਨੇ ਵੇ ਬੰਬੀਹਾ ਬੋਲਹਿ,
ਵੇ ਲਾਲ! ਸੁੰਨੀਂ ਐਂ ਸੇਜ ਗੋਰੀ ਦਾ ਜੀਊੜਾ ਡੋਲਹਿ।
ਅੱਸੂ ਦੇ ਮਹੀਨੇ ਲਾਲ ਵੇ ਨੌਂ ਰੱਖਾਂ ਨਰਾਤੇ,
ਵੇ ਲਾਲ! ਜੇ ਰੱਬ ਭਾਵਹਿ ਤਾਂ ਮਾਹੀ ਘਰ ਆਵਹਿ ਆਪੇ।
ਕਤੱਕ ਦੇ ਮਹੀਨੇ ਵੇ ਦੀਵਾਲੀ ਆਈ,
ਵੇ ਲਾਲ! ਜਿਨ੍ਹਾਂ ਘਰ ਮਾਹੀ ਤਿਨ੍ਹਾਂ ਤਲੀ ਕੜਾਹੀ।
ਮਘੱਰ ਦੇ ਮਹੀਨੇ ਵੇ ਦੋ ਛੇਫ ਰੰਗਾਏ,
ਵੇ ਲਾਲ! ਜਿਨ੍ਹਾਂ ਘਰ ਮਾਹੀ ਤਿਨ੍ਹਾਂ ਰੱਜ ਹੰਢਾਏ।
ਪੋਹ ਦੇ ਮਹੀਨੇ ਵੇ ਲੋਹੜੀ ਆਈ,
ਵ ਲਾਲ! ਜਿਨ੍ਹਾਂ ਘਰ ਮਾਹੀ ਤਿਨ੍ਹਾਂ ਤਿਲ ਚੌਲੀ ਪਾਈ।

ਮਾਹ ਦੇ ਮਹੀਨੇ ਵੇ ਹਨ ਵਗਦੀਆਂ ਵ੍ਹਾਵਾਂ,
ਹੋਵਾਂ ਪੰਖੇਰੂ ਲਾਲ ਵੇ ਮੈਂ ਉਡ ਕੇ ਆਵਾਂ।
ਫਗੱਣ ਮਹੀਨੇ ਵੇ ਹੁਣ ਹੋਲੀ ਆਈ,
ਵੇ ਲਾਲ! ਜਿਨ੍ਹਾਂ ਘਰ ਮਾਹੀ ਤਿਨ੍ਹਾਂ ਰਜ ਕੇ ਮਨਾਈ।

****

* ਸੁਹਿੰਦਰ ਸਿੰਘ ਬੇਦੀ(ਵਣਜਾਰਾ ਬੇਦੀ) (ਡਾ.) ਪੰਜਾਬ ਦਾ ਲੋਕ ਸਾਹਿਤ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 1968, ਪੰਨਾ262.

17 . ਬਾਰਾਂਮਾਹ

ਕ੍ਰਿਤ

ਸੰਤ ਨਿਹਾਲ ਸਿੰਘ ਜੀ*

ਚੇਤਰ

ਚੇਤ੍ਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਏ ਬੇਸੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ ,
ਏਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾ ਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਨੇ ਨੇ ਗਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ॥ ੧।

ਵੈਸਾਖ

ਵੈਸਾਖ ਸਿੰਘਾਂ ਦਾ ਰਸਾਲਾ ਬੁਢਾ ਗਭਰੂ ਤੇ ਬਾਲਾ,
ਗਲ ਫਬ ਰਹੀ ਮਾਲਾ ਸਿਰ ਸੋਹੇ ਦਸਤਾਰ ਜੀ।
ਸਿੰਘ ਜਪਦੇ ਨੇ ਨਾਮ ਨਾਲੇ ਅਉਰਾਂ ਕੋ ਜਪਾਨ,
ਰਾਤ ਪਹਿਰ ਰਹਿੰਦੀ ਨ੍ਹਾਣ ਇਹੋ ਰੋਜ਼ ਦਾ ਵਿਹਾਰ ਜੀ।
ਸਣੇ ਕੇਸੀਂ ਇਸ਼ਨਾਨ, ਕਛ ਲਾਹੁਣ ਦੂਜੀ ਪਾਣ,
ਮਨੋ ਮੂਲ ਨਾ ਭੁਲਾਣ, ਸੇਵਨ ਸਚਾ ਕਰਤਾਰ ਜੀ।
ਹੋਇਆ ਖਾਲਸਾ ਬੇਅੰਤ, ਭਜਨ ਦਸਦੇ ਮਹੰਤ,
ਨਿਹਾਲ ਸਿੰਘ ਜਪ ਮੰਤ, ਦਿਲ ਵਿਚ ਨਿਹਚਾ ਧਾਰ ਜੀ॥ 2।

---

* ਇਸ ਸੰਤ ਦੇ ਜੀਵਨ ਦਾ ਹਾਲੀ ਤਕ ਪਤਾ ਨਹੀਂ ਲਗਿਆ। ਇਹ ਬਾਰਾਂਮਾਹ ਮੈਨੂੰ ਭੈਣੀ ਸਾਹਿਬ ਤੋਂ ਪ੍ਰਾਪਤ ਹੋਇਆ ਹੈ।

## ਜੇਠ

ਜੇਠ ਜੁਗਤ ਪਛਾਣੀ, ਹਥੀਂ ਆਪ ਪੀਣ ਪਾਣੀ,
ਕੀਤੇ ਬਾਝ ਇਸ਼ਨਾਨ ਪਰਸ਼ਾਦ ਨਹੀਂ ਛਕਦੇ।
ਸਿਘ ਬੋਲਦੇ ਨੇ ਸੱਚ, ਇਹੋ ਸਤਿਗੁਰਾਂ ਦੀ ਮੱਤ,
ਛੋਡ ਚੁਗਲੀ ਅਖ਼ੀਲੀ ਖੋਫ਼ ਮਨ ਵਿਚ ਰਖਦੇ।
ਇਕ ਹੋਰ ਗਲ ਡਿਠੀ, ਬੋਲੀ ਬੋਲਦੇ ਨੇ ਮਿਠੀ,
ਤੁਰੇ ਜਾਣ ਸਿਧੇ ਰਾਹੇ, ਗਹਿਰੀ ਨਜ਼ਰ ਨਹੀਂ ਤਕਦੇ।
ਇਹੁ ਨਾਮ ਹੈ ਅਮੋਲ, ਸਚੇ ਸਤਿਗੁਰਾਂ ਦਾ ਬੋਲ,
ਨਿਹਾਲ ਸਿੰਘ ਕਰਨ ਟਹਿਲ, ਸੀਸ ਚਰਨਾਂ ਤੇ ਰਖਦੇ॥3।

## ਹਾੜ

ਹਾੜ ਹਰ ਗਲ ਰੰਗੀ , ਵਜੇ ਸਾਰੰਦਾ ਸਰੰਗੀ,
ਸਬਦ ਪੜ੍ਹਦੇ ਬਿਅੰਤ, ਅੰਤ ਰਹੇ ਨਾ ਸੁਆਦ ਦਾ।
ਅੰਮ੍ਰਿਤਸਰ ਤੇ ਲਾਹੌਰ , ਲੁਧਿਆਣਾ ਕਲਾ ਨੌਰ,
ਸ਼ਹਿਰ ਜਿਹਲਮ ਪਿਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
ਸਿਖੀ ਕਾਬਲ ਕੰਧਾਰ, ਨਾਲੇ ਬਲਖ ਤੇ ਬੁਖਾਰ,
ਦਿਲੀ ਆਗਰਾ ਹਿਸਾਰ ਹੋਰ ਅੰਤ ਨਾ ਹਿਸਾਬ ਦਾ।
ਸਿੰਘ ਆਖਦਾ ਨਿਹਾਲ, ਏਹੁ ਖਾਲਸੇ ਦੀ ਚਾਲ,
ਜਪੇ ਕਾਲ ਤੇ ਅਕਾਲ, ਜਿਹੜਾ ਨਾਮ ਸਚੇ ਸਾਹਿਬ ਦਾ॥4।

## ਸਾਵਣ

ਸਾਵਣ ਸਾਹਿਬ ਦੀ ਪਰੀਤ, ਅਛੀ ਸਭਨਾਂ ਤੋਂ ਰੀਤ,
ਗੋਣ ਸਤਿਗੁਰਾਂ ਦੇ ਗੀਤ, ਤਿਨਾਂ ਵਿਟਹੁ ਕੁਰਬਾਨ ਜੀ।
ਛਡ ਮਾਸ ਤੇ ਕਬਾਬ, ਨਹੀਂ ਪੀਵਣੀ ਸ਼ਰਾਬ,
ਕਿਉਂ ਹੋਇਆ ਗੁਰਕਾਬ, ਕਿਧਰ ਗਿਆ ਏ ਧਿਆਨ ਜੀ।
ਨਾਮ ਜਪ ਇਕ ਵਾਰੀ ਬਾਜੀ ਜਿਤ ਕੇ ਕਿਓਂ ਹਾਰੀ,
ਕੇਹੀ ਨੀਤ ਮਨੋ ਧਾਰੀ ਕਿਓਂ ਹੋਇਆ ਬੇਈਮਾਨ ਜੀ।
ਨਿਹਾਲ ਸਿੰਘ ਕਹੈ ਭਾਈ, ਆਖ ਬੇਨਤੀ ਸੁਣਾਈ,
ਅੰਤ ਹੋਣਗੇ ਸਹਾਈ, ਸਤਿਗੁਰੂ ਮਿਹਰਬਾਨ ਜੀ॥5।

ਭਾਦਰੋਂ

ਚੜ੍ਹੇ ਭਾਦਰੋਂ ਮਹੀਨੇ, ਲਗਾ ਗਿਆਨ ਵਿਚ ਸੀਨੇ,
ਸਿੰਘ ਜਪਦੇ ਨੇ ਨਾਮ, ਖੁਲੇ ਗਲ ਵਿਚ ਕੇਸ ਜੀ।
ਸਿੰਘ ਹੋਏ ਨੇ ਵੈਰਾਗੀ, ਸ਼ਬਦ ਪੜ੍ਹਦੇ ਨੇ ਰਾਗੀ,
ਬੋਲ ਬੋਲਦੇ ਸ਼ਤਾਬੀ, ਨਾਮ ਜਪਦੇ ਹਮੇਸ਼ ਜੀ।
ਇਹਨਾਂ ਬੀਬੀਆਂ ਤੇ ਮਾਈਆਂ ਤੇੜ ਕਛਾਂ ਹੈਨ ਪਾਈਆਂ,
ਸਿਰੋਂ ਬੋਲ੍ਹ ਕੇ ਪਰਾਂਦੇ , ਹੋ ਵੈਰਾਗਣਾਂ ਦੇ ਵੇਸ ਜੀ।
ਨਿਹਾਲ ਸਿੰਘ ਜਪ ਨਾਮ, ਮੁਖੋਂ ਬੋਲ ਰਾਮ ਰਾਮ,
ਗੁਰੂ ਰਖੇ ਤੇਰੀ ਹਾਮ, ਦੂਰ ਹੋਣਗੇ ਕਲੇਸ਼ ਜੀ। 6।

ਅਸੂ

ਅਸੂ ਐਸੇ ਇਕ ਦੂਤੀ, ਜਿਹੜੇ ਲਾਂਵਦੇ ਨੇ ਲੂਤੀ,
ਰਹਿਣ ਸੰਗ ਤੋਂ ਨਿਆਰੇ, ਨਹੀਂ ਬੈਠਦੇ ਹਜ਼ੂਰ ਜੀ।
ਦੂਤੀ ਨਿੰਦਿਆ ਕਰੇਂਦੇ, ਸਦਾ ਮੁਖੋਂ ਝੂਠ ਕਹਿੰਦੇ,
ਜਿਹੜੇ ਹੋ ਪਸਿਤੇ ਬਹਿੰਦੇ ਰਹਿਣ ਸਤਿਗੁਰ ਤੋਂ ਦੂਰ ਜੀ।
ਸਤਿਗੁਰ ਐਸਾ ਕਰ ਹਾਲ ਇਹਨਾਂ ਨਿੰਦਕਾਂ ਦੇ ਨਾਲ,
ਮੂੰਹ ਕਾਲਾ ਨੀਲੇ ਪੈਰ ਵਿਚ ਸੁਟੇ ਅੰਧ ਘੋਰ ਜੀ।
ਨਿਹਾਲ ਸਿੰਘ ਕਹੇ ਏਹ ਨਸੀਹਤ ਨਿੰਦਕਾਂ ਨੂੰ ਦਹ,
ਨਹੀਂ ਸਮਝਦੇ ਮਲੇਛ ਭੈੜੇ ਚੰਦਰੇ ਕਠੋਰ ਜੀ।। 7।

ਕਤਕ

ਕੱਤੇਂ ਅਕਾਲ ਕਾਲ ਕਰਦੇ ਅਤੇ ਹਥੀਂ ਸਲੋਤਰ ਫੜਦੇ,
ਮਰਨੋਂ ਮਾਰਨੋ ਨਾ ਡਰਦੇ ਖੌਫ ਕਰਦੀ ਲੁਕਾਈ ਹੈ।
ਸਿੰਘ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ ਕੈਸੀ ਰਚਨਾ ਰਚਾਈ ਹੈ।
ਢੱਠ ਦੇਵੀ ਤੇ ਦੁਵਾਰੇ ਵਡੇ ਵਡੇ ਥਾਨ ਭਾਰੇ,
ਢਾਹੀਆਂ ਕਬਰਾਂ ਮਸੀਤਾਂ ਦੁੰਦ ਖਾਲਸੇ ਮਚਾਈ ਹੈ।

ਨਿਹਾਲ ਸਿੰਘ ਜੋ ਫਰੰਗੀ ਖੋਫ ਖਾਏ ਲਾਟ ਜੰਗੀ,
ਆਏ ਬਾਰ੍ਹਵੇਂ ਅਵਤਾਰ ਫਿਰੇ ਅਕਾਲ ਦੀ ਦੁਹਾਈ ਹੈ॥8।

ਮਘਰ

ਮਹੀਨਾ ਮਘਰ ਸੀ ਚੜ੍ਹਿਆ ਲੜ ਸਤਿਗੁਰਾਂ ਦਾ ਫੜਿਆ,
ਧਿਆਨ ਸਤਿਗੁਰਾਂ ਦਾ ਧਰਿਆ ਹੋਰ ਆਸਰਾ ਵਿਸਾਰਦੇ।
ਜਦੋਂ ਲਾਂਵਦੇ ਦੀਵਾਨ, ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਬਹੁਤ ਭਬਕਾਂ ਨੇ ਮਾਰਦੇ।
ਦੇਹ ਦਰਸ ਇਕ ਵਾਰੀ ਤੇਰੇ ਨਾਮ ਤੋਂ ਬਲਿਹਾਰੀ,
ਆਵਣ ਲਖ ਤੇ ਹਜਾਰੀ ਤੇਰੇ ਵਿਚ ਦਰਬਾਰ ਦੇ।
ਨਿਹਾਲ ਸਿੰਘ ਹੁਣ ਦਸ ਕੋਈ ਚਲਦਾ ਨਹੀਂ ਵਸ,
ਨਿੰਦਾ ਕਰਨ ਵਾਲੇ ਦੂਤੀ ਵਿਚ ਨਰਕਾਂ ਸਿਧਾਰ ਦੇ॥9।

ਪੋਹ

ਪੋਪ ਪਾਪੀ ਤੇ ਪਰਾਧੀ ਵਡੇ ਚੁਗਲ ਫਸਾਦੀ,
ਜਾਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ।
ਕਰਨ ਸ਼ੋਰ ਤੇ ਸ਼ੁਰਾਬਾ ਸਾਨੂੰ ਖੋਫ ਬੜਾ ਡਾਢਾ,
ਐਸੀ ਕਰੋ ਤਦਬੀਰ ਮਤ ਹੋਵੇ ਨਾ ਫਸਾਦ ਜੀ।
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ ਲੈਣ ਹਾਜਰੀ ਹਿਸਾਬ ਜੀ॥ 10॥

ਮਾਘ

ਮਹੀਨਾ ਮਾਘ ਦਾ ਸੀ ਆਇਆ, ਗੁਰੂ ਖਾਲਸਾ ਸਜਾਇਆ,
ਏਹ ਬਚਨ ਸੁਣਾਇਆ, ਵਿਚ ਬੈਠ ਦਰਬਾਰ ਦੇ।
ਸਤਿਗੁਰ ਹੋ ਪਏਤਿਆਰ , ਚਲੇ ਸੁਮੰਦਰਾਂ ਤੋਂ ਪਾਰ,
ਕਿਹੜੇ ਮੇਟੇ ਏਹ ਅਖਰ ਜਿਹੜੇ ਲਿਖੇ ਕਰਤਾਰ ਦੇ।

ਸਤਿਗੁਰ ਚਲੇ ਬਣਬਾਸ, ਚਿਤ ਹੋਇਆ ਹੈ ਉਦਾਸ,
ਰੋਂਦੇ ਸਿਖ ਸੰਤ ਦਾਸ ਉਚੀ ਉਚੀ ਭੁਬਾਂ ਮਾਰ ਦੇ।
ਜਿਹੜੀ ਲਿਖੀ ਸੀ ਅਕਾਲ, ਵਰਤੀ ਖਾਲਸੇ ਦੇ ਨਾਲ,
ਕਹਿੰਦਾ ਸਿੰਘ ਹੈ ਨਿਹਾਲ [illegible] ਕਾਰੇ ਵੇਖੋ ਹੋਣਹਾਰ ਦੇ॥ 11॥

<u>ਫਗਣ</u>

ਫਗਣ ਫੇਰ ਕਦੀਂ ਆਵੀਂ, ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ, ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਵਦੀ।
ਹੋਈ ਹਾਲ ਤੋਂ ਬਿਹਾਲ, ਖੁਲੇ ਗਲ ਵਿਚ ਵਾਲ,
ਫਿਰ ਥਕੀ ਢੂੰਢ ਭਾਲ ਨੈਣੀ ਨੀਂਦ ਨਹੀਂ ਆਵਦੀ।
ਨਿਹਾਲ ਸਿੰਘ ਔਗਣਹਾਰ, ਆਇਆ ਤੇਰੇ ਦਰਬਾਰ,
ਗੁਰੂ ਭੁਲ ਚੁਕ ਬਖਸ਼ ਸੰਗਤ ਸੀਸ ਹੈ ਨਿਵਾਂਵਦੀ॥ 12।

****

18. ਬਾਰਾਂਮਾਹ

ਕ੍ਰਿਤ

ਸ੍ਰੀ ਮਾਨ ਬਾਬਾ ਕਾਲਾ ਸਿੰਘ ਜੀ -*

ਚੇਤਰ

ਚੇਤਰ-ਚਿਤ ਵਿਚ ਚਾਰ ਅੱਖਰ ਦਾ ਹਰ ਦਮ ਨਾਮ ਚਿਤਾਰੀ ਤੂੰ।
ਹੋਇ ਨਿਹਾਲ ਅਕਾਲ ਜਪੀਂ ਜੋ ਰਾਤ ਦਿਨੇ ਨਾ ਵਿਸਾਰੀ ਤੂੰ ।
ਇਸ ਨਾਲ ਬਿਨ ਪਾਰ ਨ ਪੈਸੇਂ ਕਿਤਨਾ ਹੋ ਬਲਕਾਰੀ ਤੂੰ।
ਕਾਲਾ ਸਿੰਘ ਨਾਮ ਜਪ ਰਸਨਾ ਅਪਨਾ ਜਨਮ ਉਧਾਰੀਂ ਤੂੰ।

ਵੈਸਾਖ

ਵੈਸਾਖ ਵਿਸਰਿਆ ਨਾਮ ਜਿਨਾਂ ਨੂੰ ਰਾਹ ਅਵਲੜੇ ਜਾਂਦੇ ਨੇ।
ਦੇਵੀ ਦੇਵਤੇ ਪੂਜਣ ਵਾਲੇ ਦਰ ਦਰ ਚੋਟਾਂ ਖਾਂਦੇ ਨੇ।
ਮੜ੍ਹੀ ਮਸਾਣੀ ਗੁਗਾ ਭੈਰੋਂ ਪੂਜ ਨਰਕ ਨੂੰ ਜਾਂਦੇ ਨੇ।
ਗੁਰੂ ਰਾਮ ਸਿੰਘ ਨਾਮ ਜਪਾਕੇ ਨਰਕ ਵਿਚੋਂ ਕਢ ਲਿਆਂਦੇ ਨੇ।

ਜੇਠ

ਜੇਠ ਜਗਤ ਵਿਚ ਆਏ ਸਤਿਗੁਰ ਸਿੰਘ ਕਰਨ ਭਰਵਾਸਾ ਜੀ।
ਹਜਰੋਂ ਸਾਹਿਬ ਪਰਗਟ ਹੋਇ ਭੈਣੀ ਸਾਹਿਬ ਵਿਚ ਵਾਸਾ ਜੀ।
ਪਟਣੇ ਦਾ ਜਿਓਂ ਜਨਮ ਖਾਲਸਾ ਵਿਚ ਆਨੰਦ ਪੁਰ ਵਾਸਾ ਜੀ।
ਗੁਰੂ ਰਾਮ ਸਿੰਘ ਸਬਦ ਸੁਣਾਕੇ ਕਾਟੀ ਹੈ ਜਮ ਫਾਸਾ ਜੀ।

ਹਾੜ

ਹਾੜ ਹੁਕਮ ਕਰ ਰਹਿਤ ਰਖਾਈ ਪੰਥ ਗੁਰਾਂ ਦਾ ਸਚਾ ਜੀ।
ਕੰਠ ਵਿਚ ਭਜਨ ਸੁਣੌਂਦੇ ਸਤਿਗੁਰ ਝੂਠ ਨ ਬੋਲਣ ਅਛਾ ਜੀ।
ਚੋਰੀ ਯਾਰੀ ਠਗੀ ਛਡਣੀ ਨਿੰਦਾ ਕੰਮ ਉਚੱਕਾ ਜੀ।
ਗੁਰੂ - ਮਤ ਨੂੰ ਧਾਰਨ ਕਰਨਾ ਰਹੀਂ ਨਾਮ ਵਿਚ ਰਤਾ ਜੀ।

ਸਾਵਣ

ਸਾਵਣ ਸ਼ੌਕ ਹਟਾ ਕੇ ਦਿਲ ਤੋਂ ਸਿਧਾ ਬੰਨ ਦਸਤਾਰਾ ਤੂੰ।
ਕੜਾ ਕਛ ਕਿਰਪਾਨ ਕੇਸ ਧਰ ਸਿੰਘ ਬਣ ਗੁਰੂ - ਪਿਆਰਾ ਤੂੰ।
ਮੜੀ ਮਸਾਣੀ ਵਰਤ ਨਾ ਜਾਣੀ ਸਤਿਗੁਰ ਜਾਣ ਨਿਆਰਾ ਤੂੰ।
ਬਾਝ ਗੁਰਾਂ ਦੀ ਮਰਯਾਦਾ ਦੇ ਝੂਠਾ ਜਾਣ ਪਸਾਰਾ ਤੂੰ।

ਭਾਦਰੋਂ

ਭਾਦਰੋਂ ਭਰਮ ਜਗਤ ਦੇ ਟਾਰੇ ਸਤਿ ਮਾਰਗ ਸਮਝਾ ਦੇਵੇ।
ਰਹਿਣੀ ਬਹਿਣੀ ਕਹਿਣੀ ਦਸਕੇ ਸਿਖੀ ਨੂੰ ਪਰਗਟਾ ਦੇਵੇ।
ਜਨਮ ਮਰਨ ਤੇ ਗੁਰ ਰੀਤੀ ਨੂੰ ਹਿਰਦੇ ਵਿਚ ਵਸਾ ਦੇਵੇ।
ਕਾਲਾ ਸਿੰਘ ਦ੍ਰਿੜ ਨਾਮ ਕਰਾਕੇ ਗੁਰਮਤ ਅੰਦਰ ਪਾ ਦੇਵੇ।

ਅਸੂ

ਅਸੂ ਅਕਸਰ ਲੋਕ ਕੁਸੰਗੀ ਨਿੰ ਦਾ ਗੁਰਾਂ ਦੀ ਕਰਦੇ ਨੇ।
ਗੁਰੂ ਰਾਮ ਸਿੰਘ ਪੰਥ ਚਲਾਇਆ ਧਰਮੋਂ ਕਦੇ ਨ ਟਲਦੇ ਨੇ।
ਬਾਹਮਣ ਡੂਮ ਫਕੀਰ ਪੁਜਾਰੀ ਦੇਖ ਸਿੰਘਾਂ ਨੂੰ ਸੜਦੇ ਨੇ।
ਆਖਣ ਰੀਗਾ ਫੁਲ ਨ ਪਾਵਣ ਮੇਹਣੇ ਦੇ ਕੇ ਲੜਦੇ ਨੇ।

ਕਤਕ

ਕਤਕ ਕੌਤਕ ਗੁਰਾਂ ਨੇ ਦਸਿਆ ਸੰਗਤ ਤਾਈਂ ਸੁਣਾਇਆ ਹੈ।
ਸੰਤ ਪੰਥ ਤੇ ਵਰਤੇ ਭਾਣਾ ਹੁਕਮ ਅਕਾਲੋਂ ਆਇਆ ਹੈ।
ਲਗਣ ਅਸੀਂ ਸ਼ੀਸ਼ ਸਿੰਘਾਂ ਦੇ ਦਸਮੇ ਗੁਰੂ ਫੁਰਮਾਇਆ ਹੈ।
ਕਾਲਾ ਸਿੰਘਾ ਗੁਰੂ ਪੂਰੇ ਨੇ ਓਹੀ ਸਾਂਗ ਬਣਾਇਆ ਹੈ।

ਮਘਰ

ਮਘਰ ਮਹੀਨੇ ਦੇਸਾਂ ਅੰਦਰ ਸਤਿਗੁਰ ਕਰਦੇ ਮੇਲਾ ਜੀ।
ਦੂਰੋਂ ਨੇੜਿਓਂ ਸੰਗਤ ਆਕੇ ਕਰਦੇ ਜਨਮ ਸੁਹੇਲਾ ਜੀ।

੪ ਵਾਰ ਵਾਰ ਗੁਰੂ ਕਹਿਣ ਸਿੰਘਾਂ ਨੂੰ ਭਜਨ ਕਰੋ ਹੁਣ ਵੇਲਾ ਜੀ।
ਕਾਲਾ ਸਿੰਘ ਇਕ ਵਰਤੇ ਭਾਣਾ ਰਹਿਸੀ ਸਿੰਘ ਅਕੇਲਾ ਜੀ।

## ਪੋਹ

ਪੋਹ ਪੜੇ ਸਿੰਘ ਚਰਨੀ ਆਕੇ ਬੁਚੜ ਮਾਰ ਮੁਕਾਈਏ ਜੀ।
ਗਊ ਘਾਤ ਦਾ ਦੁਖ ਹੈ ਭਾਰੀ ਇਸਨੂੰ ਮਾਰ ਮੁਕਾਈਏ ਜੀ।
ਲਾ ਕੇ ਸੀਸ ਧਰਮ ਦੇ ਲੇਖੇ ਜੀਵਨ ਸਫਲ ਬਣਾਈਏ ਜੀ।
ਸਤਿਗੁਰ ਆਖਣ ਸਮਾਂ ਨਹੀਂ ਹੈ! ਸਿੰਘ ਕਹਿਣ ਫੁਰਮਾਈਏ ਜੀ।

## ਮਾਘ

ਮਾਘ ਮਹੀਨੇ ਸੋਧ ਅਰਦਾਸਾ ਸਿੰਘ ਹਮਲਾ ਕਰ ਧਾਏ ਨੇ।
ਵਿਚ ਕੋਟਲੇ ਬੁਚੜ ਮਾਰੇ ਦੇਖ ਮਲੇਛ ਘਬਰਾਏ ਏ।
ਸ਼ੇਰ ਪੁਰ ਦੇ ਠਾਂਣਿਓਂ ਹੋ ਕੇ ਸਿੰਘ ਕੋਟਲੇ ਧਾਏ ਨੇ।
ਨਾਭਾ,ਜੀਂਦ,ਪਟਿਆਲਾ, ਫੋਜਾਂ ਸਿਖ ਤੋਪਾਂ ਨਾਲ ਉਡਾਏ ਨੇ।

## ਫਗਣ

ਫਗਣ ਫਾਸ ਕਟ ਗੁਰ ਸਾਡੀ ਵਲ ਪਰਦੇਸ ਸਿਧਾਰੇ ਨੇ।
ਭੈਣੀ ਸਾਹਿਬ ਵਿਚ ਪਰਗਟ ਹੋ ਕੇ ਕੀਤੇ ਚੋਜ ਨਿਆਰੇ ਨੇ।
ਗਊ ਵੰਸ ਨੂੰ ਰਖਣ ਦੇ ਹਿਤ ਸੀਸ ਸਿੰਘਾਂ ਨੇ ਵਾਰੇ ਨੇ।
ਕਾਲਾ ਸਿੰਘ ਦਰਸ਼ਨ ਗੁਰ ਹੋਸੀ ਹੋਣ ਜੈ ਜੈ ਕਾਰੇ ਨੇ।

*****

* ਇਹ ਪਿੰਡ ਨੈਗਲ ਵੱਡਾ, ਜ਼ਿਲਾ ਲੁਧਿਆਣਾ ਦੇ ਵਸਨੀਕ ਸਨ।

19. ਬਾਰਾਂਮਾਹ

ਕ੍ਰਿਤ

ਸ੍ਰੀ ਮਾਨ ਸੰਤ ਇਕਬਾਲ ਸਿੰਘ ਜੀ ਮਨਚੰਦਾ(ਸਿਆਮ)
ਸਤਿਜੁਗ ,ਸੰਮਤ 2019.

ਚੇਤਰ

ਚੇਤਰ ਚਿਤ ਹੈ ਉਦਾਸ ਪੀਆ ਮੇਰੇ ਨਹੀਂ ਪਾਸ,
ਮਨ ਮੇਰੇ 'ਚ ਹੁਲਾਸ ਕਦੋਂ ਦਰਸ ਮੈਂ ਪਾਵਸਾਂ।
ਮੇਰੇ ਮਨ ਵਿਚ ਪੀਰ ਲਗਾ ਪ੍ਰੇਮ ਵਾਲਾ ਤੀਰ,
ਵਗੇ ਨੈਣਾਂ ਵਿਚੋਂ ਨੀਰ ਕੀਹਨੂੰ ਮਨ ਸਮਝਾਵਸਾਂ ।
ਹੋਈ ਹਾਲ ਤੋਂ ਬੇਹਾਲ ਖੁਲੇ ਗਲ ਵਿਚ ਵਾਲ,
ਲੋਕੀ ਆਖਦੇ ਬੇਤਾਲ ਕਿਹਨੂੰ ਦੁਖੜਾ ਸੁਣਾਵਸਾਂ।
ਪ੍ਰੀਤਮ ਪਿਆਰੇ ਗੁਰੂ ਰਾਮ ਸਿੰਘ ਆਵੇ ਦੇਸ,
ਦੁਖਾਂ ਤੋਂ ਛਡਾਵੇ ਦਿਨ ਰਾਤ ਏਹ ਗਾਵਸਾਂ।

ਵੈਸਾਖ

ਵੈਸਾਖ ਹੈ ਵੈਰਾਗ ਲਗਾ ਸੀਨੇ ਮੇਰੇ ਦਾਗ,
ਜਿਵੇਂ ਜਿਵੇਂ ਸੁ ਧੋਵਾਂ ਤਿਵੇਂ ਤਿਵੇਂ ਵਧੀ ਜਾਂਵਦਾ ।
ਰੋਗ ਜੁਦਾਈ ਵਾਲਾ ਐਸਾ ਮੇਰੇ ਪੇਸ਼ ਪਿਆ,
ਕੋਈ ਵੈਦ ਇਸਦਾ ਇਲਾਜ ਨਾ ਬਤਾਂਵਦਾ।
ਤਾਹਨਿਆਂ ਤੇ ਮਿਹਣਿਆਂ ਨੇ ਕੀਤੀ ਮੇਰੇ ਭਾ ਐਸੀ,
ਸਾਕ ਸੁ ਸੈਣ ਕੋਈ ਮੈਨੂੰ ਮੂੰਹ ਨਹੀਂ ਲਾਂਵਦਾ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਸੁਣੇ,
ਨਿਤਦਾ ਵਿਛੋੜਾ ਮੈਥੋਂ ਜਰਿਆ ਨਾ ਜਾਂਵਦਾ।

ਜੇਠ

ਜੇਠ ਦੀਆਂ ਲੋਆਂ ਦਾ ਨਾ ਉਕਾ ਮੈਨੂੰ ਸੇਕ ਕੋਈ,
ਸੇਕ ਇਕੋ ਸੀਨੇ ਦੀਵਾ ਹਿਜਰ ਜੋ ਬਲਦਾ।
ਬਲਦਾ ਨਾ ਬੁਝ ਜਾਪੇ ਪ੍ਰੀਤਮ ਦੀਦਾਰ ਬਾਝੋਂ ,
ਪਤਾ ਨਹੀਂ ਜੀਵਨ ਦੇ ਇਕ ਘੜੀ ਪਲਦਾ।

ਪਲਦਾ ਜੋ ਬ੍ਰਿਹੋਂ ਸਤਾਵੇ ਮੈਨੂੰ ਪਲ ਪਲ,
ਰਾਭ ਤਕ ਤਕ ਨੈਣੀ ਨੀਰ ਉਛਾਲਦਾ।
ਚੀਨੀ ਅਸਵਾਰ ਸਤਿਗੁਰੂ ਰਾਮ ਸਿੰਘ ਤਾਂਈ,
ਕੋਈ ਆ ਮਿਲਾਵੇ ਤੇ ਲਵਾਏ ਫਹਿਆ ਸੱਲਦਾ।

ਹਾੜ

ਹਾੜ ਦਾ ਪਹਾੜ ਜਿਡਾ ਦਿਨ ਮੈਨੂੰ ਇਓਂ ਲਗੇ,
ਜਿਵੇਂ ਜੁਗ ਲੰਘ ਗਿਆ ਪੀਆ ਦੇ ਦੀਦਾਰ ਨੂੰ।
ਹਾਉਕਿਆਂ ਦੇ ਹਾਵੇ ਰਾਤੀਂ ਨੀਂਦ ਮੇਰੀ ਮੁਕ ਗਈ,
ਕੌਣ ਜਾਕੇ ਆਖੇ ਸੋਹਣੇ ਚੀਨੀ ਅਸਵਾਰ ਨੂੰ।
ਨੈਣਾਂ ਦੀਆਂ ਪੁਤਲੀਆਂ ਰਾਹ ਤਕ ਬੁਝ ਗਈਆਂ,
ਲੋਚਦੀਆਂ ਹਰਦਮ ਪ੍ਰੀਤਮ ਪਿਆਰ ਨੂੰ।
ਪ੍ਰਾਨ ਨਾਥ ਸ੍ਰੀ ਸਤਿਗੁਰੂਰਾਮ ਸਿੰ ਬਿਨਾਂ,
ਕੋਈ ਵੀ ਨਾ ਗਲ ਲਾਵੇ ਮੈਨੂੰ ਦੁਖਿਆਰ ਨੂੰ।

ਸਾਵਨ

ਸਾਵਣ ਕੀ ਘਟਾ ਘਨ ਘੋਰ ਛਾਈ ਚਾਰੋਂ ਓਰ,
ਦਾਮਨਿ ਚਮਕ ਦੇਖ ਜੀਅਰਾ ਡਰਤ ਹੈ।
ਮੋਰਨ ਕੀ ਕੂਕ ਸੁਣ [illegible] ਹੂਕ ਉਠੇ ਤੇਰੇ ਤਨ,
ਬਿਰਹਾ ਕੀ ਅਗਨੀ ਸੇ ਜੀਅਰਾ ਜਰਤ ਹੈ।
ਨੈਨਨ ਕੀ ਜੋਤ ਫੀਕੀ ਪਰ ਗਈ ਰੁਦਨ ਕਰ,
ਥੀਆ ਜੋ ਅਧੀਰ ਮਨ ਧੀਰ ਨ ਧਰਤ ਹੈ।
ਦੀਨਨ ਦਿਆਲ ਅਤਿਗੁਰੂ ਰਾਮ ਸਿੰਘ ਬਿਨ,
ਹਰ ਘੜੀ ਪਲ ਮੋਕੋ ਚੈਨ ਨ ਪਰਤ ਹੈ।

ਭਾਦਰੋਂ

ਭਾਦਰੋਂ ਭਰਮ ਵਿਚ ਸੁਧ ਬੁਧ ਐਸੀ ਭੁਲੀ,
ਤਨ ਦੀਨਾ ਹੋਸ਼ ਰਹੀ ਨਾਹਿ ਕਿਛੁ ਗਿਆਨ ਹੈ।
ਕੌਣ ਜਾਣੈ ਪੀਰ ਜੇਹੜੀ ਮੇਰੇ ਤਨ ਲਗੀ ਹੋਈ,
ਲੋਕਾਂ ਭਾਣੇ ਹਾਸਾ, ਮੇ ਰੀ ਜਾ ਰਹੀ ਜਾਨ ਹੈ।

ਬਿਰਹਾ ਸ਼ਿੰਗਾਰ ਭੇਖ ਜੋਗਨਾ ਦਾ ਧਾਰਿਆ ਮੈਂ,
ਹਥ ਵਿਚ ਮਾਲਾ ਲਾਇਆ ਪੀਆ ਦਾ ਧਿਆਨ ਹੈ।
ਪ੍ਰਾਨਨ ਅਧਾਰ ਸ੍ਰੀ ਗੁਰੂ ਰਾਮ ਸਿੰਘ ਬਿਨ,
ਘੜੀ ਦਾ ਵਿਛੋੜਾ ਕਈ ਜੁਗਾਂ ਦੇ ਸਮਾਨ ਹੈ।

ਅਸੂ

ਅਸੂ ਸੁਖੀ ਸੋਈ ਘਰ ਕੰਤ ਵਰੈ ਜਿਸ ਪਾਸ,
ਕੰਤ ਬਿਨ ਨਾਰੀ ਹੋਵੈ ਕਦੀ ਨਹੀਂ ਸੁਖੀ ਏ।
ਪੀਆ ਪਰਦੇਸ ਖੁਲੇ ਕੇਸ ਗਲ ਮੈਲੇ ਵੇਸ
ਤਨ 'ਚ ਕਲੇਸ਼ ਜਿੰਦ ਵਾਲ ਵਾਲ ਦੁਖੀ ਏ।
ਐਸੀਆਂ ਮੈਂ ਪਾਵਾਂ ਨਿਤ ਸ਼ੁਗਨ ਮਨਾਵਾਂ ਮਾਹੀ,
ਦਰਸ਼ਨ ਪਾਵਾਂ ਕਦ ਇਹੋ ਮੁਖ ਧੁਖੀ ਏ।
ਦੀਨਾਂ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ
ਜੀਵਨ ਦੀ ਘੜੀ ਲੰਘੇ ਬਹੁਤੀ ਬੇ ਰੁਖੀ ਏ।

ਕਤਕ

ਕਤਕ ਕਰਮ ਮੇਰੇ ਸੜ ਗਏ ਉਸੇ ਪਲ
ਜਿਸ ਵੇਲੇ ਕੰਤ ਪਰਦੇਸ ਦਰ ਮਲਿਆ।
ਹਥ ਜੋੜ ਪਲਾ ਪਾਕੇ ਰੋ ਰੋ ਫਾਵੀ ਹੋਈ,
ਪਰ ਮੇਰੇ ਪੀਆ ਦਾ ਨ ਜਰਾ ਜੀਅ ਹਲਿਆ।
ਮੰਦਰ ਤੇ ਚੜਕੇ ਮੈਂ ਪੰਥ ਨੂੰ ਨਿਹਾਰਾਂ ਨਿਤ
ਅਖੀਆਂ 'ਚ ਪਏ ਚਿਟੇ ਨੀਰ ਮੁਕ ਚਲਿਆ।
ਪ੍ਰੀਤਮ ਪਿਆਰੇ ਸ੍ਰੀ ਗੁਰੂ ਰਾਮ ਸਿੰਘ ਜੀਓ
ਸੁਖ ਦਾ ਸੁਨੇਹੜਾ ਮੈਨੂੰ ਕੋਈ ਵੀ ਨ ਘਲਿਆ।

ਮਘਰ

ਮਘਰ ਮਹੀਨੇ ਮੇਰੇ ਮਨ ਮੁਰਝਾਇ ਗਇਓ
ਪ੍ਰੀਤਮ ਦਰਸ ਲਈ ਸਦਾ ਬਿਲਲਾਤ ਹੈ।
ਘਰ ਨਹੀਂ ਆਵੇ ਹਾਵੇ ਭਰਾਂ ਨਿਤ ਹੌਕਿਆਂ ਦੇ
ਰੋਵਾਂ ਕੁਰਲਾਵਾਂ ਜਿਵੇਂ ਬਾਲ ਬਿਨ ਮਾਤ ਹੈ।
ਭੁਲਦਾ ਨ ਇਕ ਘੜੀ ਐਸਾ ਜਾਦੂ ਪਾਇਆ ਮਾਹੀ,
ਅੰਦਰਾ ਵਿਛੋੜਾ ਸੀਨਾ ਕਰੀ ਜਾਂਦਾ ਘਾਤ ਹੈ।

ਚੰਦ੍ਰਮਾ ਸਮਾਨ ਸਤਿਗੁਰੂ ਰਾਮ ਸਿੰਘ ਬਿਨ
ਲੰਮੀ ਇਹ ਜੁਦਾਈ ਵਾਲੀ ਭਈ ਕਾਲੀ ਰਾਤ ਹੈ ।

ਪੋਹ ਪੋਹ ਲਿਖੀ ਪਤ੍ਰੀ ਪੀਆ ਯਾਦ ਨੇ ਸਤਾਇਆ ਮੈਨੂੰ,
ਲਿਖਦਿਆਂ 2 ਕਾਨੀ ਮੇਰੀ ਰੁਕ ਗਈ।
ਨੈਣਾਂ ਵਿਚੋਂ ਨੀਰ ਦੇ ਫੁਹਾਰੇ ਮੇਰੇ ਵਗੇ ਵੇਖ
ਗੰਗਾ ਤੇ ਜਮਨਾ ਦੀ ਧਾਰ ਵਹਿਣੋ ਸੁਕ ਗਈ।
ਬਿਰਹਾ ਅੰਗਾਰੇ ਐਸੇ ਭਖੇ ਮੇਰੇ ਸੀਨੇ ਵਿਚ
ਜੀਹਦੇ ਨਾਲ ਬਰਫ ਹਿਮਾਲੇ ਦੀ ਮੁਕ ਗਈ ।
ਜੀਵਨ ਸਹਾਰੇ ਗੁਰੂ ਰਾਮ ਸਿੰਘ ਜੀ ਦੇ ਬਾਝੋਂ
ਜੀਵਨ ਦੀ ਜੋਤ ਮੇਰੀ ਨੈਣਾਂ ਵਿਚ ਲੁਕ ਗਈ।

ਮਾਘ ਮਾਘ ਦਾ ਮਹੀਨਾ ਸੀਨਾ ਭੁਜ ਕੇ ਕਬਾਬ ਹੋਇਆ
ਲੋਕਾਂ ਲਗੇ ਸੀਤ ਮੇਰੇ ਰਿਦੇ ਅੰਗਿਆਰੀਆਂ।
ਪੀਆ ਦੇ ਵਿਛੋੜੇ ਨੇ ਹੈ ਕਰ ਦਿਤਾ ਘਾਇਲ ਮੈਨੂੰ
ਐਸੀਆਂ ਪ੍ਰੇਮ ਦੀਆਂ ਲਗੀਆਂ ਕਟਾਰੀਆਂ।
ਪਤਾ ਨਹੀਂ ਕਿਹੜਾ ਇਹ ਗੁਨਾਹ ਕਰ ਬੈਠੀਆਂ ਨੇ
ਦਿਨੇ ਰਾਤ ਰੋਂਵਦੀਆਂ ਅਖੀਆਂ ਵਿਚਾਰੀਆਂ ।
ਸੋਹਣੇ ਦਿਲਦਾਰ ਸਤਿਗੁਰੂ ਰਾਮ ਸਿੰਘ ਬਾਝੋਂ
ਝੂਠੀਆਂ ਨੇ ਜਗ ਦੀਆਂ ਸਾਰੀਆਂ ਹੀ ਯਾਰੀਆਂ।

ਫਗਣ ਫਾਗਨ ਕੀ ਫਾਗ ਸੰਗ ਫੂਲਨ ਬਗੀਚੀ ਫਲੀ
ਲਾਗਤ ਨਾ ਭਲੀ ਮੋਹਿ ਪੀਆ ਪ੍ਰਦੇਸ ਹੈ।
ਆਏ ਨ ਅਰਾਮ ਹੈ ਅਵਧ ਸੂਨੀ ਰਾਮ ਬਿਨ
ਹਰ ਘੜੀ ਜਾਮ ਮੇਰੋ ਰਾਮ ਕੋ ਆਦੇਸ਼ੁ ਹੈ।
ਇਤਨਾ ਸੰਦੇਸ਼ੁ ਊਧੋ ਜਾਇ ਕਹਿਓ ਸ਼ਾਮ ਜੂ ਸੋਂ
ਕੂਕਿਓ ਕਾ ਆਪ ਬਿਨ ਜੋਗੀਓਂ ਸਾ ਵੇਸ ਹੈ।
ਦਰਸ਼ਨ ਕੀ ਆਸ ਸੇ ਨ ਕੀਜੀਓ ਨਿਰਾਸ ਮੋਕੋ
ਪ੍ਰਾਨ ਨਾਥ ਤੇਰੇ ਬਿਨ ਸੂਨੇ ਭਯੇ ਦੇਸ ਹੈ।

*****

20 ਬਾਰਾਂਮਾਹ

ਸਤਿਗੁਰੂ ਰਾਮ ਸਿੰਘ ਜੀ ਦਾ

ਕ੍ਰਿਤ

ਬੂਟਾ ਸਿੰਘ , ਪਿੰਡ ਸੈਹਸਰਾ ਜ਼ਿਲਾ ਗੁਜਰਾਂ ਵਾਲਾ ਨੇ ਸਾਧ ਸੰਗਤ ਦੇ ਲਾਭ ਹਿਤ ਛਪਵਾਇਆ॥ ਗੁਰਬਖਸ਼ ਪ੍ਰੈਸ ਲਾਹੌਰ

ੴ ਸਤਿਗੁਰ ਪ੍ਰਸਾਦਿ॥

ਅਥ ਬਾਰਾਂਮਾਹ ਸ੍ਰੀ ਗੁਰੂ ਰਾਮ ਸਿੰਘ ਜੀ ਕਾ ਲਿਖਯਤੇ॥ ਦੋਹਿਰਾ॥

ਜਾਂਕੇ ਨਾਮ ਪ੍ਰਤਾਪ ਤੇ ਪੰਥ ਭੋਇਆ ਹੈਲੋਕ॥
ਗੁਰੂ ਰਾਮ ਮਰਿਗਿੰਦ ਮੇ ਧਾਰੋਂ ਚਰਨ ਸਿਉ ਚੀਤ॥
ਚੋਪਈ॥
ਬੰਦਨ ਕਰ ਬਤਾਵੋਂ ਸਾਖੀ॥
ਕੁਛ ਸੁਣੀ ਕੁਛ ਦੇਖੀ ਆਖੀ॥
ਪਾਪ ਭੈਇਓ ਜਗਤ ਮੇ ਭਾਰੀ॥
ਧਰਮ ਗਇਓ ਕਰ----ਧਾਰੀ॥
ਦੁਖੀ ਸੰਤ ਕੀਨੇ ਵੇਚਾਰਾ॥
ਕੁੜੀਆ ਮਾਰੈਂ ਲੋਕ ਅਪਾਰਾ॥
ਗੋ ਗਰੀਬ ਕੋ ਦੁਖ ਦੈਂ ਭਾਰੀ॥
ਜਾਲਮ ਰਾਜ ਭੈਓ ਬਲਕਾਰੀ॥
ਦਸਮ ਗੁਰੂ ਜੋ ਪੰਥ ਚਲਾਏਓ॥
ਲੈ ਸਹੀਦੀ ਗੁਰ ਪੂਰੀ ਸਦਾਇਓ॥
ਪਾਛੈ ਉਨਕੈ ਨਾਤੀ ਜੋਈ॥
ਗੁਰੂ ਰਹਿਤ ਤੇ ਭਾਗੇ ਸੋਈ॥
ਪੀਨ ਸੁਰਾਂਬਾ ਹੋ ਅਲ ਬੇਲੇ॥
ਆਗੂ ਅੰਨੇ ਖੂਹਿ ਠੇਲੇ॥

ਬੇਦ ਗ੍ਰੰਥ ਕੀ ਨਿੰਦਾ ਭਾਰੀ।।
ਗਊ ਸਾਦ ਕੇ ਕੀਨ ਦੁਖਾਰੀ॥
ਪਾਪ ਕਰਤ ਕਛ ਸੁਕ ਚਿਓ ਨਾਹੀ॥
ਬਿਆਦਲੀ ਭਈ ਦੇਸ ਕੇ ਮਾਹੀ॥
ਭਏਓ ਕੁਧਰਮ ਦੇਸ ਮੈ ਭਾਰੀ॥
ਤਬ ਧਰ ਪਾਸ ਅਕਾਲ ਪੁਕਾਰੀ।
ਸੁਣੀ ਧਰਣ ਕੀ ਜਬੈ ਪੁਕਾਰਾ॥
ਲੀਤਾ ਤਬੈ ਸ੍ਰੀ ਪਤਾ ਅਵਤਾਰਾ॥
ਬਾਡੀ ਜਾਤ ਜਸਾ ਸਿੰਘ ਭੈਓ॥
ਤਾਂਕੇ ਘਰ ਅਵਤਾਰ ਸੋ ਲੈਇਓ॥ ਕਬਿੱਤ॥
ਤਬੈ ਗੁਰੂ ਰਾਮ ਸਿੰਘ ਜਗਤ ਓਦਾਰ ਬੈ ਕੋ ਲੀਨਅਵਤਾਰ ਗੁਰੂ ਭੂਮਪ੍ਰ ਆਏ ਹੈਂ॥
ਦੁਖੀ ਦੇਖ ਭੂਮ ਫੰਚਿਤ ਕੀਨੈ ਹੈ ਓਦਾਸ ਗੁਰੂ ਛਡ ਕੇ ਸੁਰਾਂ ਦੀ ਪੁਰੀ ਈਹਾਂ ਪ੍ਰਗਿਟਾਏ ਹੈਂ॥
ਪ੍ਰਬਿਤ ਸਹਾਦਰ ਮੈ ਚੌਦਾਂ ਕਰੋੜ ਰਿਖੀ* ਜੋਈ ਲਾਇਕੇ ਧਿਆਨ ਰੈਣ ਦਿਵਸੁ ਗੁਣ ਗਾਇਹੈਂ।
ਤਾਂਕੀ ਆਸ ਪੂਰਣ ਕਰੁਣ ਦੀਨਾ ਨਾਥ ਜੀ ਨੈ ਪੰਚ ਭੂਤ ਦਿੰਹਿ ਵਿਚ ਦਰਸ ਦਿਖਾਏ ਹੈਂ॥
ਕਬਿਤ॥ ਠਾਰਾਂ ਸੈ ਬਹਤ੍ਰੈ ਕੇ ਬੀਚ ਗੁਰੂ ਜਨਮ ਲੀਣ ਕੀਨੀ ਸੀਂਹਿਬਾਂ ਬਾਲ ਲੀਲਾ ਅਗਮ ਅਗਾਦ ਜੀ।।
ਧੰਨ ਜਸਾ ਸਿੰਘ ਜਿਨ ਕੈ ਘਰ ਅਵਤਾਰ ਹੋਇਓ ਓਜੜੀ ਸੀ ਸਿਖੀ ਫਿਰ ਕੀਨੀ ਹੈ ਆਬਾਦ ਜੀ॥
ਧੰਨ ਭੈਣੀ ਗਓ ਜਿਦੇ ਵਿਚ ਗੁਰੂਰੂਪ ਧਾਰਾ ਧੰਨ ਓਹ ਆਲਾਕਾ ਨਾਲੇ ਧੰਨ ਘਰ ਬਾਹਰ ਜੀ॥
ਧੰਨ ਓਹ ਸਿਖ ਜਿਨਾਂ ਸਿਖੇਆ ਵਿਚਾਰ ਲਈ ਧੰਨ ਓਪਕਾਰੀ ਜਿਨ ਕੀ ਨਾ ਓਪਕਾਰ ਜੀ॥ ਦੋਹਿਰਾ॥
ਚੇਤ ਚੋਦਵੀ ਚੰਦ ਜਿਉ ਪੰਥ ਭੈਇਉ ਹੈ ਆਨ॥
ਰਾਮ ਸਿੰਘ ਗੁਰ ਕ ਸਦਾ ਜਾਏ ਕਵੀ ਕੁਰਬਾਨ॥

---

* ਸ੍ਰੀ ਮੁਖ ਵਾਕ ਪਾਕ ਪਾਤਸ਼ਾਹੀ ॥੧॥
ਗਰੁੰਡ ਨਾਮਾ ਮੇ ਐਸੇ ਲਿਖਾਰੇ।।ਦੁਆਦਸ ਲਗੇ ਗਰੁੰਡ ਧਿਆਨਾਂ//ਮੈਤ੍ਰ ਗੁਰੁ ਸਾਹਿਬ ਤਿਨ ਠਾਨਾ ਏਕ ਪੁਓ ਅਵਨੀ ਪਰ ਖਰੈ ਰਸਨਾ ਗੁਰੂ ਸਾਹਿਬ ਚਿਤ ਕਰੈ ਓਹੁ ਨਿਰਖਤ ਅਬਲੋ ਗੁਰ ਠਾਂਡੇ ਪ੍ਰਿਧਮ ਜੁਗ ਤਿਨ ਕੇ ਮਨ ਗਾਡੇ ਸਤ ਜੁਗ ਬੀਚ ਕਥਾ ਸੁਣ ਪਾਈ ਸੋਕ ਪ੍ਰੀਛਤ ਪ੍ਰਿਤ ਭਾਖਸੁਣਾਬੀ ਬੇਦ ਮਈ ਕੇ ਸਗਲੇ ਨੰਦਨ ਦੁਆਦਸ ਗਾਤ ਕਰਤ ਸਬ ਬੰਦਨ॥ ਓਨਕੀ ਆਸ ਪੂਰਨ ਕਰਨ ਕੇ ਗੁਰੂ ਰਾਮ ਸਿੰਘ ਜੀ ਆਏ ਹੈਂ।।

ਅਨੰਦ ਛੰਤ॥

ਚੇਤ ਚਿਤ ਖਿੜ ਰਿਹਾ ਵੇਖ ਪੰਥ ਨੂੰ॥

ਆਏ ਕਿ ਦੀਦਾਰ ਦੇਣਾ ਏਸ ਜੰਤ ਨੂੰ॥

ਕਵਲੋਂ ਸਮਾਨ ਚਰਨੁ ਰਿਦੇ ਧਾਰੋ ਮੈ॥

ਸ੍ਰੀ ਬਾਡੀ* ਨਾਥ ਚਿਤ ਜੀ ਚਤਾਰੋਂ ਮੈ॥

ਕੀਨੇ ਤੂਨੈ ਚਲਤ ਆਪਾਰ ਧਾਰ ਜੀ॥

ਤੇਰਾ ਮਿਨੂ ਆਸਰਾ ਤਿਰਾ ਆਦਾਰ ਜੀ॥੧॥

ਇਕ "ਦਸ ਦੋ ਰੂਪ ਕੀਨੇ ਜਿਸਨੈ॥

ਓਹੁ ਗੁਰੂ ਨਾਨਕ ਬਸਾਓ ਚਿਤ ਮੈ।।

ਹਰਾਭਰਾ ਪੰਥ ਵੇਖ ਖੁਸ਼ੀ ਹੋਵਦਾਂ॥

ਰਾਖਾ ਕਰਤਾਰ ਹੋਵੈ ਏਸ ਕੌਮ ਦਾ॥

ਕਰਾਂ ਇਹ ਅਰਜ ਮੈ ਬਾਰ ਬਾਰ ਜੀ॥

ਤੇਰਾ ਮੈਨੂੰ ਆਸਰਾ ਤੇਰਾ ਆਧਾਰ ਜੀ॥2॥

ਧੰਨ ਗੁਰੂ ਰਾਮ ਸਿੰਘ ਸਚੀ ਮੂਰਤੀ ॥

ਸੰਤਾ ਨੂੰ ਨੇਰੇ ਨਿੰਦਕਾ ਨੂੰ ਦੂਰ ਜੀ।।

ਜੁਗ ਜੁਗ ਵਿਚ ਭਗਤਾਂਦੀ ਰਖਦਾ॥

ਜਾਤ ਜੋ ਗਰੀਬ ਓਨੂੰ ਕੀਤਾ ਲਖਦਾ॥

ਤੇਰੇ ਸੇਵਕਾ ਨੂੰ ਪੂਜਦਾ ਸੰਸਾਰ ਜੀ।।

ਤੇਰਾ ਮੈਨੂੰ ਆਸਰਾ ਤੇਰਾ ਆਦਾਰ ਜੀ॥3।।

ਚੇਤ ਦਾ ਮਹੀਨਾ ਜਗ ਵਿਚ ਸੁਹਾਵਣਾ ।

ਗੁਰੂ ਰਾਮ ਸਿੰਘ ਵਿਚ ਜਗ ਆਵਨਾ॥

ਧੰਨ ਗੁਰੂ ਰਾਮ ਸਿੰਘ ਜਗ ਤਾਰਿਆ॥

ਗੁਰੂ ਬਿਨਾਂ ਓਟ ਨ ਸਮਜ ਪਿਆਓਿਆ॥

ਸੰਤਾ ਨੂੰ ਮਿਲ ਦੁਨੀਆ ਤੁ ਹਾਰ ਜੀ॥

---

* ਬਾਡੀ ਆਦਾ ਨਾਥ ਗੁਰੂ ਰਾਮ ਸਿੰਘ

" ਤੇਰਾ ਰੂਪ॥

ਤੇਰਾ ਮੈਨੂੰ ਆਸਰਾ ਤੇਰਾ ਆਦਾਰ ਜੀ॥4।। ੧।।ਦੋਹਿਰਾ।।
ਵਿਸਾਖ ਵਿਸਰਿਆ ਨਾਮ ਜਾ ਪਾਪ ਭੈਏ ਧਰ ਮਾਹਿ॥
ਪ੍ਰਿਤ ਪਾਲਕ ਕਰਪਾਲ ਜੀ ਦਰਸ ਦਿਖਾਏਓ ਤਾਹਿ॥੧।।
ਅਨੰਦਛੈਤ ਵਿਸਾਖ ਆ ਵਿਸਾਈਉ ਜੜੀ ਜੁ ਸਿਖੀ ਸੀ॥
ਗੁਰੂ ਦਸਮੇਸ ਨੇ ਜੁ ਕੀਤੀ ਤਿਖੀ ਸੀ॥
ਨਿਰ ਬਲ ਹੋਇਆ ਖਾਲਸਾ ਜੋ ਸਾਰ ਸੀ॥
ਡੁਬਦਾ ਜਹਾਜ ਗੁਰੂ ਕੀਨਾ ਪਾਰਜੀ।।
ਪੀਂਦੇ ਜੋ ਸ਼ੁਰਾਬ ਖਾਨ ਮਾਸ ਆਨਕੇ ॥
ਚਰਸ ਹਟਾਇ ਗੁਰੂ ਬੁਰੇ ਜਾਨਕੇ॥੧॥
ਚੋਰੀ ਯਾਰੀ ਜਗ ਮੇ ਹੋਵੇ ਆਪਾਰ ਜੀ।।
ਜਲ ਰਹਿ ਜੀਵ ਕਰਨ ਹਾਰਾਅੰਅ ਕਾਰ ਜੀ।।
ਕਰਨ ਕੁਰੀਤੀਆਂ ਆਨੇਕ ਜਗ ਮੈ॥
ਸੜ ਰਹਿ ਹੁੰ ਜੀਵ ਪਾਪ ਰੂਪ ਅਗ ਮੈ॥
ਸ਼੍ਰੀ ਗੁਰੂ ਰਾਮ ਸਿੰਘ ਬਿਚਾਏ ਨਾਮ ਦੇ॥
ਚਰਸ ਹਟਾਏ ਗੁਰੂ ਬੁਰੇ ਜਾਣਕੇ॥2।।
ਆਪਨੇ ਜੋ ਦਾਸ ਕੀ ਕਰੇਹੂੰ ਸਾਰਜੀ।।
ਹੁਕਮ ਸੁਣਾਏ ਇਹੀ ਬਾਰ ਬਾਰ ਜੀ।।
ਰਖੋ ਓਹੁ ਰੈਹਿਤ ਜੋ ਆਕਾਲ ਵਾਲੀ ਹੈ॥
ਬੰਦੇ ਵਾਲੀ ਰੈਹਿਤ ਦੁਖ ਦੇਨ ਵਾਲੀ ਹੈ॥
ਸੁਨਤ ਹਟਾਨ ਗੁਰੂ ਦੁਖ ਮਾਨ ਕੈ।।
ਚਰਨ ਹਟਾਏ ਗੁਰੂ ਬੁਰੇ ਜਾਣ ਕੈ।।3।।
ਜੋਗੀ ਵਾਂਗ ਮੁੰਦਰਾਂ ਨੂੰ ਨਹੀਂ ਪਾਵਣਾ॥
ਨਕ ਕੰਨ ਕੰਨਿਆ ਦਾ ਨਹੀਂ ਸੁਜਾਵਣਾ॥
ਗਹਿਣਾ ਨਹੀਂ ਪਾਣਾ ਕਿਸੇ ਅੰਗ ਤਾਈਂ ਜੀ॥
ਛਡ ਏਕ ਸਚਾ ਨਾਂ ਕਿਸੈ ਨੂੰ ਧਿਆਈਂ ਜੀ॥
ਛੋਟੀ ਦਸਤਾਰ ਰਖਨੀ ਹੈ ਆਨ ਕੈ॥
ਚਰਸ ਹਟਾਏ ਗੁਰੂ ਬੁਰੇ ਜਾਣਕੇ।।

ਜੇਠ ਜਾਣ ਮਾਹਾ ਖੁਰਖ ਬਿਨ ਧਰਮ ਰਹਿ ਉਦਾਸ।।
ਗੁਰੂ ਰਾਮ ਸਿੰਘ ਜੀ ਬਿਨਾ ਹੋਤ ਉਪਦਰਿ ਘਾਤ।। ੧।।
ਜੇਠ ਜੁਗ ਚੋਥੇ ਹੁਨ ਫੇਰਾ ਪਾਲਿਆ।।
ਲਭਦਾ ਨਾ ਸਾਧੂ ਕੋਈ ਜਗ ਭਾਲਿਆ।।
ਛੁਟੀ ਓਹੁ ਕਮਾਨੋ ਜੇਹੜੀ ਰੀਤ ਪਿਛਲੀ॥
ਆਏਨੇ ਪਖੰਡ ਨੇ ਕਮਾਨ ਖਿਚ ਲਈ॥
ਕਹਿਣ ਗੁਰੂ ਖਾਲਸਾ ਭਜਣ ਕਰੇ ਜੋ।।
ਬਚੇਗਾ ਪਖੰਡੋਂ ਭਵ ਸਿੰਦਤਰੇ ਸੋ।। ੧।।
ਗੁਰੂ ਵਾਲੇ ਪੰਥਦਾ ਨਿਆਰਾ ਖੇਲ ਹੈ॥
ਚੋਰ ਯਾਰ ਠਗਦਾ ਨਾ ਜ਼ਰਾ ਮੇਲ ਹੈ।।
ਜਪਦੇ ਨੇ ਨਾਮ ਤੇ ਜਪਾਨ ਹੋਰਾਂ ਨੂੰ॥
ਰਖਦੇ ਨੇ ਰਹਿਤ ਤੇ ਰਖਾਨ ਹੋਰਾਂ ਨੂੰ॥
ਹੋਇ ਕੇ ਆਜਰ ਮਨ ਵਿਚ ਜਰੇ ਜੋ।।
ਬਚੇਗਾ ਪਾਖੰਡੋਂ ਭਵ ਸਿੰਦ ਤਰੇ ਸੋ॥ 2।।
ਸਿਧੀ ਦਸਤਾਰ ਗਲ ਮਾਲਾ ਫਬਦੀ ॥
ਕੜਾ ਕਰਪਾਣ ਲਕ ਕਛ ਸਜਦੀ।।
ਕੇਸਾਂ ਨਾਲ ਕੰਗਾ ਪੰਜ ਕਕੇ ਆਖਦੇ॥
ਨਾਮ ਅਸ਼ਨਾਨ ਦਾਨ ਮੁਖੋਂ ਭਾਖਦੇ।।
ਹੋਏ ਸੂਰਬੀਰ ਜਗ ਵਿਚ ਫਿਰੇ ਜੋ॥
ਬਚੇਗਾ ਪਖੰਡੋਂ ਭਵ ਸਿੰਧ ਤਰੇ ਸੋ।। 3।।
ਰਖਣੀ ਮੁਹੱਬਤ ਭਜਨ ਕਰਨਾ।।
ਕਹਿਣ ਗੁਰੂ ਚੋਰੀ ਪਾਸੋਂ ਬਹੁਤ ਡਰਨਾ।।
ਚੁਗਲੀ ਬਖੀਲੀ ਨੂੰ ਤਿਆਗੋ ਆਪਜੀ॥
ਬਰਣਾ ਚਹੁ ਦੀ ਬਣੇ ਇਕ ਜਾਤ ਜੀ।।
ਕਰੇਗਾ ਭਜਨ ਪੈਰੀ ਸੌਤਾ ਪਰੇ ਜੋ।।
ਬਚੇਗਾ ਪਖੰਡੋਂ ਭਵ ਸਿੰਧ ਤਰੇ ਸੋ॥ 4॥ 3॥ ਹਾੜ॥ ਦੋਹਰਾ।।

ਹਾੜ ਹੋਸ਼ ਕਰ ਮੂਰਖਾ ਉਮਰ ਗੁਜ਼ਸ਼ਤੇ ਹੋਏ॥
ਵਾੜੀ ਸਚੇ ਨਾਮ ਕੀ ਬੀਜ ਕਰਨ ਮੈ ਸੋਏ॥੧।। ਆਨੰਦ ਛੰਤ।।
ਹਾੜ ਹਿਰਸ ਵਾਲੀ ਵੇਲ ਵਧੀ ਆਣ ਕੇ।।
ਸਚ ਰੂਪ ਪਾਣੀ ਦਿਤਾ ਵਾਧਾ ਜਾਣਕੇ॥
ਸ ਮਾਰ ਸ਼ਾਖਾ ਵਧ ਗਿਆ ਬ੍ਰਿਛ ਸਚਦਾ।।
ਮਾਲੀ ਕਰਤਾਰ ਹੋਇਆ ਇਸ ਰਖਦਾ।।
ਪੱਤੇ ਪੱਤੇ ਡਾਲੀ ਦੀ ਖਵਰ ਰਾਖਦਾ।।
ਨਾਮ ਰੂਪੀ ਫਲ ਵਿਰਲਾ ਕੋਈ ਚਖਦਾ।।੧।।
ਬੰਦਗੀ ਅਪਾਰ ਕਰਣ ਦਿਨ ਰਿਹਾਤ ਜੀ।।
ਨਾਮ ਸੰਦੀ ਗੁਰੂ ਪਾਸੋਂ ਲੈਣ ਦਾਤ ਜੀ॥
ਵਜਦੇ ਨੇ ਛੈਣੇ ਢੋਲਕੀ ਅਪਾਰ ਜੀ।।
ਪੜਦੇ ਨੇ ਸਬਦ ਵਿਰਾਗ ਨਾਲ ਜੀ।।
ਹੋਣ ਜਾਂ ਵਿਰਾਗੀ ਪਸ਼ਾ ਨਾ ਕੋਈ ਰਖਦਾ।।
ਨਾਮ ਰੂਪੀ ਫਲ ਵਿਰਲਾ ਕੋਈ ਚਖਦਾ।।2।।
ਵਡੇ ਵੇਲੇ ਰਾਗੀ ਆਸਾ ਵਾਰ ਲਾਂਵਦੇ।।
ਲਾਏ ਕੇ ਸਮਾਦੀ ਸੰਤ ਨਾਮ ਧਿਆਂਵਦੇ॥
ਗੁਰੂ ਰਾਮ ਸਿੰਘ ਵਿਚ ਹੈਂ ਬਿਰਾਜਦੇ॥
ਜਿਵੇਂ ਹੰਸ ਮਾਨਸਰ ਵਾਲੇ ਤਾਲਦੇ॥
ਨਿੰਦਕ ਜੋ ਨਿੰਦਾ ਰੂਪੀ ਘਟਾ ਫਕਦਾ।।
ਨਾਮ ਰੂਪੀ ਫਲ ਵਿਰਲਾ ਕੋਈ ਚਖਦਾ।।3।।
ਦਿਨਾ ਵਿਚ ਪੰਥ ਭੋਇਆ ਵਡਾ ਭਾਰੀ ਹੈ॥
ਪੋਜਾਰੀ ਆਦੀ ਮਤ ਪੂਦਾ ਬਹੁਤ ਮਾਰੀ ਹੈ॥
ਲਾਹਿ ਗੁਰੂ ਪੰਮੇ ਦੁਖ ਰੂਪ ਜਾਣਕੈ ॥
ਚੰਮੜ ਪੁਜਾਰੀ ਰੀਗਾ ਠਗ ਆਨਕੈ।।
ਗੁਰ ਸਿਖੀ ਵਾਲਾ ਨਾਹੀ ਰੀਮ ਕਖ ਦਾ।।
ਨਾਮ ਰੂਪੀ ਫਲ ਵਿਰਲਾ ਕੋਈ ਚਖਦਾ।।4।।4॥ ਦੋਹਿਰਾ।।
ਸੋਣ ਸੁਣੀ ਤੂੰ ਸਜਨਾ ਪੂਜਾ ਜੋ ਧਰਮਸਾਲ।।
ਵਿਹੁ ਵਲੈਟੀ ਖੰਡ ਮੈਂ ਕਰੇ ਬੁਧ ਬਿਕਰਾਲ॥੧।।

ਅੰਨੰਦ ਛੰਦ।। ਸੋਨ ਸੋਹਣਾ ਪੰਥ ਪ੍ਰਗਟ ਹੋਇਆ ਆਨਕੇ।।
ਪੁਜਾਰੀ ਸਿਰ ਪਾਂਵਦੇ ਨੇ ਘਟਾ ਛਾਨਕੇ।।
ਹੋਰ ਕਰਨ ਨਿੰਦਕ ਅਪਾਰ ਨਿੰਦਿਆ।।
ਸਚ ਰੂਪ ਸੂਰਜ ਨੂੰ ਚਾਹਨ ਖਿੰਦਿਆ।।
ਆਕਾਲ ਰੂਪ ਧਾਰ ਜਿਥੇ ਆਂਵਦਾ ।।
ਹੋਵਦਾ ਨਾ ਕੁਛ ਵੈਰੀ ਯੋਰ ਲਾਂਵਦਾ।।੧।।
ਓਸ ਪੰਥ ਨਾਲੋਂ ਨਹੀਂ ਕੋਈ ਆਕਰਾ।।
ਹੋਵੈ ਜਿਦਾਰਖਾ ਆਪ ਤੂੰ ਠਾਕਰਾ।।
ਇਕ ਦੀ ਕੀ ਜਾਹਾ ਪੋਜਾਰੀ ਹੋਵੈ ਲਖ ਜੇ।।
ਰਾਖਾ ਕਰਤਾਰ ਵਿਗੜੈ ਨਾ ਕਖ ਜੇ।।
ਰਖ ਲੈਂਦਾ ਦਾਸ ਨੂੰ ਬ੍ਰਿਦ ਜਾਨਦਾ।।
ਹੋਵਦਾ ਨਾ ਕੁਛ ਵੈਰੀ ਯੋਰ ਲਾਂਵਦਾ।।2।।
ਗੁਰੂ ਗ੍ਰੰਥ ਬੀਚ ਸ੍ਰੀ ਗੁਰੂ ਕਹਿਦੇ ਹੈ।।
ਸੰਤਨ ਦੇ ਦੋਖੀ ਸਦਾ ਔਖੇ ਰਹਿਦੇ ਹੈ।
ਕਹੈਗਾ ਜੋ ਨਿੰਦਾ ਹੰਕਾਰੀ ਆਨਕੈ।।
ਆਪ ਕਰਤਾਰ ਪੁਛਦਾ ਪਛਾਨ ਕੈ।।
ਜਿਦਾ ਖ਼ਖ ਰਖਾ ਆਪ ਆ ਅਕਾਲ ਹੋਵਦਾ।।
ਹੋਵਦਾ ਨਾ ਕੁਛ ਵੈਰੀ ਯੋਰ ਲਾਵਦਾ।।3।।
ਜਿਉ ਜਿਉ ਸਿੰਘ ਵਦਦੇ ਨੇ ਜਾਵਦੇ।।
ਦੋਖੀ ਕਰ ਨਿੰਦਿਆ ਨੂੰ ਖਿਹ ਖਾਵਦੇ।।
ਚੁਗਲੀ ਬਖੀਲੀ ਕਰ ਦੇ ਹਮੇਸ਼ ਨੇ ਦੀਨੇ ਹੈ ਸਰਾਫ ਗੁਰੂ ਦਸਮੇਸ਼ ਨੇ।।
ਨਿੰਦਕ ਜਨੰਮਐਹਿਲਾ ਹੈ ਰੁਵਾਵਦਾ ਹੋਵਦਾ ਨਾ ਕੁਛ ਵੈਰੀ ਯੋਰ ਲਾਂਵਦਾ।।4।।6।। ਦੋਹਿਰਾ।।
ਭਾਦਰੋ ਭਜ ਤੂੰ ਅਕਾਲ ਕੋ ਸੁਨ ਮਨ ਰੇ ਤੂ ਸਾਖ।।
ਹਜਰੋ ਤੇ ਗੁਰ ਜਬ ਆਏ ਤਾਰੇ ਭਜਣ ਦੇ ਲਾਖ।।੧।।
ਆਨੰਦ ਛੰਦ।।ਭਾਦੋਂ ਭਜੋ ਹਰੀ ਨੂੰ ਸੁਨੋ ਬਾਰਤਾ।।
ਬਾਈ ਸੂਬੇ ਸ੍ਰੀ ਗੁਰੂ ਹੈ ਥਾਪਦਾ।।
ਓਨਾ ਦੇ ਮੁਖੋ ਤਸੀਰ ਓਹੁ ਜਹੀ ਹੈ।।
ਜੈਸੀ ਗੁਰੂ ਰਾਮ ਸਿੰਘ ਆਪ ਲਈ ਹੈ। ।

ਉਨੀ ਸੈ ਬੀਸ ਵਿਚ ਸੂਬੇ ਥਾਪ ਕੇ॥ਹੋਰਨਾਂ ਨੂੰ ਤਾਰਦੇ ਉਨ੍ਹਾਂ ਨੂੰ ਤਾਰਕੇ॥੧॥
ਭੈਣੀ ਸਾਹਿਬ ਵਿਚ ਲੋਹੁ ਲਾਈ ਗੁਰਾਂ ਨੇ॥
ਸਚੇ ਸੌਦੇ ਵਾਲੀ ਹਟੀ ਪਾਈ ਗੁਰਾਂ ਨੇ॥
ਹੈਦਰਵਾਜੇ ਵੀਚ ਆਜਤਾਕ ਜੀ॥
ਦੇਖੀ ਹਮ ਅਖੀਂ ਦਿਉ ਨਾਂ ਕੂਰ ਭਾਖਜੀ॥
ਪਾਪੀ ਅਪਰਾਦੀ ਕਰੇ ਗੁਰੂ ਪਾਰ ਜੀ॥
ਨਾਮ ਰੂਪੀ ਬੇੜਾ ਕੀਤਾ ਹੈ ਤਿਆਰ ਜੀ॥2॥
ਉਨੀ ਸੈ ਚਵੀ ਫੇਰ ਅਨੰਦ ਪੁਰਜੀ॥
ਬਜਾਏ ਕੇ ਨਗਾਰਾ ਪੋਹਚ ਗਏ ਧੁਰ ਜੀ॥
ਜਾਏ ਕੇ ਦੇਵਾਨ ਰਾਗੀਆ ਦਾ ਲਾਵਦੇ॥
ਕਰਦੇ ਭਜਨ ਹਰੀ ਜਸ ਗਾਂਵਦੇ॥
ਗੁਰੂ ਕਹਿਨ ਆਵੇ ਜਾਨਾ ਜਿਸ ਪਾਰ ਜੀ॥
ਨਾਮ ਰੂਪ ਬੇੜਾ ਕੀਤਾ ਹੈ ਤਿਆਰ ਜੀ॥3॥
ਆਏਕੇ ਆਨੇਕਾਂ ਨੇ ਲਿਆ ਹੈ ਨਾਮ ਜੀ॥
ਜਪ ਕੇ ਸ਼ਬਦ ਹੋਏ ਗਏ ਨਿਕਾਮ ਜੀ॥
ਢੁਲਕ ਤੇ ਛੈਣੇ ਨਾਲ ਸ਼ਬਦ ਜੁਟੀਆਂ॥
ਪੜਦੇ ਨੇ ਸਿੰਘ ਬੁਦਾ ਗਈਆ ਖੋਟੀਆ॥
ਕਹਿਨ ਗੁਰੂ ਕਰਲੋ ਸਸਤਾ ਬਿਪਾਰ ਜੀ॥
ਨਾਮ ਰੂਪ ਬੇੜਾ ਕੀਤਾ ਹੈ ਤਿਆਰ ਜੀ॥4॥6॥ਦੋਹਿਰਾ॥
ਅਸੂ ਇਸ ਬਿਦ ਗੁਰੂ ਜੀ ਹੁਕਮ ਸੁਨਾਏਓ ਫੇਰ॥
ਲੇਓ ਕੜਾ ਪ੍ਰਸਾਦਿ ਕਰ ਚਲੋ ਨਾ ਲਾਈਓ ਡੇਰ॥੧॥ਅਨੰਦ ਛੰਦ॥
ਅਸੂ ਆਏ ਦਰਬਾਰ ਸਾਹਿਬ ਮਥਾ ਟੇਕਦੇ॥
ਕਹਿੰਦੇ ਹੈਂ ਪੁਜਾਰੀ ਬੁਰੀ ਤਰ੍ਹਾਂ ਵੇਖਦੇ॥
ਲੈਂਦੇ ਨਾ ਕੜਾ ਪਰਸਾਦ ਗੁਰੂ ਤੇ॥
ਪਾਈ ਏਨਾ ਭੰਗ ਪੰਥ ਵਿਚ ਸੁਰੂ ਤੋਂ॥
ਸੰਬਾ ਪਿਛੇ ਹਟ ਅਰਦਾਸ ਸੋਦੇਆ॥
ਤੇ ਕਹਿਨ ਤੁਸਾ ਦਿਸਣਾ ਹੈ ਪਿਛੇ ਰੋਂਦਿਆਂ॥2॥

ਨਿਕਲ ਤੇ ਓਥੇ ਫਿਰ ਡੇਰੇ ਆਂਵਦੇ॥
ਕਰ ਇਸ਼ਨਾਨ ਚਾ ਦੀਵਾਨ ਲਾਵਦੇ॥
ਹੋਈ ਜਾ ਵਿਸਾਖੀ ਗੁਰੂ ਕੂਚ ਕਰਦੇ ਆਏ ਵਿਚ ਸੁਧਾ ਸਰ ਪੈਰ ਧਰਦੇ ਪਿਛ
ਏਹ ਪੁਜਾਰੀ ਆਨੇ ਗੋਦਾ ਗੋਦਿਆ॥ ਕਹਨ ਤੇਸਾ ਦੱਸਨਾ ਹੈ ਪਿਛੋਂ ਰੁਦੇਆ॥
ਰਾਮ ਸਿੰਘ ਗੁਰੂ ਬਨ ਬੈਠਾ ਆਏ ਕੇ॥
ਸੰਗਤ ਅਪਾਰ ਫਿਰੇ ਮਗੁਰ ਲਾਏਕੇ॥
ਹਰ ਗੁਰ ਦਵਾਰੀ ਭਿਜੀਆ ਨੇ॥
ਚਿਠੀਆਂ ਪੁਜਾਰੀਆ ਨੇ ਮੰਨ ਲਈਆਂ ਕਰ ਮਿਠੀਆਂ॥
ਪੁਜਾਰੀ ਕਾਂਗ ਵਾਗੂ ਰੈਹਿਨਾਸਦਾ ਲੋਂਦਿਆਂ॥
ਕਹਿਨ ਤੇਸਾ ਦਿਸਨਾ ਹੈ ਪਿਛੋਂ ਰੋਦਿਆਂ॥
ਇਸ ਬਿਦ ਲਾਏਨੇ ਅੰਗੂਠੇ ਸਾਰਿਆਂ।।
ਕਲਾ,ਮ ਮੁਸਲ ਮਾਨੀ ਮੁਖੋਚਾਓ ਚਾਰਿਆ ਨਾਲੇ ਕਹਿਨ ਦਸਤਾਰ ਹੈ ਓਤਾਰ ਦੇ॥
ਨਾਲੇ ਰਾਮ ਸਿੰਘ ਨੂੰ ਗੁਰੂ ਓਚਾਰ ਦੇ॥
ਵਜ਼ਜਾਨਾ ਪੰਥ ਤੁਹਾਡੇ ਬਹਿਦੇ ਸੋਦਿਆ॥
ਕਹਿਨ ਤੁਸਾ ਦਿਸਨਾ ਹੈ ਪਿਛੋ ਰੋਦਿਆ।।5।।7।।
ਦੋਹਿਰਾ।। ਕਤੋਂ ਕੀਤੀ ਸਮਨਾ ਮਿਲਕੇ ਰਾਏ ਪਾਸ।।
ਜਿਦਾ ਹੋਏ ਮਟਾਓ ਤੁਮ ਨਾਤੂ ਕਰਹੈ ਨਾਸ॥ ੧॥ ਅਨੰਦ ਛੰਦ॥
ਕਤੇ ਕਿਸਮਤ ਭਲੀ ਹੋਈ ਜਿਨਾਦੀ॥
ਉਨ੍ਹਾ ਨਹੀ ਮੰਨੀ ਗਲਰਤੀ ਏਨਾ ਦੀ।।
ਛਡ ਬੂਆ ਸਿੰਘਾ ਏਲ ਨਾ ਨੂੰ ਕੀ ਆਖਨਾ।।
ਜਿਹਾਬੀ ਬੀਜਿਆ ਤਿਹਾ ਹੀ ਚਾਖਨਾ॥
ਕਰ ਏਨਾ ਨਿੰਦਾ ਕਦੋ ਸੁਖ ਪਾਲਿਆ॥
ਪੈਸਾ ਪੈਸਾ ਮੰਗਨਾ ਧੁਰੋਂ ਲਿਖਾਲਿਆ॥
ਰੰਗਾ ਵਾਲੀ ਗਲ ਏਨਾ ਠਗਾਂ ਚਾਲਈ॥
ਦੰਦ ਅਡ ਮੰਗਨੇ ਦੀ ਰਸਮ ਪਾਲਈ॥
ਗੁਰੂ ਸਾਹਿਬ ਫਿਰ ਮਾਗੀ ਵਲ ਜਾਵਦੇ ਡੇਰਾ ਮੁਕਤਸਰੇ ਚੜਦੇ ਲਗਾਵਦੇ ਪੁਜਾਰੀਆਂ
ਨੇ ਓਹੁ ਮਤਾ ਹੈ ਪਕਾ ਲਿਆ।।
ਪੈਸਾ ਪੈਸਾ ਮੰਗਨਾ ਧੁਰੋ ਲਿਖਾਲਿਆ।।2।।

ਜਦੋਂ ਗੁਰੂ ਸਾਹਿਬ ਦਰਬਾਰ ਜਾਵਦੇ।।
ਪੋਜਾਰੀ ਓਸੇ ਤਰਾ ਆਨ ਰੋਲਾ ਪਾਵਦੇ।।
ਤਪਾ ਸਿੰਘ ਨਿਰੰਗ ਜਥੇਦਾਰ ਉਠ ਕੇ ਕੈਹਦਾ ਤਨਖਾ ਮੰਨੋ ਦਿਲ ਘੁਟ ਕੇ
ਕਹਿਨ ਗੁਰੂ ਤੁਸਾ ਏਹਿ ਬਪਾਰ ਭਾਲੇਆ ਪੈਸਾ ਪੈਸਾ ਮੰਗਨਾ ਧੁਰੋ ਲਖਾਲਿਆ।।3।।
ਨੀਲਾ ਦਸਤਾਰ ਧਾਰੇ ਨਹੰਗ ਆਖਦੇ।।
ਲਗੀ ਤਨਖਾਹਾ ਗੁਰੂ ਸੀਸ ਰਾਖਦੇ।।
ਧਾਰਨੀ ਲਾਬਾਨਾ ਗੁਰੂ ਡੇਰਾ ਆਗਿਆ।।
ਪਿਛੇ ਏਹ ਪੁਜਾਰੀਆਂ ਨੇ ਰੋਲਾ ਪਾਲਿਆ ਕਹਿਨ ਤਪਾ ਸਿੰਘ ਨੇਨਾ ਢੰਗ ਭਾਲਆ।।
ਪੈਸਾ ਪੈਸਾ ਮੰਗਨਾ ਧੁਰੋ ਲਿਖਾਲਿਆ।।
ਮਾਹਾਰਾ ਮੰਦ ਭਾਗੀ ਤਨਖਾਹਾ ਲਾਵਦੇ।।
ਤਲਾਸੰਦੀ ਬਾਈ ਪਕੀ ਫਰਮਾਵਦੇ।।
ਮੰਨ ਗੁਰੂ ਸਾਹਿਬ ਫਿਰ ਆਏ ਡੇਰੇ ਨੇ।।
ਫਿਰ ਪਿਛੇ ਬਦੂਵਾਨੇ ਪਾਏ ਝੇੜੇ ਨੇ।।
ਕਹਿਨ ਤਨਖਾਹਾ ਓਨ੍ਹੂ ਚੋਖੀ ਚਾਹੀਦੀ।।
ਪੂਜਾ ਮਤ ਮਾਰੀ ਸੁੰਦ ਨਹੀ ਆਈ ਜੀ।।੧।।
ਤਪਾ ਸਿੰਘ ਫੇਰ ਸਿਹਿਬਾ ਨੂੰ ਬੁਲਾਂਵਦਾ ।।
ਰੁਪੈਆ ਸਿੰਘ ਲੈਹਦੀ ਤਨਖਾਹਾ ਲਾਵਦਾ ਕਡਕੇ ਰੁਪੈਆਸਾਹਿਬ ਚਾ ਫੜਾਂਵਦਾ।।
ਹੋਰੀ ਪਾਸੋ ਲੈ ਮੁਖੋ ਫਰਮਾਵਦੇ।।
ਸੁਨ ਤਪਾ ਸਿੰਘ ਬੋਲਦਾ ਸਦਾਈ ਜੀ।।
ਪੂਜਾ ਮਤ ਮਾਰੀ ਸੁਦ ਨਹੀਂ ਆਈ ਜੀ।।2।।
ਜੋਸ਼ ਨਾਲ ਕੈਹਿਦਾ ਤਪਾ ਸਿੰਘ ਆਨਕੇ।।
ਤਨਖਾਹ ਨਾਂ ਲਾਵਓ ਓਖੇ ਕਰਮ ਠਾਨਕੇ।।
ਗੁਰੂ ਜੀ ਸਰਾਫ਼ ਦੇ ਨਹੰਗਾ ਤਾਈ ਜੀ।।
ਲਗੀ ਤਨਖਾਹਾ ਵੇਖੋ ਜਗ ਆਈ ਜੀ ਸੋਈ ਠੀਕ ਹੋਈ ਇਸੇ ਨਾਲ ਭਾਈ ਜੀ
ਪੂਜਾ ਮਤ ਮਾਰੀ ਸੁਦ ਨਹੀ ਆਈ ਜੀ।੩।।
ਏਸ ਤਪਾ ਸਿੰਘ ਇਕ ਕੀਤੀ ਨਾਰੀ ਸੀ।।
ਕੁਛ ਦਿਨ ਮਗਰੋ ਭਈ ਖਵਾਰੀ ਸੀ।।

ਮਾਪੇ ਓਸ ਨਾਰੀ ਦੇ ਪੁਛਾਣੀ ਆਨਕੇ।।
ਪੰਥ ਕੀਤਾ ਰੋਸ ਓਨੂੰ ਚੂਹੜੀ ਜਾਨਕੇ।।
ਤਨਖਾਹਦਾਰ ਹੋਏ ਹੁਣ ਤੁਸੀਂ ਭਾਈ ਜੀ।।
ਪੂਜਾ ਮਾਰੀ ਮਤ ਸੁਦ ਨਹੀ ਆਈ ਜੀ॥4॥9॥
ਪੋਹ ਪਸੂ ਤਾਈ ਪੰਥ ਦਿਤਾ ਕਡ ਜੀ।।
ਲਗਵਾਨ ਹਲਥਾਂਨ ਗਿਆ ਜਟ ਜੀ।।
ਇੱਕ ਦਿਨ ਗੁਰੂ ਓਸ ਰਾਹਾ ਆਂਵਦੇ।।
ਵਾਵਾਦਾ ਸੀ ਹਲ ਫਤੇ ਚਾ ਬੁਲਾਂਵਦੇ।।
ਹੋਏ ਕੇ ਹਦੀਨ ਢਠਾ ਪੈਰੀ ਭਜ ਜੀ।।
ਕੜਿਆਜੇ ਵਾਕ ਤੀਰ ਗਿਆ ਵਜਜੀ।। ੧।।
ਬਖਸੋ ਗੁਨਾ ਕਰੋ ਮਾਫ਼ੂ ਬੋਲਿਆ।।
ਸਬ ਦਰ ਛੋਡ ਤੇਰਾ ਦਰ ਟੋਲਿਆ।।
ਅੰਬਰਤ ਛਕਾਏ ਕੇ ਭਜਨ ਦਸੇਆ ।।
ਲਿਦਦੇ ਹਟਾਨ ਵਾਲਾ ਚੋਓ ਵਸਿਆ।।
ਤਪਾ ਸਿੰਘ ਬੈਠਾ ਹਰੀ ਹਰ ਭਜ ਜੀ।।
ਕੜਇਆ ਜੇ ਵਾਕ ਗਿਆ ਤੀਰ ਵਜ ਜੀ।।2।।
ਓਨੀ ਸੈ ਸਤਾਈ ਸੁਦਾਸਰ ਆਂਵਦੇ।।
ਚਾਟੀ ਵਿੰਡ ਵਲ ਡੇਰਾ ਚਾਲਗਾਵਦੇ॥
ਦੀਪਮਾਲ ਵਾਲੇ ਦਿਹੁ ਗਏ ਦਰ ਬਾਰ ਜੀ।।
ਪੋਜਾਰੀਆਂ ਨੇ ਫੇਰ ਕੀਤੀ ਆਨਰਾਰ ਜੀ।।
ਨਾਵੇਂ ਗੁਰੂ ਦੇਤਾ ਹੈ ਸਰਾਫ ਕੜਜੀ।।
ਕੜਿਆ ਜੇ ਵਾਕਗਿਆਤੀਰ ਵਜਜੀ।।
ਪੁਜਾਰੀਆ ਨੇ ਕਹਿਆ ਏਹ ਗੁਰੂ ਵਸਜੀ॥
ਪੁਜਾਰੀਆ ਪਰਸਾਦ ਤਾਈ ਕੀਤਾ ਬੰਦ ਜੀ।।
ਸੋਦੂ ਅਰਦਾਸਾ ਗੁਰਾਂ ਦਿਤਾ ਵੰਡ ਜੀ॥
ਮਥਾ ਟੇਕੋ ਦੂਰੋ ਇਹਿਕੇਦੇ ਗਜ ਜੀ।।
ਕੜਆ ਜੇ ਵਾਕ ਗਿਆ ਤੀਰ ਵਜਜੀ।।4॥10॥ ਅਨੰਦ ਛੰਦ।।

ਮਾਗ ਮੰਦ ਪੁਜਾਰੀਆ ਕੀਤੀ ਰਾਰਅਪਾਰ॥
ਜਗਤ ਠਗਨ ਕੇ ਏਨਾ ਨੇ ਪੂਰੇ ਲਾਏ ਜਾਲ॥੧॥
ਅਨੰਦ ਛੰਦ।। ਮਾਗ ਮੇਰੇ ਗੁਰੂ ਓਥੇ ਚਲਆਏ ਨੇ ॥
ਭੈਨੀ ਸਾਹਿਬ ਡੇਰੇ ਆਨ ਚਾਲ ਗਾਏ ਨੇ।।
ਰਾਜ ਅੰਗਰੇਜੀ ਅੰਦਘੋਰ ਆਏ ਆ ਹੈ॥
ਬੂਚੜਾ ਨੇ ਜਗ ਵਿਚ ਘੋਰ ਪਾਏਆ ਹੈ।।
ਘੱਟੇ ਘਰ ਅੰਮ੍ਰਿਤਸਰ ਹੁਕਮ ਆਏਆ ਜੀ।।
ਧਰਮ ਗਿਆ ਘਟ ਪਾਪ ਘੋਰ ਪਾਏਆ ਜੀ॥੧।।
ਗੀਦੀ ਹੈ ਧੋਜਾਰੀ ਹਥ ਨਾਓਠਾਵਦੇ॥
ਕਰਨੀ ਦੇ ਸਸੇ ਸਿੰਘ ਹੈ ਕਹਾਵਦੇ॥
ਉਠੇ ਹੈ ਮੜੇਲ ਤਦੇ ਗੁਸਾ ਖਾਏ ਕੇ॥
ਲਈ ਹੈ ਸਹੀਦੀ ਬੁਓੜੇ ਓਡਾਏ ਕੇ।।
ਏਦਰ ਲੈਹਣਾ ਸਿੰਘ ਗੁਰੂ ਨੂੰ ਸੋਨਾਏਆਜੀ।।
ਧਰਮ ਗਿਆ ਘਟ ਪਾਪ ਘੋਰ ਪਾਏਆ ਜੀ।।2।
ਸਾਨੂ ਤੁਸੀ ਆਖੇ ਖੜਗ ਓਠਾਈਏ ਜੀ।।
ਵਡੀਏ ਬੁਚੜ ਤੇ ਸਾਹੀਦੀ ਪਾਈਏ ਜੀ।।
ਗਊ ਓਗਾਛੀਬ ਦੁਖ ਲੈਨ ਜਗ ਮੈ॥
ਸ੍ਹੇਰ ਭਏ ਗੀਦੀ ਹੰਸ ਭੈਏ ਬਗਹੈ॥
ਕਹਿਨ ਗੁਰੂ ਜਾਹੁ ਹੁਕਮ ਸੁਣਾਇਆ ਜੀ।।
ਧਰਮ ਗਿਆ ਘਟ ਪਾਪ ਘੋਰ ਪਾਏਆ ਜੀ॥3।।
ਲੈਹਿਨਾ ਸਿੰਘ ਅਸੀ ਸਿੰਘ ਨੈਨਾਲਨੇ॥
ਕੋਟ ਲੇ ਮਰੇਲ ਧੈਏ ਘੋਰ ਨਾਲਨੇ ਕਟਾਵਡ ਕਰ ਛਟ ਪਟ ਸੂਰਮੇਂ॥
ਲਹਿਣਾ ਸਿੰਘ ਹੋਰਾਂ ਕੀਤੇ ਤੁਰਕ ਚੂਰ ਨੇ।।
ਬਚਕੇ ਨਾਂ ਤੁਰਕ ਘਰ ਇਕ ਆਏਆ ਜੀ॥
ਧਰਮ ਗਿਆ ਘਟ ਪਾਪ ਘੋਰ ਪਾਇਆ ਜੀ।।4॥ਛੰਦ।।
ਫਗਨ ਫੇਰ ਸਿੰਘ ਬਾਹਿਰ ਡੇਰਾ ਲਾਵਦੇ॥
ਪਟਿਆਲੇ ਵਾਲੇ ਧੋਖਾ ਹੈ ਕਮਾਵਦੇ।।

ਫੜ ਕਰ ਧੋਖੇ ਨਾਲ ਰੋਂਦਾਪਾਏ ਹੈ॥

ਅੰਗਰੇਜਾਂ ਸਿੰਘ ਤਦੋ ਤੋਪ ਅਗੇਡਾਹਿ ਹੈ॥

ਉਡੇ ਸਿੰਘ ਖੁਸ਼ੀ ਹੋਏ ਫਅਗੋਜੀ ਓਨੀਸੈ ਆਠਾਈ ਸੰਨ ਤਦੋ ਲਗੇ ਜੀ॥੧।।

ਅੰਦਰ ਪੰਜਾਬ ਪਿਆਰੇਲਾ ਆਨਕੇ॥

ਕਵਰਾਂ ਮਸੀਤਾਂ ਢਾਹੀਆਂ ਸਿੰਘਾਂ ਜਾਨਕੇ ਪਕੇ ਜਿੜੇ ਲੋਕ ਭੈ ਡਰਦੇ॥

ਸਿੰਘ ਨਓ ਡਰਦੇ ਜਰਾਂ ਨਹੀ ਡਰਦੇ॥

ਸੁਨਨ ਗੋਬਿੰਦ ਓਥੇ ਜਾਨ ਵਰੈਜੀ ਓਨੀ ਸੈ ਅਠਾਈ ਸੰਨ ਤਦੋ ਲਗੇਜੀ॥2।।

ਬੈਠ ਅੰਗਰੇਜ਼ ਕਰਦੇ ਵਿਚਾਰ ਜੀ ਮਤੇ ਕਿਤੇ ਕਰਨ ਸਾਡਾਂ ਚੂਰ ਰਾਜ ਜੀ।।

ਓਠੇ ਭਬਕਾਰ ਸਿੰਘ ਜੋ ਭੁਜੰਗੀ ਜੀ।।

ਫਿਰੇ ਖੋਡਖਾਂਦਾਂ ਵਡਾਂ ਲਾਟ ਜੰਗੀ ਜੀ।।

ਕਰੀਏ ਏਹ ਪੰਥ ਦੂਰ ਕਿਸੈ ਪਜੇਜੀ।।

ਓਨੀ ਸੈ ਆਠਾਈ ਸਨ ਤਦੋ ਲਗੇ ਜੀ॥3।।

ਸਾਰੇ ਰਾਜਆਂ ਪੁਛੇਆਂ ਸੀ ਗੋਰਿਆਂ।।

ਸਾਡੇ ਰਾਜ ਵਿਚ ਬਹੁਤ ਸ਼ੋਰ ਹੋਗਿਆਂ॥

ਸਾਰੇਆਨੇ ਮੇਲ ਇਹ ਸਲਾਹ ਠਰਾਈ ਜੀ।।

ਪਿੰਡ ਪਿੰਡ ਵਿਚ ਬੈਹਿ ਗਏ ਸਪਾਹੀ ਜੀ।।

ਗੁਰੂ ਸਾਹਿਬ ਗਏ ਟਾਪੂਵਾਂ ਦੀ ਹਦੇ ਜੀ ਉਨੀ ਸੈ ਆਠਾਈ ਸੰਨ ਲਗੇ ਤਦੋ ਜੀ।। 4॥

ਸੰਪੂਰਣ।।

*****

جملہ حقوق محفوظ ہیں -
مصنفہ گیانی ملوک سنگھ جالندھر +



21. <u>ਬਾਰਾਂਮਾਹ</u>

ਕ੍ਰਿਤ
ਗਿ. ਮਲੂਕ ਸਿੰਘ 'ਆਜ਼ਿਜ਼'

ਚੇਤਰ ਚਿੰਤਾ ਛਡ ਦੇ ਪਿਆਰੇ,
ਕਾਹਨੂੰ ਚਿੰਤਾ ਲਾਈਆ।।
ਜਿਸ ਨੇ ਤੈਨੂੰ ਪੈਦਾ ਕੀਤਾ,
ਰੋਜ਼ੀ ਓਸ ਬਣਾਈਆ।।
ਪਹਿਲੇ ਬਣੀ ਪ੍ਰਾਲਬਧ ਤੇਰੀ,
ਪਿੱਛੇ ਜਿੰਦੜੀ ਪਾਈਆ।
ਮਲੂਕ ਸਿੰਘ 'ਆਜ਼ਿਜ਼ ਸਮਝ ਪਿਆਰੇ,
ਚਿੰਤਾ ਕਿਉਂ ਵਧਾਈ ਆ।
ਵਿਸਾਖ ਵਸ ਵਿਚ ਮਨ ਨੂੰ ਕਰ ਕੇ,
ਹਰੀ ਦਾ ਨਾਮ ਧਿਆਈਂ ਓ।।
ਬੀਜਿਆ ਸੋ ਲੁਣਸੈਂ ਪਿਆਰੇ,
ਪਾਛੇ ਨਾ ਪਛਤਾਈਂ ਓ।
ਸਾਖ ਪਕੇਗੀ ਸਰਪਰ ਤੇਰੀ,
ਚੰਗਾ ਬੀਜ ਲਗਾਈਂ ਓ।
ਮਲੂਕ ਸਿੰਘ ਆਜਿਜ਼ ਸਮਝ ਪਿਆਰੇ,
ਹਰਿ ਵਿਚ ਹਰਿ ਨੂੰ ਪਾਈਂ ਓ।

ਜੇਠ ਜੁਦਾਈ ਤਦ ਦੀ ਹੋਈ,
ਜਦ ਦਾ ਇਥੇ ਆਇਆ ਏਂ।
ਮਿਲਣਾ ਲੋੜੇਂ ਜੇਕਰ ਪਿਆਰੇ,
ਕਾਹੇ ਫਿਰ ਬਿਸਰਾਇਆ ਏਂ।
ਮਾਣਸ ਜਨਮ ਅਮੋਲਕ ਤੇਰਾ,
ਇਸਦਾ ਕਦਰ ਨਾ ਪਾਇਆ ਏਂ।

ਮਲੂਕ ਸਿੰਘ ਆਜਿਜ਼ ਸਮਝ ਪਿਆਰੇ,
ਕਾਹਨੂੰ ਗਰਬ ਵਧਾਇਆ ਈ।
ਹਾੜ ਗਏ ਗਏ ਲਾਈ ਕਾਹਨੂੰ,
ਸੰਗ ਨਾ ਕੁਛ ਵੀ ਜਾਣਾ ਈ।
ਓੜਕ ਖਾਲੀ ਹਥ ਸਿਧਾਣਾ,
ਕੀ ਰਾਜਾ ਕੀ ਰਾਣਾ ਈ।
ਵਿਚ ਪਰਦੇਸ ਦੇ ਆਇਉਂ ਇਥੇ,
ਅਸਲੀ ਨਹੀਂ ਟਿਕਾਣਾ ਈ।
ਮਲੂਕ ਸਿੰਘ ਆਜਿਜ਼ ਸਮਝ ਪਿਆਰੇ,
ਮੰਨਣਾ ਆਖਿਰ ਭਾਣਾ ਈ।
ਸਾਵਣ ਸਾਈਂ ਅੰਦਰ ਵਸਦਾ,
ਮੂੜ੍ਹਾ ਬਾਹਰ ਭਾਲੈ ਓ।
ਬਨ ਬਨ ਫਿਰ ਕੇ ਭੇਸ ਵਟਾ ਕੇ,
ਦੁਖ ਵਧੇਰੇ ਜਾਲੈ ਓ।
ਭੇਖ ਕਰੇਦੇ ਦੇਖ ਨਾ ਸਕਦੇ,
ਕੂੜੇ ਪੂਰੇ ਤਾਲੇ ਓ।
ਮਲੂਕ ਸਿੰਘ ਆਜਿਜ਼ ਸਮਝ ਪਿਆਰੇ,
ਵੱਸੇ ਰਬ ਹਿਆਲੇ ਓ।
ਭਾਦੋਂ ਭਾਰੇ ਭਾਰ ਤਿਨਾਂ ਦੇ,
ਜਿਨ੍ਹਾਂ ਨੇ ਕਤ ਰਿਝਾਇਆ ਏ।
ਹਰ ਹਰ ਵੇਲੇ ਹਰੀ ਸਿਮਰ ਕੇ,
ਹਰੀ ਦਾ ਦਰਸ਼ਨ ਪਾਇਆ ਏ।
ਸੁੰਨ ਸਮਾਧ ਲਗਾ ਕੇ ਗਰਿ ਦੀ,
ਅਨਹੱਦ ਤੂਰ ਵਜਾਇਆ ਏ।
ਮਲੂਕ ਸਿੰਘ ਆਜਿਜ਼ ਸਮਝ ਪਿਆਰੇ,
ਤੈਂ ਕਾਹੇ ਬਿਸਰਾਇਆ ਏ।

ਅਸੂਹ ਆਸ ਬਿਗਾਨੀ ਛਡ ਦੇ,
ਆਸਾ ਰਖ ਯਰਾਨੇ ਦੀ।
ਮੁੱਛਾਂ ਐਵੇਂ ਨਾ ਮੁਨਾਈਂ,
ਲੈਂਸੀ ਵੇਖ ਬਿਗਾਨੇ ਦੀ।
ਚੋਰੀ ਦਾ ਰੁਪਈਆ ਮੰਦਾ,
ਕਿਰਤ ਚੰਗੀ ਹੈ ਆਨੇ ਦੀ।
ਮਲੂਕ ਸਿਘ ਆਜਿਜ਼' ਸਮਝ ਪਿਆਰੇ,
ਗਲ ਮੰਨੀਂ ਤੂੰ ਦਾਨੇ ਦੀ।
ਕੱਤੇਂ ਕੰਧੀ ਉਤੇ ਰੁਖੜਾ,
ਤੇਰੀ ਹੈ ਜ਼ਿੰਦਗਾਨੀ ਓ।
ਕੱਚੇ ਭਾਂਡੇ ਅੰਦਰ ਰਖਸੇਂ,
ਕਿੱਚਰ ਤਾਈ ਪਾਨੀ ਓ।
ਇਹ ਦੁਨੀਆਂ ਹੈ ਰੈਣ ਬਸੇਰਾ,
ਨਿਸਚੇ ਕਰ ਕੇ ਮਾਨੀ ਓ।
ਮਲੂਕ ਸਿਘ ਆਜ਼ਿਜ਼ ਸਮਝ ਪਿਆਰੇ,
ਇਹ ਦੁਨੀਆਂ ਹੈ ਫਾਂਨੀ ਓ।
ਮੱਘਰ ਮੇਰੀ ਮੇਰੀ ਛਡ ਦੇ,
ਤੂੰ ਹੀ ਤੂੰ ਅਲਾਂਦਾ ਜਾ।
ਨਿਵਣ ਖਵਣ ਨੂੰ ਆਪਣਾ ਕਰਕੇ,
ਮਣੀਆਂ ਮੰਤ ਕਮਾਂਦਾ ਜੀ।
ਫਿਰਕੂ ਪੁਣੈ ਨੂੰ ਛੋੜ ਪਿਆਰੇ,
ਫਿਰਕਾ ਇਕ ਬਣਾਂਦਾ ਜਾ।
ਮਲੂਕ ਸਿਘ ਆਜਿਜ਼ ਸਮਝ ਪਿਆਰੇ,
ਹਰ ਵਿਚ ਹਰਿ ਨੂੰ ਪਾਂਦਾ ਜਾ।
ਪੋਹ ਪਿਆਰਾ ਉਸ ਨੂੰ ਮਿਲਦਾ,
ਸੱਚਾ ਪ੍ਰੇਮ ਕਮਾਏ ਜੋ।
ਸੀਸ ਤਲੀ ਤੇ ਪਹਿਲੇ ਰਖੇ,
ਪ੍ਰੇਮ ਗਲੀ ਵਿਚ ਆਏ ਜੋ।

ਤਨ ਮਨ ਅਰਪੇ ਸਤਿ ਗੁਰਾਂ ਨੂੰ,
ਸੱਚਾ ਸਿਖ ਕਹਾਏ ਜੋ।
ਮਲੂਕ ਸਿੰਘ 'ਆਜਿਜ਼' ਸਮਝ ਪਿਆਰੇ,
ਹਿਰਦੇ ਹਰੀ ਵਸਾਏ ਜੋ।
ਮਾਂਘ ਮੀਨ ਜਿਉਂ ਪਾਣੀ ਬਾਝੋਂ,
ਆਪਣੀ ਜਾਨ ਗਵਾਂਦੀ ਏ।
ਚਕਵੀ ਚਕਵੇ ਬਾਝੋਂ ਰੋ ਰੋ,
ਆਪਣੀ ਰਾਤ ਲੰਘਾਂਦੀ ਏ।
ਚਾਤ੍ਰਿਕ ਰੋਵੇਂ ਤੇ ਬਿਲਲਾਵੇ,
ਬੂੰਦ ਨਾ ਜਦ ਤਕ ਆਂਦੀ ਏ।
ਮਲੂਕ ਸਿੰਘ ਆਜਿਜ਼ ਬਿਨ ਗੁਰ ਦਰਸ਼ਨ,
ਉਮਰ ਅਜਾਈਂ ਜਾਂਦੀ ਏ।
ਫੰਦਣ-ਫੇਰਾ ਛੁੱਟੇ ਚੁਰਾਸੀ,
ਜੇਕਰ ਨਾਮ ਧਿਆਵੇਂਗਾ।
ਹਰ ਕੀ ਹਰਿ ਸੇ ਪ੍ਰੀਤ ਲਗਾਂ ਕੇ,
ਹਰੀ ਦੇ ਦਰਸ਼ਨ ਪਾਵੇਂਗਾ।
ਅੰਜਨ ਮਾਹਿ ਨਿਰੰਜਨ ਰਹਿ ਕੇ,
ਅੰਤਰ ਜੋਤਿ ਜਗਾਵੇਂਗਾ।
ਮਲੂਕ ਸਿੰਘ 'ਆਜ਼ਿਜ਼ ਸਮਝ ਪਿਆਰੇ,
ਸਾਧ ਸੰਗਤ ਤਰ ਜਾਵੇਂਗਾ।

****

22. ਬਾਰਾਂਮਾਹ ਪਾਣੀ

ਸਰਵਣ ਸਪੁਤ੍ਰ

ਕ੍ਰਿਤ ਕਵੀ- ਅਹਿਮਦ ਦੀਨ

---

ਚੇਤਰ:

ਚੇਤਰ ਚਿਤ ਸਾਡਾ ਘਬਰਾਂਵਦਾ ਏ,
ਬਚਾ ਸਰਵਣਾ ਸਾਨੂੰ ਪਿਲਾ ਪਾਣੀ।
ਸੁਕਾ ਹਲਕ ਨਾ ਸੁਝੇ ਜਬਾਨ ਸਾਡੀ,
ਸਾਡੇ ਮੁਖ ਅੰਦਰ ਕਿਤੋਂ ਪਾ ਪਾਣੀ।
ਵਾਂਗ ਮਛਲੀ ਦੇ ਜਿੰਦ ਬ ਤੜਫਦੀ ਏ,
ਕਰੀਂ ਦੇਰ ਨਾ ਜਲਦੀ ਪਿਆ ਪਾਣੀ।
ਪਿਆਰੇ ਪੁਤਰਾ ਵਹਿੰਗੀ ਨੂੰ ਰਖ ਐਥੇ,
ਖਾਤਰ ਮਾਪਿਆਂ ਦੀ ਲੈਣ ਜਾ ਪਾਣੀ।

ਵਿਸਾਖ

ਚੜ੍ਹਿਆ ਮਾਹ ਵਸਾਖ ਨਾ ਦੇਰੀ ਕੀਤੀ,
ਸਰਵਣ ਚਲਿਆ ਘੜਾ ਉਠਾ ਪਾਣੀ।
ਸਰਵਣ ਉਚੇ ਥਾਂ ਆਣ ਖਲੋ ਜਾਂਦਾ,
ਦੇਖੇ ਨਜਰ ਚੁਫੇਰੇ ਲਗਾ ਪਾਣੀ।
ਸਰਵਣ ਤਾਈਂ ਦੂਰੋਂ ਨਜਰੀ ਬਾਗ ਆਇਆ,
ਓਸ ਬਾਗ ਦੇ ਵਿਚ ਤਲਾ ਪਾਣੀ।
ਕਾਰੇ ਹੋਣੀ ਦੇ ਵੇਖ ਲੈ ਹੋਣ ਲਗੇ,
ਸਰਵਣ ਮਾਰ ਲੈਂਦਾ ਘੇਰਾ ਪਾ ਪਾਣੀ।

ਜੇਠ

ਜੇਠ ਜਦੋਂ ਸਰਵਣ ਘੜਾ ਡੋਬਿਆ ਏ,
ਦਸ਼ਰਥ ਦੇਖਦਾ ਨਾਲ ਧਿਆਨ ਪਾਣੀ।
ਗਗ 2 ਘੜੇ ਦੀ ਰਾਜੇ ਅਆਜ਼ ਸੁਣੀ,
ਖਬਰੇ ਕਰਦਾ ਹੈ ਹਾਥੀ ਵੈਰਾਨ ਪਾਣੀ।

ਫੜਕੇ ਰਾਜੇ ਨੇ ਤੀਰ ਕਮਾਨ ਜਲਦੀ,
ਤੀਰ ਮਾਰਿਆ ਕਰਕੇ ਨਿਸ਼ਾਨ ਪਾਣੀ।
ਛਾਤੀ ਵਿਚ ਸੀ ਸਰਵਣ ਨੂੰ ਤੀਰ ਵਜਾ,
ਵਾਂਗ ਮਛਲੀ ਤੜਫਦੀ ਜਾਨ ਪਾਣੀ।

ਹਾੜ

ਹਾੜ ਹਾਏ ਰੱਬਾ ਹਾੜੇ ਕਰੇ ਸਰਵਣ,
ਜਦੋਂ ਆਨ ਸੀਨੇ ਵਜਾ ਤੀਰ ਪਾਣੀ।
ਘੜਾ ਸੁਟ ਜ਼ਮੀਨ ਤੇ ਪਿਆ ਤੜਫੇ,
ਜਾਵੇ ਅੱਖੀਆਂ ਦੇ ਵਿਚੋਂ ਨੀਰ ਪਾਣੀ।
ਕੇਹੜਾ ਮਾਪਿਆਂ ਤਾਈ ਪਿਲਾਏ ਜਾਕੇ,
ਨਾ ਕੋਈ ਹੈ ਸੱਕਾ ਮੇਰਾ ਵੀਰ ਪਾਣੀ।
ਸੁਣ ਅਵਾਜ ਰਾਜਾ ਛੇਤੀ ਕੋਲ ਆਇਆ,
ਸਰਵਣ ਮਾਰਿਆ ਬੇ ਤਕਸੀਰ ਪਾਣੀ।

ਸਾਵਨ

ਸਾਵਨ ਸਰਵਣ ਦੇ ਅਧ ਖੜੇ ਸਾਹ ਹੋ ਗਏ,
ਜਦੋਂ ਤੀਰ ਸੀਨੇ ਲਗਾ ਆ ਪਾਣੀ।
ਮੂਧੇ ਮੂੰਹ ਜ਼ਮੀਨ ਤੇ ਡਿਗਾ ਪਿਆ,
ਲਹੂ ਨਾਲ ਭਰ ਗਿਆ ਤਲਾ ਪਾਣੀ।
ਰਾਜੇ ਆਣਕੇ ਸਰਵਨ ਦੀ ਖੋਲ ਦੰਦਨ,
ਚੁਲੀ ਮੂੰਹ ਅੰਦਰ ਦਿਤਾ ਪਾ ਪਾਣੀ,
ਹੋਸ਼ ਸਰਵਨ ਨੂੰ ਆਈ ਜ਼ੁਬਾਨ ਖੁਲੀ,
ਆਖੇ ਮੈਨੂੰ ਨਾ ਜ਼ਾਲਮ ਪਿਲਾ ਪਾਣੀ।

ਭਾਦਰੋਂ

ਭਾਦਰੋਂ ਭਰ ਹਉਕੇ ਰਾਜਾ ਆਖਦਾ ਏ,
ਮੈ ਥੋਂ ਹੋ ਗਿਆ ਬੜਾ ਕਸੂਰ ਪਾਣੀ।

ਮੇਰੀ ਪਿਆਰੀ ਭੈਣ ਦਾ ਪੁਤ ਸਰਵਨ,
ਤੀਰਾਂ ਨਾਲ ਕੀਤਾ ਮੈਂ ਹੈ ਚੂਰ ਪਾਣੀ।
ਰਾਜਾ ਰੋਂਵਦਾ ਤੇ ਕੁਰਲਾਂਵਦਾ ਏ,
ਰੰਗ ਉਡਿਆਂ ਵਾਂਗ ਕਫੂਰ ਪਾਣੀ।
ਤੜਫ ਤੜਫ ਸਰਵਣ ਨੇ ਜਾਨ ਦਿਤੀ,
ਸੀਨਾ ਸੜ ਗਿਆ ਵਾਂਗ ਤੰਦੂਰ ਪਾਣੀ।

ਅੱਸੂ

ਅਸੂ ਆਸ ਉਮੈਦ ਸਭ ਟੁਟ ਗਈ ਹੈ,
ਮਾਪੇ ਸਰਵਣ ਦੇ ਪਏ ਕੁਰਲਾਣ ਪਾਣੀ।
ਜਲਦੀ ਆ ਕਿਉਂ ਸਰਵਣਾ ਦੇਰ ਲਾਈ,
ਨਾਲ ਪਿਆਸ ਦੇ ਤੜਫਦੀ ਜਾਨ ਪਾਣੀ।
ਰਬ ਖੈਰ ਰਖੇ ਹੋਈ ਦੇਰ ਡਾਹਢੀ,
ਲੈ ਕੇ ਆਇਆ ਨਹੀਂ ਪੁਤ ਜਵਾਨ ਪਾਣੀ।
ਦਸਰਥ ਫੜ ਗੜਵੀ ਦਿਲੋਂ ਦੁਖੀ ਹੋਕੇ ,
ਅੰਨੀ ਅੰਨੇ ਨੂੰ ਜਾਵੇ ਪਿਲਾਨ ਪਾਣੀ।

ਕੱਤਕ

ਕਤਕ ਕਰਨ ਹਾਵੇ ਨਾਲੇ ਕਰਨ ਨਾਹਰੇ,
ਬੱਚਾ ਸਰਵਣਾ ਜਲਦੀ ਪਿਲਾ ਪਾਣੀ।
ਦਸਰਥ ਗੜਵਾ ਜਲਦੀ ਨਾਲ ਫੜਕੇ,
ਦਿਤਾ ਦੋਹਾਂ ਦੇ ਮੂੰਹ ਪਾ ਪਾਣੀ।
ਏਹ ਨਹੀਂ ਸਰਵਣ ਕੋਈ ਗੈਰ ਬੰਦਾ,
ਕੌਣ ਹੈਂ ਤੂੰ ਸਚ ਬਤਾ ਪਾਣੀ।
ਬਿਨਾਂ ਸਰਵਣ ਨੇ ਪੀਵਾਂਗੇ ਅਸੀਂ ਹਰਗਿਜ਼,
ਸਾਡੇ ਮੂੰਹ ਤੋਂ ਪਰੇ ਹਟਾ ਪਾਣੀ।

## ਮਘਰ

ਆਇਆ ਮਘਰ ਮਹੀਨਾ ਕਹਿਰ ਵਾਲਾ,
ਸਰਵਣ ਲੈ ਚਲਿਆ ਕਰ ਧਾ ਪਾਣੀ।
ਸਰਵਣ ਭਰੇ ਪਾਣੀ ਮੈਂ ਏਹ ਸੋਚਿਆ ਸੀ,
ਹਾਥੀ ਪੀਂਦਾ ਏ ਉਤੇ ਤਲਾ ਪਾਣੀ।
ਚਲਲੇ ਹਾਥੀ ਦੇ ਮੈਂ ਸੀ ਤੀਰ ਮਾਰੇ,
ਤੀਰ ਸਰਵਣ ਨੂੰ ਵਜਿਆ ਜਾ ਪਾਣੀ।
ਅੰਨੀ ਅੰਨੇ ਨੇ ਜਦੋਂ ਇਹ ਗਲ ਸੁਣੀ,
ਮੂਧੇ ਮੂੰਹ ਡਿਗੇ ਗਸ਼ ਖਾ ਪਾਣੀ।

## ਪੋਹ

ਪੋਹ ਪਵੇ ਤੈਨੂੰ ਡਾਹਢਾ ਕੈਹਰ ਰਾਜਾ,
ਸਰਵਣ ਮਾਰਿਆ ਬੇ-ਤਕਸੀਰ ਪਾਣੀ।
ਜਿਸ ਹਥ ਨਾਲ ਸਰਵਣ ਮਾਰਿਆ ਈ,
ਓਸੇ ਤਰ੍ਹਾਂ ਮਾਰੀਂ ਸਾਨੂੰ ਤੀਰ ਪਾਣੀ।
ਭੈਣੇ ਜਾਣ ਕੇ ਮੂਲ ਨਾ ਮਾਰਿਆ ਮੈਂ,
ਲਿਖੀ ਰਬ ਨੇ ਇਵੇਂ ਤਕਦੀਰ ਪਾਣੀ।
ਵਿਛੋੜਾ ਪੁਤਾਂ ਦਾ ਬੁਰਾ ਹੈ ਜਗ ਜਾਣੇ,
ਅੱਖ ਵਿਚੋਂ ਵਗਾਵਦਾ ਨੀਰ ਪਾਣੀ।

## ਮਾਘ

ਮਾਘ ਮਾਰ ਗਰੀਬਾਂ ਦੇ ਬਚੜੇ ਨੂੰ,
ਜਾਲਮ ਅਸਾਂ ਨੂੰ ਦਿਤਾ ਲਿਆ ਪਾਣੀ।
ਪਾਣੀ ਅਸਾਂ ਨੂੰ ਜਾਪਦਾ ਜ਼ੈਹਰ ਵਰਗਾ,
ਸਾਡੇ ਅਗੋਂ ਤੂੰ ਪਰੇ ਹਟਾ ਪਾਣੀ।

ਜਿਥੇ ਅਸਾਂ ਦਾ ਬਚੜਾ ਮਾਰਿਆ ਈ,
ਸਾਨੂੰ ਚਲਕੇ ਜਗ੍ਹਾ ਦਿਖਾ ਪਾਣੀ।
ਓਥੇਂ ਜਾ 'ਸਰਵਣ ਦੀ ਲਾਸ਼ ਲਾਗੇ,
ਦਿਤਾ ਦੋਹਾਂ ਨੂੰ ਕੋਲ ਬਿਠਾ ਪਾਣੀ।

ਫ਼ਗਣ

ਚੜਿਆ ਫਗਣ ਤੇ ਰੋ ਰੋ ਕਹਿਣ ਮਾਪੇ,
ਸਰਵਣ ਤੁਰ ਗਿਆ ਸਾਡਾਜਹਾਨ ਵਿਚੋਂ।
ਤੜਫੇ ਜ਼ਿਮੀਂ ਤੇ ਮਛਲੀ ਵਾਂਗ ਸਰਵਣ,
ਤੀਰ ਮਾਰਿਆ ਜਦੋਂ ਕਮਾਨ ਵਿਚੋਂ।
ਸਾਡੇ ਭਾ ਦਾ ਸਾਰੇ ਅੰਧੇਰ ਹੋਇਆ,
ਚੰਦ ਡੁਬਿਆ ਅਜ ਅਸਮਾਨ ਵਿਚੋਂ।
ਦੇ ਦੇ ਦੁਖ ਗਰੀਬ ਨੂੰ ਅਹਿਮਦ ਦੀਨ,
ਰੋਂਦੇ ਜਾਣਗੇ ਉਹ ਵੀ ਜਹਾਨ ਵਿਚੋ।

******

## 23 ਬਾਰਾਂਮਾਹ ਸੰਨ ਸੰਤਾਲੀ*

ਇਹ ਰੰਗਲੀ ਧਰਤ ਪੰਜਾਬ ਦੀ, ਇਹਨੂੰ ਜਾਣੇ ਕੁੱਲ ਜਹਾਨ॥
ਇਹ ਸੂਰਜ ਮੁੱਢ ਕਦੀਮ ਦਾ, ਜੋ ਚਮਕੇ ਧੁਰ ਅਸਮਾਨ।
ਇਹ ਸੋਮਾਂ ਸਭਿਆਚਾਰ ਦਾ, ਇਹਦੀ ਜੱਗ ਤੋਂ ਉੱਚੀ ਸ਼ਾਨ।
ਇਹਦੇ ਹਿੰਦੂ ਮੁਸਲਿਮ ਪਾਰਸੀ, ਜੱਟਾਂ ਨੂੰ ਇਸਤੇ ਮਾਣ।
ਕਿਵੇਂ ਸੰਨ ਸੰਨਤਾਲੀ ਆਣਕੇ, ਕੀਤਾ ਇਸਨੂੰ ਲਹੂ ਲੁਹਾਨ।
ਅੱਜ ਬਾਰਾਂਮਾਹ ਵਿੱਚ ਦਸਦਿਆਂ(ਇਥੇ)ਜੋ ਮੱਚਿਆ ਘਮਸਾਨ।

ਵੈਸ਼ਾਖ: ਸੁਣ ਓ ਵੀਰਨ ਮੇਰਿਆ ਵੈਸਾਖ, ਗਿਆ ਸੀ ਆ।
ਅਸਾਂ ਰਲਕੇ ਜੋ ਸਨ ਬੀਜੀਆਂ ਲਈਆਂ ਤੋੜ ਚੜ੍ਹਾ।
ਜੇਠ: ਜੇਠ ਜੁਆਲਾ ਭੜਕਦੀ ਪਰ ਸੀਨਿਆਂ ਅੰਦਰ ਠੰਡ।
ਹਸ ਹਸ ਚੁਕੀਆਂ ਹਾੜੀਆਂ, ਹਸ ਹਸ ਲਈਆਂ ਵੰਡ।
ਹਾੜ: ਹਾੜ ਉਗਾਈਆਂ ਸੁਉਣੀਆਂ ਬਦੱਲ ਘਿਰ ਘਿਰ ਆਉਣ।
ਚੜ੍ਹ ਚੜ੍ਹ ਆਉਣ ਹਨ੍ਹੇਰੀਆਂ ਲਗੀਆਂ ਰੁੱਤ ਪਲਟਾਉਣ।
ਸਾਵਣ: ਸਾਵਣ ਝੜੀਆਂ ਲੱਗੀਆਂ ਸ਼ੁਰੂ ਹੋਈ ਬਰਸਾਤ।
ਚਰ੍ਹੀ ਕਮਾਦਾਂ ਮੱਕੀਆਂ ਦਿਨ ਨੂੰ ਕੀਤਾ ਰਾਤ।
ਭਾਦੋਂ: ਭਾਦੋਂ ਭਾਈਆਂ ਲੁੱਟ ਲਈ ਇਕ ਦੂਜੇ ਦੀ ਪੱਤ।
ਕਤਲ ਹੋਈ ਮਾਨੁੱਖਤਾ ਧਰਤੀ ਰੱਤੋ ਰੱਤ।
ਅੱਸੂ: ਅੱਸੂ ਵਲੀਆ ਲਗਿਆ ਨਦੀਆਂ ਭਰ ਭਰ ਜਾਣ।
ਪੰਜ ਦਰਿਆ ਦਾ ਫੁੱਟ ਫੁੱਟ ਰੋਂਦਾ ਹਰ ਇਨਸਾਨ।
ਕਤੱਕ: ਕਤੱਕ ਕੂੰਜਾਂ ਲੁਕੀਆਂ ਗਿਰਝਾਂ ਚਾਰ ਚੁਫੇਰ।
ਬੁਝੀ ਦੀਵਾਲੀ ਦੇਸ ਦੀ ਚਾਰ ਚੁਫੇਰ ਹਨ੍ਹੇਰ।
ਮਘੱਰ: ਮਘੱਰ ਖੇਤਾਂ ਵਿੱਚ ਵੀ ਹੋਈ ਆਣ ਉਜਾੜ।
ਕਿਤੇ ਨਾਂ ਦਿਸੱਣ ਹਾੜੀਆਂ ਖਾ ਗਈ ਖੇਤ ਨੂੰ ਬਾੜ।

ਪੋਹ: ਮੱਘੇ ਪੋਹ ਰਾਤਾਂ ਕਕਰਾਲੀਆਂ ਲੋਕ ਹੋਏ ਭੈ-ਭੀਤ।
ਖ਼ੂਨਾਂ ਵਿੱਚ ਸੁਫ਼ੈਦੀਆਂ ਰਹੀ ਮਨੁੱਖਤਾ ਚੀਕ।
ਮਾਘ: ਮਾਘ ਮੁਹਬੱਤਾਂ ਰੋਂਦੀਆਂ ਜਿੰਦਾਂ ਸਨ ਦਿਲਗੀਰ।
ਰੰਗਲੀ ਧਰਤ ਪੰਜਾਬ ਦੀ ਹੋ ਗਈ ਲੀਰੋ ਲੀਰ।

ਫਗੱਣ: ਫਗੱਣ ਪਾਣੀ ਵੰਡਿਆ ਵੰਡ ਲਏ ਸੀ ਰਾਜ।
ਵਖੋ ਵਖ ਹਕੂਮਤਾਂ ਵਖੋ ਵਖਰੇ ਤਾਜ।
ਚੇਤ: ਰਾਜਿਆ ਰਾਜ ਕਰੇਂਦਿਆ ਚੇਤ ਗਿਆ ਹੁਣ ਆਏ।
ਹੁਣ ਦੇਕੇ ਹੱਲਾਸ਼ੇਰੀਆਂ ਸਭ ਰੋਂਦੇ ਦੇਈਂ ਬਿਰਾਏ।
ਉਜੜੇ ਲੋਕੀ ਬਾਰ ਦੇ ਲੁਟ ਪੁਟ ਹੋ ਬੇਹਾਲ।
ਮਿਲਖ ਜਗੀਰਾਂ ਵਾਲੜੇ ਬੈਠੇ ਹੋਏ ਕੰਗਾਲ।
ਸਦੀਆਂ ਦੇ ਅੰਗਪਾਲ ਜੋ ਟੁਰ ਗਏ ਪਾਕਿਸਤਾਨ ।
ਕੁਝ ਨਿਰਦੋਸ਼ੇ ਮਰ ਗਏ ਕੁੱਝ ਸ਼ੋਚਾ ਗਏ ਜਾਨ।
ਨੇਜ਼ਿਆਂ ਉੱਤੇ ਟੰਗੀਆਂ ਜਿੰਦਾਂ ਕਈ ਅਨਭੋਲ।
ਰੰਗੀਂ ਧਰਤ ਪੰਜਾਬ ਦੀ ਖ਼ੂਨ ਅਜਾਈਂ ਡੋਲ੍ਹ।
ਵੇ ਪੌਤਾਂ ਦੇ ਵਣਜਾਰਿਆ! ਇਂਝ ਬੀਤੇ ਬਾਰਾਂ ਮਾਸ।
ਛੇੜ ਮਹੀਨਾ ਲੋਂਦ ਦਾ ਆਵੇ ਮਨ ਧਰਵਾਸ॥

****

*ਇਹ ਬਾਰਾਂਮਾਹ ਡਾ. ਵਲਾਇਤੀ ਰਾਮ ਵਾਸ਼ੀ ਰਾਇਕੋਟ, ਜ਼ਿਲਾ ਲੁਧਿਆਣਾ ਨੇ ਲਿਖਿਆ ਹੈ, 1948.

24. ਬਾਰਾਂਮਾਹ ਵਿਜੋਗ*

ਚੇਤ ਦੇ ਮਹੀਨੇ ਚਿੱਤ ਡਾਹਢਾ ਹੈ ਉਦਾਸ ਵੇ।
ਇੱਕ ਵਾਰੀ ਆਜਾ ਆਵੇ ਮਨ ਧਰਵਾਸ ਵੇ।
ਆਗਿਆ ਵਿਸਾਖ ਲੰਘ ਜਾਣ ਨਾ ਵਿਸਾਖੀਆਂ।
ਪੱਕ ਗਏ ਬਾਗ਼ ਤੇਰੇ ਲੋੜਦੇ ਨੇ ਰਾਖੀਆਂ।
ਜੇਠ ਦੇ ਮਹੀਨੇ ਜਿੰਦਾਂ ਮੁੱਕੀਆਂ ਅਸਾਡੀਆਂ।
ਥੱਕ ਗਈ ਚੰਨਾਂ ਰੱਖ ਆਸਾਂ ਵੇ ਤੁਹਾਡੀਆਂ।
ਹਾੜ ਦੇ ਮਹੀਨੇ ਹਾੜੇ ਕਢੱਨੀ ਆਂ ਤੇਰੇ ਵੇ।
ਤੱਤੀ ਹਾਂ ਤੜਫ਼ਦੀ ਆ ਹਾਲ ਵੇਖ ਮੇਰੇ ਵੇ।
ਸਾਉਣ ਦੇ ਮਹੀਨੇ ਵਿੱਚ ਕੋਇਲ ਪਈ ਬੋਲਦੀ।
ਸੁਣ ਓਹਦੀ ਵਾਜ ਮੇਰੀ ਜਿੰਦੜੀ ਏ ਡੋਲਦੀ।
ਭਾਦੋਂ ਦੇ ਮਹੀਨੇ ਮੈਂ ਤਾਂ ਭਰਮਾਂ 'ਚ ਭੁੱਲੀ ਨੀ।
ਪੀਆ ਵਾਝੋਂ ਜਿਵੇਂ ਖ਼ਾਕ ਵਿੱਚ ਰੁੱਲੀ ਨੀ।
ਅੱਸੂ ਦੇ ਮਹੀਨੇ ਮੈਨੂੰ ਆਸਾਂ ਨੇ ਘਨੇਰੀਆਂ।
ਪਤਾ ਨਹੀਂ ਸਜੱਣਾਂ ਕਦ ਪਾਉਣੀਆਂ ਨੇ ਫੇਰੀਆਂ।
ਕਤੱਕ ਕਲੇਜਾ ਮੇਰਾ ਯਾਦਾਂ ਵਿੱਚ ਡੁੱਬਿਆ।
ਸਜੱਣਾਂ ਵੇ ਮਨ ਤੇਰੇ ਰਾਹਾਂ ਵਿੱਚ ਖੁੱਭਿਆ।
ਮਘੱਰ ਮਹੀਨੇ ਵੀ ਨਾਂ ਪਾਈਆਂ ਚੰਨਾਂ ਫੇਰੀਆਂ,
ਜਾੜਿਆਂ ਨੇ ਡੇਰੇ ਲਾਏ ਰਾਤਾਂ ਨੇ ਹਨ੍ਹੇਰੀਆਂ।
ਪੋਹ ਨੇ ਰੰਗ ਪਤਿਆਂ ਦਾ ਕੀਤਾ ਪੀਲਾ ਭੂਕ ਵੇ।
ਸੁਣਦੀ ਨੀ ਚੰਨਾਂ ਤੈਨੂੰ ਅਜੇ ਮੇਰੀ ਹੂਕ ਵੇ।
ਮਾਘ ਦੇ ਮਹੀਨੇ ਵਿੱਚ ਮਾਘੀਆਂ ਵੀ ਆਗੀਆਂ।
ਤੇਰੀਆਂ ਜੁਦਾਈਆਂ ਚੰਨਾਂ ਹਡੀਆਂ ਨੂੰ ਖਾਗੀਆਂ।
ਫਗੱਣ ਮਹੀਨੇ ਕੀਤਾ ਧਰਤੀ ਸ਼ਿੰਗਾਰ ਵੇ।
ਆਕੇ ਇੱਕ ਵਾਰੀਂ ਵੇਖ ਹੋ ਗਈ ਆਂ ਵਿਸਾਰ ਵੇ।
ਚੇਤ ਦੇ ਮਹੀਨੇ ਚਿੱਤ ਡਾਢਾ ਹੈ ਉਦਾਸ ਵੇ।
ਇੱਕ ਵਾਰੀ ਆਜਾ ਆਵੇ ਮਨ ਧਰਵਾਸ ਵੇ।

"****

*ਇਹ ਬਾਰਾਂਮਾਹ ਸ਼੍ਰੀ ਸੁਰਜਣ ਸਿੰਘ ਪਿੰਡ ਸਾਦਕਪੁਰ ਜ਼ਿਲਾ ਪਟਿਆਲਾ ਦਾ ਲਿਖਿਆ ਹੋਇਆ ਹੈ।

## 25. ਲੋਕ-ਬਾਰਾਮਾਹ ਰੁੱਤੀ

<u>ਜੇਠ ਹਾੜ</u> ਧਰਤੀ ਮੱਚੇ।
ਤੱਤੀ ਲੋ ਚੁਫੇਰ ਨੱਚੇ।
ਪਿੰਡੇ ਉੱਤੋਂ ਮੜ੍ਹਕਾ ਚੋਵੇ,
ਹੱਥ ਅਸਾਡੇ ਪੱਖੀ ਹੋਵੇ।
<u>ਸਾਉਣ ਭਾਦੋਂ</u> ਬੱਦਲ ਜ਼ੋਰ,
ਵਰ੍ਹਦਾ ਮੀਂਹ ਕਿਆਰੇ ਤੋੜ।
ਤੀਆਂ ਖਖੜੀਆਂ ਦੇ ਚਾਅ,
ਖਾਏ ਪੂੜੇ ਖੀਰ ਕੜਾਹ।
ਅੱਸੂ ਕੱਤੇ ਝੜਦੇ ਪੱਤੇ,
ਨਵੀਂ ਨਰੋਈ ਹੋਏ ਰੁੱਤੇ।
ਪਹਿਲਾਂ ਆਉਂਦੇ ਹੈਨ ਸਰਾਧ,
ਫੇਰ ਦਸਹਿਰਾ ਇਸਤੋਂ ਬਾਅਦ।
ਨਾਲ ਦੀਵਾਲੀ ਆਵੇ ਠੰਢ,
ਪਾਈਏ ਕਪੜਿਆਂ ਦੀ ਪੰਡ।
<u>ਮੱਘਰ ਪੋਹ</u> ਵਿਚ ਗੂਹੜਾ ਸਿਆਲ,
ਲੋਹੜੀ ਮਾਘੀ ਨਾਲੋ ਨਾਲ।
<u>ਫੱਗਣ ਚੇਤ</u> 'ਚ ਫੁੱਲ ਅਨੰਤ।
ਆਈ ਬਸੰਤ ਪਾਲਾ ਉਡੰਤ।
ਹੋਲਾ ਹੋਲੀ ਰੰਗ ਗੁਲਾਲ,
ਸਾਰੇ ਖੇਡਣ ਚਾਵਾਂ ਨਾਲ।
ਆਏ ਵਸਾਖੀ ਵਾਢੀ ਜ਼ੋਰ,
ਪੈਂਦਾ ਭੰਗੜਿਆਂ ਦਾ ਸ਼ੋਰ।
ਤੂੜੀ ਕੁੱਪ ਤੇ ਦਾਣੇਂ ਬੋਹਲ,
ਭਰੀਏ ਭਾਰਤ ਮਾਂ ਦੀ ਝੋਲ।

*****

ਬਾਰਾਂਮਾਹ
26. / ਕਿੱਕਰਾ ਵੇ ਕੰਡਿਆਲਿਆ*

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਚੇਤ,
ਜਾਗ ਪਈਆਂ ਅਜ ਪੈਲੀਆਂ ਜਾਗ ਪਏ ਅਜ ਖੇਤ।
ਕਿੱਕਰਾ ਵੇ ਕੰਡਿਆਲਿਆ ! ਚੜ੍ਹਿਆ ਅਜ ਵਿਸਾਖ,
ਸਾਮਰਾਜ ਦੇ ਮੂੰਹ ਤੇ ਉੱਡ ਉੱਡ ਪੈਂਦੀ ਰਾਖ।
ਕਿੱਕਰਾ ਕੇ ਕੰਡਿਆਲਿਆ! ਉਤੋਂ ਚੜ੍ਹਿਆ ਜੇਠ,
ਉਸੱਲਵੱਟੇ ਭੰਨਦੀ ਧਰਤੀ ਤੇਰੇ ਹੇਠ।
ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਹਾੜ,
ਕਿੰਨਾ ਕੁ ਚਿਰ ਹੋਵਦੀ ਕੱਖ ਕਾਬ ਦੀ ਆੜ।
ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਸੌਣ,
ਦਾਵਾਨਲ ਹੈ ਸਮੇਂ ਦੀ ਰੋਕ ਸਕੇ ਅਜ ਕੌਣ।
ਕਿੱਕਰਾ ਵੇ ਕੰਡਿਆਲਿਆ! ਭਾਦੋਂ ਹੈ ਇਸ ਵੇਰ,
ਵੇਲਣ ਵਿੱਚ ਨਪੀੜੀਆਂ ਛੱਲਾਂ ਉਗੀਆਂ ਫੇਰ।
ਕਿੱਕਰਾ ਵੇ ਕੰਡਿਆਲਿਆ! ਅਸੂ ਚੜ੍ਹਿਆ ਅੱਜ,
ਔਰ ਨਾਂ ਲਾਰੇ ਲਗਦੇ, ਅੱਜ ਨਾਂ ਪੈਂਦੇ ਪੱਜ।
ਕਿੱਕਰਾ ਵੇ ਕੰਡਿਆਲਿਆ! ਕਤੱਕ ਬਦਲੇ ਤੌਰ,
ਨਵੇਂ ਜੁਗ ਦੇ ਲਹੂ ਵਿੱਚ ਨਵੇਂ ਲਹੂ ਦਾ ਦੌਰ।
ਕਿੱਕਰਾ ਵੇ ਕੰਡਿਆਲਿਆ! ਮਘੱਰ ~~ਸ਼ਸ਼ੀ~~ ਚੜ੍ਹਿਆ ਆਣ,
ਕੋਈ ਇੱਕ ਪੌਤਰੀ ਲੋਹੇ ਦੀ ਜੀਕਣ ਚੜ੍ਹਦੀ ਸਾਣ।
ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਪੋਹ,
ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ।
ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਮਾਘ,
ਕਰਨ ਸਵਾਰੀ ਸਮੇਂ ਤੇ, ਫੜਨ ਸਮੇਂ ਦੀ ਵਾਗ।
ਕਿੱਕਰਾ ਵੇ ਕੰਡਿਆਲਿਆ ਫਗੱਣ ਚੜ੍ਹਿਆ ਆਣ,
ਲੋਕਾਂ ਦੇ ਇਸ ਜੁਗ ਵਿਚ ਲੋਕ ਚੜ੍ਹਨ ਪਰਵਾਨ।

****

* ਅੰਮ੍ਰਿਤਾ ਪ੍ਰੀਤਮ; ਸਰਘੀ ਵੇਲਾ, 'ਦਿਲਾਂ ਦੇ ਭੇਤ', ਨਵਯੁਗ ਪਬਲਿਸ਼ਰਜ਼, ਦਿੱਲੀ।

27. <u>ਬਾਰਾਂਮਾਹ</u>*

ਧਰਤੀ ਕਾਜ ਰਚਾਉਂਦੀ ਚੇਤਰ ਆਵੇ ਮੇਲ।
ਗਿੱਧਾ ਮਾਹੀਆ ਭੰਗੜਾ ਬੂਹੇ ਚੋਂਦਾ ਤੇਲ।
ਘਰ ਘਰ ਮੰਡਲ ਵੱਜਦਾ ਘੋੜੀ ਚੜ੍ਹੇ ਵਸਾਖ।
ਧਰਤੀ ਮੱਥਾ ਚੁੰਮ ਕੇ ਝੋਲੀ ਪਾਵੇ ਦਾਖ।
ਕਣਕਾਂ ਟੋਲੀ ਪੈਂਦੀਆਂ ਕੁੜੀਆਂ ਗੌਣ ਸੁਹਾਗ।
ਜੇਠ ਜੁ ਪਾਣੀ ਵਾਰਦਾ ਧੁੱਪਾਂ ਮੰਗਣ ਲਾਗ।
ਅੰਬ ਜੋ ਪਕੱਣ ਹਾੜ ਦੇ ਆਵੇ ਰਸੀਆ ਸਉਣ।
ਕੋਇਲਾਂ ਗਾਵਣ ਸੋਹਿਲੇ ਕਣੀਆਂ ਝੂੰਮਰ ਪਾਉਣ।
ਬਦੱਲ ਭਰਦਾ ਮਿਹਰ ਦਾ ਉਛੱਲੇ ਕੰਢਿਆਂ ਤੀਕ।
ਘੜਾ ਜੋ ਭਰਦਾ ਭਾਦਰੋਂ ਪੈਲੀ ਲਾਵੇ ਡੀਕ।
ਰੁੱਤ ਫਿਰੇ ਲਟਬਾਵਰੀ ਸੌਂਦੀ ਅੰਬਰ ਤਾਣ।
ਬਦੱਲ ਜ਼ੁਲਫ਼ਾਂ ਕਾਲੀਆਂ ਅਸ੍ਰੂ ਰੁੰਦੇ ਆਣ।
ਕਤੱਕ ਫੁੱਲ ਪਕਾਹ ਦੇ ਰੇਸ਼ਮ ਛੋ ਪੈ ਜਾਏ ਮਾਤ।
ਮਘੱਰ ਚਰਖਾ ਰਾਂਗਲਾ ਕੱਤੇ ਪੋਹ ਦੀ ਰਾਤ।
ਮਾਘ ਜੋ ਭਾਂਡਾ ਮ੍ਰੋਕਲਾ ਫਗੱਣ ਘੋਲੇ ਰੰਗ।
ਖੇਤ ਜਿਵੇਂ ਫੁਲਕਾਰੀਆਂ ਚੇਤਰ ਲਈਆਂ ਮੰਗ।

****

* ਅੰਮ੍ਰਿਤਾ ਪ੍ਰੀਤਮ, <u>ਛੇ ਰੁੱਤਾਂ</u>, ਦਿੱਲਾਂ ਦੇ ਭੇਤ, ਨਾਗਮਣੀ ਪ੍ਰਕਾਸ਼ਨ, ਹੌਜ਼ ਖਾਸ, ਨਵੀਂ ਦਿੱਲੀ, 1957, ਪੰਨਾ40.

## 28. ਬਾਰਾਂਮਾਹ*

ਓ ਟਾਹਲੀ ਦਿਓ ਪੱਤਿਓ! ਕੀ ਖੜ ਖੜ ਲਾਈ ਜੇ।
ਜਿਸ ਦੇਹੀ ਦਾ ਕਰਦੇ ਮਾਣ, ਓਹ ਦੇਹੀ ਪਰਾਈ ਜੇ।
ਓ ਟਾਹਲੀ ਦਿਓ ਪੱਤਿਓ! ਚੜ੍ਹਿਆ ਆਕੇ ਚੇਤ
ਹੁਣ ਪਛਤਾਇਆਂ ਕੀ ਬਣੇ ਜਦ ਚਿੜੀਆਂ ਚੁਗ ਲਿਆ ਖੇਤ।
ਓ ਟਾਹਲੀ ਦਿਓ ਪੱਤਿਓ! ਚੜ੍ਹਿਆ ਆਣ ਵਿਸਾਖ।
ਲਾਜ ਲਵਾਈ ਆਗੂਆਂ, ਗਈ ਕੌਮ ਦੀ ਸਾਖ।
ਓ ਟਾਹਲੀ ਦਿਓ ਪੱਤਿਓ! ਚੜ੍ਹਿਆ ਆਕੇ ਜੇਠ
ਪੁੱਛੇ ਕੌਣ ਗ਼ਰੀਬ ਨੂੰ, ਐਸ਼ਾਂ ਕਰਦੇ ਸੇਠ।
ਓ ਟਾਹਲੀ ਦਿਓ ਪੱਤਿਓ! ਹਾੜ੍ਹੇ ਕਰਦਾ ਹਾੜ
ਜਿਨ੍ਹਾਂ ਨੂੰ ਮਿੱਤਰ ਜਾਣਿਆਂ, ਓਹ ਨਿਕਲੇ ਬਘਿਆੜ।
ਓ ਟਾਹਲੀ ਦਿਓ ਪੱਤਿਓ! ਕਹੇ ਸਉਣ ਦੀ ਪੌਣ
"ਲੁੱਟ ਲੁਟ ਖਾਵਣ ਵਾਲੜੇ, ਅੰਤ ਭੰਨਾਸਣ ਧੌਣ।"
ਓ ਟਾਹਲੀ ਦਿਓ ਪੱਤਿਓ! ਭਾਦੋਂ ਕਰੇ ਪੁਕਾਰ।
ਅਦਾਲਾ ਬਦਲੀ ਸਮੇਂ ਦੀ, ਲੈ ਗਈ ਹਿੱਤ ਪਿਆਰ।
ਓ ਟਾਹਲੀ ਦਿਓ ਪੱਤਿਓ! ਮਿਲੀ ਅੱਸੂ ਵਿਚ ਖੁਲ੍ਹ,
ਵੀਰ ਵੀਰਾਂ ਨੂੰ ਖਾ ਗਏ, ਗਈ ਮਨੁੱਖਤਾ ਭੁੱਲ।
ਓ ਟਾਹਲੀ ਦਿਓ ਪੱਤਿਓ! ਕੱਤਕ ਚੜ੍ਹਿਆ ਆਣ
ਮਿਲਖਾਂ ਵਾਲੇ ਰੁਲ ਗਏ, ਫ਼ਾਕੀਂ ਝੱਟ ਲੰਘਾਣ।
ਓ ਟਾਹਲੀ ਦਿਓ ਪੱਤਿਓ! ਮੱਘਰ ਕਰੇ ਬਿਚੈਨ,
ਖੂਹ ਜੋ ਪੁਟੱਣ ਕਿਸੇ ਲਈ, ਖ਼ੁਦ ਖਾਤੇ ਵਿਚ ਪੈਣ।
ਓ ਟਾਹਲੀ ਦਿਓ ਪੱਤਿਓ! ਦਿੱਤਾ ਪੋਹ ਸਰਾਪ,
ਵੀਰਾਂ ਦੇ ਲਹੂ ਜੰਮ ਗਏ, ਪੈ ਗਈ ਆਪੋ ਧਾਪ।
ਓ ਟਾਹਲੀ ਦਿਓ ਪੱਤਿਓ! ਮਾਘ ਦਿਖਾਇਆ ਖੇਲ
ਖਬਰੇ ਮੌਲਾ ਕਰ ਦਏ ਵਿਛੱੜਿਆਂ ਦਾ ਮੇਲ।
ਓ ਟਾਹਲੀ ਦਿਓ ਪੱਤਿਓ! ਫੱਗਣ ਚੜ੍ਹਦੇ ਸਾਰ
'ਕੁਸ਼ਤਾ' ਸੁੱਤਾ ਜਾਗਿਆ, ਪੰਜਾਬੀ ਦਰਬਾਰ।

* ਮੌਲਾ ਬਖਸ਼ ਕੁਸ਼ਤਾ, ਪੰਜਾਬੀ ਬਾਰਾਂਮਾਹੇ, ਪੱਦਮ, ਸਰਦਾਰ ਸਾਹਿਤ ਭਵਨ, ਪਟਿਆਲਾ, 1959, ਪੰਨਾ 361.

29. ਬਾਰਾਂਮਾਹ*

ਚੇਤਰ ਚੈਨ ਨਾ ਇਕ ਪਲ ਅਖੀਆਂ ਤਰਸਦੀਆਂ।
ਕਿਊਂ ਵਿਛੋੜੇ ਪਾਏ ਦਿਲ ਦਿਆ ਮਹਿਰਮਾਂ?
ਵਿਸਾਖ ਸਾਡੜਾ ਹਾਲ ਜਿਊਂ ਫੱਟੀ ਕੋਇਲ ਦਾ,
ਮੂੰਹ ਮਹੀ ਦਾ ਵੇਖਾਂ ਅੱਖੀਆਂ ਮਹਿਕਦੀਆਂ।
ਜੇਠ ਜ਼ਮਾਨਾ ਭੈੜਾ ਬੋਲੀ ਮਾਰਦੀਆਂ,
ਦਿਲ ਤੇ ਚੋਟਾਂ ਲਾਵਣ ਅੱਜ ਸ਼ਰੀਕਣਾਂ।
ਹਾੜ ਸੋਣੀਆਂ ਜੀਮਣ ਜੋਬਨ ਲਰਜ਼ ਰਿਹਾ,
ਕਲੀਆਂ ਘੁੰਗਟ ਚਾਏ ਮਹਿਕਾਂ ਵੰਡੀਆਂ।
ਸਾਉਣ ਬਹਾਰਾਂ ਆਈਆਂ ਤੀਆਂ ਲਗਦੀਆਂ,
ਮੈਂ ਤੱਤੜੀ ਦਿਲ ਗ਼ਮੀਆਂ ਚੈਨ ਪਰਦੇਸ ਗਿਆ।
ਭਾਦੋਂ ਭਿਖਿਆ ਪਾਦੇ ਉਹਦੇ ਦਰਸ਼ਨ ਦੀ,
ਮੈਂ ਚਹੁਰੀ ਘੋ ਹੋ ਜਾਵਾਂ ਮਾਹੀ ਵੇਖ ਕੇ।
ਅੱਸੂ ਆਸਾਂ ਅੱਲੀਆਂ ਵੇਖੀਂ ਤੋੜੀਂ ਨਾਂ,
ਗਲ ਸੜ ਜਾਵਣ ਲਾਮ੍ਹਾਂ ਮਾਹੀ ਘਰ ਆਵੇ।
ਕੱਤਕ ਜਿਊਂ ਬੱਦਲਾਂ ਵੱਲ ਵੇਖੇ ਅੱਖ ਚਾਤ੍ਰਿਕ ਦੀ,
ਤਿਊਂ ਤਰਸਣ ਇਹ ਨੈਣ ਉਸਨੂੰ ਵੇਖਣ ਲਈ।
ਮੱਘਰ ਮੈਂਡੜਾ ਜੋਬਨ ਫੁੱਲ ਗੁਲਾਬ ਦਾ,
ਲੱਖ ਭੰਵਰੇ ਅੱਜ ਭੌਂਦੇ ਜਿਸਨੂੰ ਰੋਲਣ ਲਈ।
ਪੋਹ ਮੈਂ ਪੈਂਡਾ ਬਹੁਤ ਹਿਜਰ ਸੰਗ ਝੱਲਿਆ,
ਹੁਣ ਜੀਵਨ ਵਿੱਚ ਸਾਗਰ ਲਹਿਰਾਂ ਨਾਗਣੀਆਂ।
ਮਾਘ ਮੈਂਡੜਾ ਜੋਬਨ ਅੱਜ ਬਹਾਰਾਂ ਤੇ,
ਜਿਊਂ ਖੇਤਾਂ ਚੋਂ ਲੰਘਾਂ ਹਾਲੀ ਹਲ ਭੁੱਲਦੇ।
ਫੱਗਣ ਫੌਜੀ ਮਾਹੀਆ ਛੇਤੀ ਮੁੜ ਆ ਵੇ,
ਬਾਝ ਤੇਰੇ ਇਹ ਹੁਸਨ ਮੇਰੀ ਮੌਤ ਹੈ।

* ਮੇਜਰ ਸਿੰਘ 'ਤਾਣ,' ਜਨ ਸਾਹਿਤ, ਜਨਵਰੀ-ਫ਼ਰਵਰੀ, 1978.

## 30. ਬਾਰਾਂਮਾਹ ਕਿਸਾਨਾਂ ਦਾ*

ਸਾਡੇ ਲੰਘ ਜਾਂਦੇ ਸਾਲ, ਸਾਰੇ ਹਾੜ ਤੇ ਸਿਆਲ, ਨਿੱਕੇ ਵੱਡੇ ਦਿਨ ਰਾਤ
ਹੋ ਹੋ - ਹਾ - ਹੋ ਹੋ - ਹਾ, ਬਸ ਗਿੱਟੀਆਂ ਹੀ ਗਿਣਦਿਆਂ ਢੋਲਾ, ਹੋ ਹੋ ਹਾ ।

ਚੜ੍ਹੇ ਚੇਤ ਨਵ ਸਾਲ, ਖਾਏ ਧਰਤੀ ਉਛਾਲ ,
ਪਏ ਛੋਲਿਆਂ ਪਟਾਕਾ, ਅਸਮਾਨ ਥੋਹੇ ਝਾਟਾ।
ਜਿਵੇਂ ਬਿੰਦੇ ਛੁੱਟੇ ਪਾਟਾ, ਬਸ ਜਿਵੇਂ ਪਾਟਾ ਪਾਟਾ ,
ਅਸਾਂ ਛੋਲੂਆਂ ਬਣਾਇਆ ਹੋਲਾਂ ਭੁੰਨੀਆਂ ਛੈ ਝਿੰਗਾਂ,
ਅਸਮਾਨੀ ਮੇਰਾ ਘੱਗਰਾ ਮੈਂ ਕਿਹੜੀ ਕੀਲੀ ਟੰਗਾਂ।
ਨੀ ਮੈਂ ਐਸ ਕੀਲੀ ਟੰਗਾਂ, ਨੀ ਮੈਂ ਔਸ ਕੀਲੀ ਟੰਗਾਂ!
ਕਣਕਾਂ ਦੀਆਂ ਬੱਲੀਆਂ - ਹੇ - ਹੋ - ਹਾ, ਹੇ - ਹੋ - ਹਾ;
ਨਿਕਲਣ ਦਿਨ ਗਿਣਦਿਆਂ ਢੋਲਾ, ਹੇ - ਹੋ , - ਹਾ।੧।

ਲੈਕੇ ਆਇਆ ਵੇ ਵਿਸਾਖਾ ਫਲ ਪੱਕੇ ਹਰ ਸ਼ਾਖ਼,
ਆਈ ਭੰਗੜੇ ਦੀ ਰੁੱਤ, ਅੰਦਰ ਹੋਏ ਕੂੱਤ -ਕੂੱਤ ,
ਖਾਧਾ ਗੁੜ ਵਾਲ ਮੰਨ, ਅਸਾਂ ਨਵਾਂ ਕੀਤਾ ਅੰਨ,
ਤਿੱਖੇ ਦਾਤੀਆਂ ਦੇ ਦੰਦ, ਲੜੇ ਲਾਵਿਆਂ ਨੂੰ ਕੰਡ,
ਥੱਕੇ ਡੋਲੇ ਅੱਕੇ ਦਿਲ, ਤਾਂ ਵੀ ਗਾਈਏ ਹਿੱਲ ਹਿੱਲ,
ਕਢ ਹੇਕਾਂ ਲੰਮੀਆਂ, ਹੇ - ਹੋ - ਹਾ, ਹੇ - ਹੋ - ਹਾ;
ਪਥੇ ਖਲ੍ਹੀਆਂ ਚਿਣਦਿਆਂ ਢੋਲਾ, ਹੇ - ਹੋ - ਹਾ। 2।

ਉਤੋਂ ਚੜ੍ਹ ਆਇਆ ਜੇਠ ਸਾਡਾ ਸਭੋ ਕੁਝ ਖੇਤ,
ਅਸੀਂ ਘਾਠ ਚੱਬੀ ਕੁੱਟ, ਚਾੜ੍ਹ ਲੂਣ ਵਾਲ ਪੁੱਠ,
ਘਸੇ ਬਲਦਾਂ ਦੇ ਖੁਰ, ਗੱਜੇ ਬਦੱਲ ਬੇ-ਸੁਰ ,
ਪਈਆਂ ਧੜਾਂ ਪਏ ਗਾਹ, ਕੋਈ ਚੱਲਦੀ ਨਾ ਵਾਹ,
ਨ੍ਹੇਰੀ ਬੁਲੇ ਮੀਂਹ ਕਣੀਆਂ ਤੋਂ ਹੇ ਹੋ ਹਾ, ਹੇ ਹੋਬ;।
ਦਿਲ ਵਿੱਚੇ ਵਿੱਚ ਗੁਨ੍ਹਦਿਆਂ ਢੋਲਾ, ਹੇ ਹੋ - ਹਾ। 3।

ਉਤੋਂ ਆਗਿਆ ਹਾੜ, ਹਾਲਾਂ ਕੱਢੇ ਨੀ ਸਿਆੜ,
ਖ਼ਰਬੂਜ਼ੇ ਭੈਨੇ ਪੱਕੇ, ਅਸੀਂ ਖਾਧੇ ਬਹਿਕੇ ਨੱਕੇ,
ਧੁੱਪਾਂ ਪੈਂਛੀ ਭੁੰਨੇਂ ਸੁੱਟ, ਰੋਹੀਓ ਉਠੱਦੇ ਪਏ ਭੁੱਖ,
ਹੋਈ ਗਰਮੀ ਦੀ ਅੰਤ, ਨੀ ਕਪਾਹੇ ਕੱਢ ਪੱਤ,
ਜੀਹਨੇ ਪਾਈ ਨਹੀਂ ਵਾਹ, ਓਹਦੇ ਖੇਤ ਪਿਆ ਘਾਹ,
ਕੀ ਬੀਜਣਾ ਕੀ ਵਢਣਾ - ਹੇ - ਹੋ- ਹਾ, ਹੇ - ਹੋ - ਹਾ;
ਸਾਧ ਜੱਟਾਂ ਨੂੰ ਬਣਾਂਦੀਆਂ ਢੋਲਾ, ਹੈ - ਹੋ - ਹਾ। 4।

ਚੜ੍ਹ ਪਿਆ ਜ਼ੋਰੀਂ ਸੌਣ, ਵੱਗੇ ਮੀਂਹਾਂ ਭਿੱਜੀ ਪੌਣ ,
ਆਈਆਂ ਤੀਆਂ ਮਘੇ ਗਿੱਧਾ, ਅਸਾਂ ਪੂੜੇ ਵੀ ਪਕਾਏ, ਮਿੱਠਾ ਦਲੀਆ ਵੀ ਰਿੱਧਾ,
ਆਏ ਪਸ਼ੂ ਰਜ ਘਰ, ਮਨ ਭਾਉਂਦੇ ਚਰ੍ਹੇ ਚਰ,
ਸਾਡੇ ਕੋਠੇ ਚੱਲੇ ਖੁਰ, ਮਰੇ ਸਾਲ ਝੁਰ ਝੁਰ,
ਗਿਆ ਛਿੰਬਦਿਆਂ ਪੋਚਦਿਆਂ, ਹੇ- ਹੋ - ਹਾ, ਹੇ- ਹੋ - ਹਾ;
ਰੋੜੀ ਇਕ ਇਕ ਚਿਣਦਿਆਂ ਢੋਲਾ - ਹੇ - ਹੋ - ਹਾ, 5।

ਚੜ੍ਹੀ ਭਾਦੋਂ ਉੱਗੀ ਖੁੰਮ, ਪਿਆ ਆਖਰਾਂ ਦਾ ਗੁੰਮ,
ਕਿਸੇ ਚਿਭੱੜ ਮਤੀਰੇ, ਸਾਡੇ ਖੇਤੀਂ ਖਿੜੇ ਖੀਰੇ,
ਸਾਡੀ ਨਿਆਈਂ ਪਿਆ ਮੋਥਾ, ਅਸੀਂ ਖੇਤਿਆਂ ਨਾ ਜੋਤਾ,
ਘਸੇ ਗੋਡ ਗੋਡ ਰੰਬੇ, ਟੁਰੇ ਮੇਲੇ ਮੁੰਡੇ ਸੌਂਕੀ,
ਸੂਰਜ ਸੁੱਟੇ ਓਹ ਪਲੀਤੇ, ਜਿਨ੍ਹਾਂ ਹਰਨ ਕਾਲੇ ਕੀਤੇ,
ਧੁੱਪਾਂ ਭਾਦੋਂ ਦੀਆਂ ਤਿੱਖੀਆਂ, ਹੇ - ਹੋ - ਹਾ, ਹੇ - ਹੋ - ਹਾ;
ਸਾਧ ਜੱਟਾਂ ਨੂੰ ਬਣਾਂਦੀਆਂ - ਹੇ - ਹੋ - ਹਾ । 6।

ਅੱਸੂ ਆਸਾਂ ਦਾ ਮਹੀਨਾ, ਇੰਝ ਛਿੜੀਂਦਾ ਓ ਚੀਣਾ,
ਅਸੀਂ ਬਕਲੀਆਂ ਧਰੀਆਂ, ਪੱਟ ਚੂਪੀਆਂ ਵੀ ਚਰੀਆਂ,
ਸਾਡੇ ਖੇਤੀਂ ਸਿੱਟੇ ਪੱਕੇ, ਤੇ ਕਪਾਹ ਪਈ ਹੱਸੇ,

ਕੱਢੇ ਮਕੀਆਂ ਨੇ ਬਾਬੂ, ਹੋਇਆ ਜੋਬਨ ਬੇ-ਕਾਬੂ,
ਹਰ ਟਾਹਣੀ ਮੂੰਹ ਚੁੱਕ, ਜਿਵੇਂ ਹਰੀ ਭਰੀ ਕੁੱਖ,
ਵਾਂਗ ਫੁਨੀਅਰ ਮੇਲ੍ਹੇ, ਪਏ ਘੂਕਣ ਗੁਲੇਲੇ,
ਨਿੱਕਾ ਮੋਟਾ ਬਾਜਰਾ- ਹੇ - ਹੋ - ਹਾ, ਹੇ - ਹੋ - ਹਾ।
ਰਾਖੀ ਚੱਲੀਆਂ ਰਿਨ੍ਹਦਿਆਂ ਢੋਲਾ - ਹੇ - ਹੋ - ਹਾ। 7।

ਮਾਹ ਚੜ੍ਹ ਆਇਆ ਕੱਤਾ, ਸਾਡਾ ਖੇਤ ਆਇਆ ਭੌਤਾ,
ਚੁੱਕੀ ਮਿੱਸੀ ਛੋਟੀ ਲੱਸੀ, ਸੋਹਣੀ ਟੱਪ ਆਈ ਕੱਸੀ,
ਸਾਰੇ ਲੌਂਗ ਲਿਸ਼ਕਾਰੇ, ਖਾਵੇ ਲੱਕ ਲਚਕਾਰੇ,
ਅਸਾਂ ਦੋਹਰ ਚੋਹਰ ਪਾਈ, ਕਰ ਦੇਣੀ ਐਂ ਬਿਆਈ,
ਜੱਟ ਚੜ੍ਹਿਆ ਸੁਹਾਗੇ, ਨਾਂ ਕੋਈ ਆਏ ਲਾਗੇ ਚਾਗੇ,
ਵਧੇ ਰਾਤ ਦਿਨ ਖੂਨ, ਹੇ - ਹੋ - ਹਾ, ਹੇ - ਹੋ - ਹਾ ,
ਬੀਜੀ ਪੈਲੀ ਮਿਣਦਿਆਂ ਢੋਲਾ - ਹੇ - ਹੋ - ਹਾ। 8।

ਮਘੱਰ ਚੜ੍ਹਿਆ ਚੜ੍ਹੀ ਠੰਢ, ਸਾਡੇ ਬਜੱਣ ਪਏ ਦੰਦ,
ਘਰ ਦੇ ਦਾਣੇ ਦਿੱਤੇ ਬੀਜ, ਬਾਹਰੋਂ ਆਈ ਨਾ ਕੋਈ ਚੀਜ਼,
ਅਸੀਂ ਮੁਰਮੁਰੇ ਭਨਾਏ, ਝੱਗੇ ਢੋਲੇਂ ਦੇ ਸੁਕਾਏ, ਸੁਆਏ,
ਡੰਗੇ ਸੁੱਟੇ ਪਿੜ ਸੁੱਟ, ਕੱਢੇ ਦਾਣੇ ਕੁੱਟ ਕੁੱਟ,
ਸੁੱਟੇ ਟਾਂਡੇ ਘਰ ਢੋਹ, ਨਾਲੇ ਤੋਹ ਨਾਲੇ ਭੋਹ,
ਸਾਡੇ ਘਰ ਕੁਝ ਆਇਆ, ਹੇ - ਹੋ - ਹਾ, ਹੇ - ਹੋ ਹਾ ,
ਵਰ੍ਹਾ ਮਰਦਿਆਂ ਪਿੰਨਦ੍ਹਿਆਂ ਢੋਲਾ, ਹੇ - ਹੋ - ਹਾ। 9।

ਆਇਆ ਪੋਹ ਕਕਰੀਲਾ, ਕੀਤਾ ਸਭਨਾਂ ਕੋਈ ਹਲਾ,
ਰਲਾਇਆ ਹੋਰ੍ਹਾਂ ਨਿੱਕ ਸੁੱਕ, ਅਸਾਂ ਤਿਲ ਹੀ ਲਏ ਕੁੱਟ,
ਭਰੇ ਲੇਫ਼ ਤੇ ਭੁਲਾਈਆਂ ,ਲੋਕਾਂ ਭੱਠੀਆਂ ਮਘਾਈਆਂ,
ਲਾਹ ਭੇਡਾਂ ਦੀ ਵੀ ਉੱਨ, ਸੋਠਾਂ ਕਪੜੇ ਲਏ ਉਣ,

ਵੱਗੇ ਠੱਕਾ ਪਏ ਮੀਂਹ, ਲੜੇ ਸੱਪ ਪਏ ਸ਼ੀਂਹ,
ਸਾਨੂੰ ਕੋਈ ਨਾਂ ਪਰਵਾਹ, ਸਾਡੇ ਖੇਤ ਨੇ ਉਗਾਹ,
ਸਾਡਾ ਰਿੱਘ ਸਾਡਾ ਰੀਮ, ਲਏ ਹਰ ਥਾਂ ਹੀ ਸਿੱਝ, ਇਹ ਫੁਲਾਦੀ ਸਾਡਾ ਟੀਮ,
ਛੱਡ ਨਿਘੀਆਂ ਬੁੱਕਲਾਂ, ਹੈ - ਹੋ - ਹਾ, ਹੈ - ਹੋ - ਹਾ,
ਰਾਤਾਂ ਲੰਘਣ ਸਿੰਵਦਿਆਂ ਢੋਲਾ, ਹੈ - ਹੋ - ਹਾ । 10।

ਹੁਣ ਆ ਗਿਆ ਮਾਘ, ਧਰਤੀ ਮਾਤਾ ਪਈ ਜਾਗ,
ਹੋਇਆ ਰੀਦਲਾਂ ਦਾ ਸਾਗ, ਆਇਆ ਚਿਹਰਿਆਂ ਤੇ ਭਾਗ,
ਕੁੱਢੇ ਹਲ ਡੰਗੇ ਰਉ ,ਖਾਧਾ ਤੱਤਾ ਤੱਤਾ ਗੁੜ ਰਜ ਰਜ ਪੀਤਾ ਰਹੁ,
ਕਿਸੇ ਕਿਸੇ ਦਿਨ ਸ਼ਾਮ, ਮੁੰਡੇ ਗਭਰੂ ਜੁਆਲ,
ਸੁੱਕੇ ਹੱਡੀਂ ਡੰਡ ਲਾਉਣ, ਨਾਲੇ ਮੁੰਗਲੀ ਘੁਮਾਉਣ,
ਮਘੇ ਕਉਡੀ-ਬਾਡੀ ਖੇਢ, ਕਦੇ ਖਿੱਦੋ ਲਿਆਉਣ ਰੇੜ੍ਹ,
ਗੁੱ ਲੀ ਢੰਡਾ ,ਡੰਡਾ -ਲੁੱਕ, ਤੇੜੀ ਬਾੜ ਭੰਨੇ ਰੁੱਖ।
ਘੁਸ ਮੁਸੇ 'ਖਾਓ-ਪੀਓ' ਦੇ - ਹੈ - ਹੋ - ਹਾ, ਹੈ - ਹੋ - ਹਾ,
ਗਏ ਕਿਣ ਮਿਣ ਕਰਦਿਆਂ ਢੋਲਾ - ਹੈ - ਹੋ - ਹਾ। 11।।

ਅੰਤ ਫੱਗਣ ਵੀ ਆਇਆ, ਸਾਡਾ ਵਰ੍ਹਾ 'ਗਿਆ ਆਇਆ'
ਭੂੰਡੀ ਸਰ੍ਹਵਾਂ ਨੂੰ ਖਾਏ, ਸੋਨਾ ਮਿੱਟੀ ਬਣੀਂ ਜਾਏ,
ਪਿਆਜੀ ਰਸ ਲਿਆ ਚੂਸ, ਹਾੜ੍ਹੀ ਹੋਈ ਪੀਲੀ ਭੂਕ,
ਕਣਕਾਂ 'ਚ ਕਾਂਗਿਆਰੀ, ਬਣੀ ਖੜੀ ਘਟਾ ਕਾਲੀ,
ਲੈ ਲੈ ਇੱਕ ਇੱਕ ਬੂਝਾ, ਕਰੀ ਦੇਵਤਿਆਂ ਜਿਉਂ ਪੂਜਾ,
ਲੰਘੇ ਸਾਰੇ ਹਾੜ ਸਿਆਲ, ਸਾਡਾ ਰਿਹਾ ਓਹੋ ਹਾਲ,
ਲਹਿਣੇਦਾਰਾਂ ਅੱਖਾਂ ਪਾੜੀਆਂ , ਹੈ - ਹੋ - ਹਾ, ਹੈ - ਹੋ - ਹਾ।
ਨਿਗਾਹ ਸਾਡੇ ਵੱਲ ਸਿਨ੍ਹਦਿਆਂ ਢੋਲਾ - ਹੈ - ਹੋ - ਹਾ, ਹੈ -12।

ਅਸੀਂ ਧਰਤੀ ਦੇ ਗੀਤ, ਪਹਿਲੀ ਬਦਲ ਦੇਵੀ ਰੀਤ,
ਅਸੀਂ ਧਰਤੀ ਦੇ ਜਾਏ, ਹੁਣ ਦਿਨ ਸਾਡੇ ਆਏ,

ਅਸੀਂ ਧਰਤੀ ਦੇ ਪੁੱਤ, ਪਹਿਲੀ ਬਦਲ ਦੇਵੀ ਰੁੱਤ,

ਅਸਾਂ ਬਦਲਵਾਂ ਜ਼ਮਾਨਾ ,ਹੁਣ ਖਾਵਣਾ ਤੇ ਹੰਢਾਣਾ,

ਅਸਾਂ ਜੱਗ ਪਲਟਾਣਾ, ਰਾਜ ਘਰ ਦਾ ਬਨਾਣਾ,
ਭੁੱਖ ਨੰਗ ਨਾਲੋਂ ਲਾਹਣੀ, ਇਹ ਤਾਣੀ ਸੁਲਝਾਉਣੀ,
ਜੋ ਲੰਘ ਗਏ ਏ ਲੰਘਗੀ, ਹੇ - ਹੈ - ਹਾਂ, ਹੇ - ਹੇ - ਹਾ,

ਅਪਣਾ ਆਪ ਪਿੰਜਦਿਆਂ ਢੋਲਾ - ਹੇ - ਹੇ - ਹਾ।

*****

---

* ਗੁਰਦਿੱਤ ਸਿੰਘ, ਗਿਆਨੀ, ਪੰਜਾਬੀ ਬਾਰਾਂਮਾਹੇ, ਪਦਮ, ਸਰਦਾਰ ਸਾਹਿਤ ਭਵਨ, ਪਟਿਆਲਾ, 1959, ਪੰਨਾ363-364.

31. ਬਾਰਾਂਮਾਹ

ਚੇਤ-ਵਿਸਾਖ ਭਵੇਂ।
ਜੇਠ-ਹਾੜ ਸਵੇਂ।
ਸਾਉਣ -ਭਾਦੋਂ ਥੋੜਾ ਖਾਈਏ।
ਅੱਸੂ-ਕੱਤੇ ਬਹੁਤਾ ਨਹਾਈਏ।
ਮੱਘਰ - ਪੋਹ ਰੂੰ ਹੰਢਾਈਏ।
ਮਾਘ-ਫੱਗੁਣ ਖੁਸ਼ੀ ਮਨਾਈਏ।

—

(ਲੋਕ ਅਖਾਣ )

## ਪੁਸਤਕ-ਸੂਚੀ
*******

BIOBILOGRAPHY

1. Ackroyd, Peter; Notes for a New Culture; Vision Press Ltd. London, 1976.

2. Blauberg, I.V. andothers; Systems Theory; Prgress Publishers Moscow, 1977,

3. Baumann, Zygmunt; Critical Sociology ; Rutlege & KeganPaul, London, 1974.

4. Baumann, Zygmunt; Culture and Proxis; Rutlege &Kegan Paul 1965.

5. Barthes ,Roland; Elements of Semiology; Janthen Cape, London, 1965.

6. Bascom, William R.; The Forms of Folklore; London, 1967

7. Cassirer, Ernst; An Essay on Man; Yale University, Press, New Haven, 1944.

8. Culler, Janathen; Structuralist Poetics: Routledge and Kegan Paul, London, 1975.

9; Dundes, Alan(ed.) The Study of Folklore, Euglewood Cliffs N.J. Prentice-Hall, Inc., 1965.

10. Hendricks, William O; Essay on Semiolinguistics and Verbal Art; Mouton, The Hague, 1973.

11. Devinder Satyarthi; Meet My People, Sangam Publishers, Ltd. Estddn, Lahore, 1946.

12. Spenser, Edmund, The Shepherds Calender'The NortonAnthology of English Literature, W.W.Norton & Co. Inc., New York, 1975.

13. Leech, Edmund(ed.) The Structural Study of Myth and Totemism

Tavi Stock Publication, 1967.

14. Levi-Strauss, Claude; Structural Anthropology; Trans. Clare Jacobson & Other; Allen Lane, The Penguin Press, London, 1963.

15. Levi-Strauss, Lcaude; Toremism, Trans ; Rodhey Neetham, Peguin Book. Ltd., Middle Sex , England, 1963.

16. -------; The Raw and The Cooked; Introduction to the science of Mythology, Voo. I, Harper and Row , New York, 1969.

17. ----------; Myth and Meaning, Rutledge and Kegan Paul, London, 1978.

18. Lemon, Lee T. & Reis, Marion J., Russian Formalist-Criticism: Four Essays; University of Nebraska Press, London, 1965.

19. Mohan Singh (Dr.) An Introduction to Panjabi Literature;

20. Oman, John Compbell, Cults , Customs and Superstitions of India.......

21. Paz, Octavio; Claude, Levi-Strauss: An Introduction; cornessl University Press, London, 1970.

22. Raymind Firth; Human Types, Principles of Social Structure; Bornes, Noble , New York, 1873.

23. Richard M. Dorson, American Folklore, The University of Chicago Press, Chicago, & London, 1970.

24. Redcliffe-Broven, A.R.; Structure and Function in Primitive Society; Cohen and West Ltd. , London, 1968.

25. Robey, David (ed.) Structuralism an Introduction; xPrx. Clarendon Press; Oxford, 1973.

26. Bedi, Sohinder Singh; Folklore of the Panjab; India Book House, New Delhi-I.

27. Srivastva, SahabLal; Folk-culture and Old Traditions; Abhinav, Publications, New Delhi, 1974.

28. Sartre, Jean-Paul; The Problem of Method; Trans. Hazel E. Barnes Metheuen and Co. Ltd., London, 1963.

29. Thompson (ed.) Motif Index of Folk Literature, (VolVI) Bloomington, Indiana University Press, 1955-58.

30. Wilden, Anthony, System and Structure; Tavi Stock Publications London, 1972.

31. Wallace, Anthony F.C. (ed.) Man and Culture: University of Pemsylvania Press, 1960.

32. Waston Brigs; Gorakh Nath+Kanphata Yogis; Calcutta, 1938.

33x

******

*****

## ਪੰਜਾਬੀ ਪੁਸਤਕਾਂ

1. ਅਵੱਫ਼ੀ, ਲਬੁੱਲ-ਲੁਬਾਬ; ਜਿਲਦ ਦੂਜੀ, ਲਾਹੌਰ, 1923

2. ਅਰਜਨ ਦੇਵ, (ਗੁਰੂ); ਆਦਿ-ਗ੍ਰੰਥ, 1604

3. ਅਤਰ ਸਿੰਘ (ਡਾ.) ਦ੍ਰਿਸ਼ਟੀਕੋਣ; ਲਾਹੌਰ ਬੁਕ ਸ਼ਾਪ, ਲੁਧਿਆਣਾ, 1963

4. ਅਬਦੁਲ ਕੁਰੈਸ਼ੀ; ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ਼; ਡਾਇਮੰਡ ਪ੍ਰੈਸ, ਲਾਹੌਰ, 1917.

5. ਅੰਮ੍ਰਿਤਾ ਪ੍ਰਿਤਮ; ਸੁਨੇਹੜੇ, ਨਵਯੁਗ ਪਬਲਿਸ਼ਰਜ਼, ਦਿੱਲੀ, 1960.

6. ਈਸ਼ੂਰ ਦਾਸ (ਸਾਧੂ); ਕਾਫ਼ੀਆਂ ਤੇ ਬਾਰਾਂਮਾਹ, ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1924.

7. ਈਸ਼ੂਰ ਸਿੰਘ (ਡਾ.); ਪੰਜਾਬੀ ਸਾਹਿਤ ਦਾ ਪੁਨਰ ਮੁਲਅੰਕਣ; ਲਾਹੌਰ ਬੁਕ ਸ਼ਾਪ, ਲੁਧਿਆਣਾ, 1954.

8. ਸੰਤ ਸਿੰਘ ਸੇਖੋਂ, ; ਸਾਹਿਤਿਆਰਥ; ਲਾਹੌਰ ਬੁਕ ਸ਼ਾਪ, ਲੁਧਿਆਣਾ, 1957.

9. ਸੁਹਿੰਦਰ ਸਿੰਘ ਬੇਦੀ, ਪੰਜਾਬ ਦਾ ਲੋਕ-ਸਾਹਿਤ; ਨਵਯੁਗ ਪਬਲਿਸ਼ਰਜ਼, ਦਿੱਲੀ, 1968.

10. ਸਰਦਾਰ ਸਿੰਘ (ਸਰ); ਬਾਰਾਂ ਮਹੀਨੇ ਤੇ ਸੱਤ ਦਿਨ; ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਦਿੱਲੀ, 1951.

11. ਸੁਰਿੰਦਰ ਸਿੰਘ, ਕੋਹਲੀ, (ਡਾ.). ਪੰਜਾਬ ਦੇ ਲੋਕ-ਗੀਤ; ਲਾਹੌਰ ਬੁਕ ਸ਼ਾਪ, ਲੁਧਿਆਣਾ, 1944.

12. ਸੁਰਜੀਤ ਖ਼ੁਰਸ਼ੀਦੀ; ਪੰਜਾਬੀ ਸ਼ਬਦਾਰਥ ਦੀ ਰੂਪ ਰੇਖਾ; ਪ੍ਰਾਗ੍ਰਸੈਵਿ ਬੁਕ ਸੈਂਟਰ, ਜਲੰਧਰ, 1973.

13. ਸੁਰਿੰਦਰ ਸਿੰਘ ਕੋਹਲੀ (ਡਾ.); ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1973.

14. ਹਰਭਜਨ ਸਿੰਘ (ਡਾ.) ; ਅਧਿਐਨ ਤੇ ਅਧਿਆਪਨ; ਨਵਚੇਤਨ ਪਬਲਿਸ਼ਰਜ਼, ਘੰਟਾ ਘਰ ਅੰਮ੍ਰਿਤਸਰ, 1970.

15. ਕਰਨੈਲ ਸਿੰਘਥਿੰਦ,(ਡਾ.) ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ, 1973

16. ਕਾਦਰਯਾਰ; ਕਿੱਸਾ ਪੂਰਨ ਭਗਤ, ਮੁਫ਼ੀਦ ਆਮ ਪ੍ਰੈਸ, ਲਾਹੌਰ, 1933.

17. ਕੁਲਵੰਤ ਸਿੰਘ ਵਿਰਕ; ਪੰਜਾਬ ਦੇ ਲੋਕ-ਗੀਤ; ਸਾਹਿਤ ਸੰਗਮਲੁਧਿਆਣਾ, 1955

18. ਕਾਹਨ ਸਿੰਘ, ਨਾਭਾ, ਮਹਾਨ ਕੋਸ਼, ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974.

19. ਕੁਲਦੀਪ ਸਿੰਘ ਹਉਰਾ; ਪੰਜਾਬੀ ਕਵਿਤਾ ਦੀ ਪਰੰਪਰਾ; ਲੋਕ-ਸਾਹਿਤ ਪਰਕਾਸ਼ਨ, ਅੰਮ੍ਰਿਤਸਰ।

20. ਗੁਰਦਾਸ(ਭਾਈ); ਵਾਰ ਸਤਾਈਵੀਂ :: 'ਪਉੜੀ ਪਹਿਲੀ', ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਲਾਹੌਰ, 1937.

21. ਗੁਲਾਬ ਰਾਏ: ਕਾਵਿ ਦੇ ਰੂਪ; ਆਤਮਾ ਰਾਮ ਐਂਡ ਸਨਜ਼, ਦਿੱਲੀ, 1950.

22. ਗੋਬਿੰਦਾ ਨੰਦ (ਸੁਵਾਮੀ); ਗੋਬਿੰਦ ਬਿਲਾ, ਠਾਕਰ ਦਾਸ ਪੁਸਤਕਾਂ ਵਾਲੇ, ਕਾਰਖ਼ਾਨਾ ਬਾਜ਼ਾਰ, ਲਾਇਲਪੁਰ, 1924.

23. ਜੀਤ ਸਿੰਘ ਸੀਤਲ(ਡਾ.), 'ਪੰਜਾਬੀ ਕਿੱਸਾਕਾਰੀ: ਪੰਜਾਬੀ ਦੁਨੀਆਂ, ਜਨਵਰੀ-ਫ਼ਰਵਰੀ 1964.

24. ਜੀਤ ਸਿੰਘ, ਸੀਤਲ, (ਡਾ.), ਪੰਜਾਬੀ ਸੀਹਰਫ਼ੀਆਂ: ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

25. ਤੇਜਾ ਸਿੰਘ(ਪ੍ਰਿੰਸੀਪਲ): ਸੁਭਿਆਚਾਰ; ਸਿਖ ਪਬਲਿਸ਼ਰਜ਼, ਦਿਲੀ, 1934.

26. ਤਾਰਨ ਸਿੰਘ (ਡਾ).; ਬਾਰਾਂਮਾਹ ਦਰਪਨ: ਭਾਈ ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1962.

27. ਤਰਲੋਕ ਸਿੰਘ ਕੰਵਰ(ਡਾ.). ਪੰਜਾਬੀ ਸੱਭਿਆਚਾਰ, ਭਾਸ਼ਾ: ਮਿਆਰੀ ਕਰਨ ਦੀ ਸਮੱਸਿਆ ਸੰਪਾਦਕ: ਸਤਿੰਦਰ ਸਿੰਘ ਨੂਰ, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1975.

28. ਤਰਲੋਕ ਸਿੰਘ ਕੰਵਰ(ਡਾ.). ਮਾਨ ਪ੍ਰਤਿਮਾਨ; ਸਿਕੇਤ ਮੈਡਲ ਪ੍ਰਕਾਸ਼ਨ, ਜਲੰਧਰ, 1975.

29. ਦੇਵਿੰਦਰ ਸਤਿਆਰਥੀ ਤੇ ਮ.ਸ.ਰੰਧਾਵਾ; ਪੰਜਾਬੀ ਲੋਕ-ਗੀਤ, ਸਾਹਿਤ ਅਕਾਡਮੀ ਦਿੱਲੀ, 1960.

30. ਨਾਨਕ ਦੇਵ(ਗੁਰੂ); ਆਦਿ ਗ੍ਰੰਥ, "ਜਪੁ: ਪਉੜੀ 34, ਪੰਨਾ 7.

31. ਨਰਿੰਦਰ ਧੀਰ: ਮੈਂ ਧਰਤੀ ਪੰਜਾਬ ਦੀ; ਲਾਹੌਰ ਬੁੱਕ ਸ਼ਾਪ, ਲੁਧਿਆਣਾ, 1962.

32. ਪਿਆਰਾ ਸਿੰਘ ਪਦਮ; ਪੰਜਾਬੀ ਬਾਰਾਂਮਾਹੇ, ਸਰਦਾਰ ਸਾਹਿਤ ਭਵਨ, ਪਟਿਆਲਾ, 1959.

33. ਪਿਆਰਾ ਸਿੰਘ ਭੋਗਲ, ਪੰਜਾਬੀ ਕਵਿਤਾ ਦੇ ਸੌ ਸਾਲ, ਨਿਊ ਬੁਕ ਕੰਪਨੀ, ਜਲੰਧਰ 1955.

34. ਪ੍ਰਿਥੀਪਾਲ ਸਿੰਘ ਜੋੜਾ: ਪੰਜਾਬੀ ਕਿੱਸੇ, ਫੁਲਵਾੜੀ, ਲਾਹੌਰ, 1944.

35. ਪੀਤਾਂਬਰ ਦੱਤ, ਬੜਥਵਾਲ; ਗੋਰਖਬਾਣੀ, ਹਿੰਦੀ ਸਾਹਿਤ ਸੰਮੇਲਨ, ਪਰਯਾਗ, 20003 ਬਿ.

36. ਫੌਜਾ ਸਿੰਘ(ਡਾ.) ਪੰਜਾਬ ਦਾ ਇਤਿਹਾਸ; ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

37. ਫਰੀਦ (ਬਾਬਾ), ਆਦਿ ਗ੍ਰੰਥ "ਰਾਗ ਆਸਾ" ਪੰਨਾ 488

38. ਬੁਧ ਸਿੰਘ(ਬਾਵਾ); ਹੰਸ ਚੋਗ; ਲਾਹੌਰ ਬੁਕ ਸ਼ਾਪ, ਲੁਧਿਆਣਾ, 1950.

39. ਭਾਸ਼ਾ ਵਿਭਾਗ, ਪੰਜਾਬ ਪੰਜਾਬੀ ਸਾਹਿਤ ਦਾ ਇਤਿਹਾਸ, ਪੰਜਾਬੀ ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1963.

39-ਏ. ਭਾਸ਼ਾ ਵਿਭਾਗ, ਪੰਜਾਬੀ ਪੰਜਾਬ ਭਾਸ਼ਾ ਵਿਗਿਆਨ; 1965

40. ਮਨਮੋਹਨ ਸਿੰਘ(ਡਾ.). ਚੋਣਵਾਂ ਪੰਜਾਬੀ ਕਿਸ਼ਨ-ਕਾਵਿ; ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ।

41. ਮਹਿੰਦਰ ਸਿੰਘ ਰੰਧਾਵਾ(ਡਾ). ਪੰਜਾਬ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

42. ਮੋਹਨ ਸਿੰਘ, ਦੀਵਾਨਾ(ਡਾ.); ਸੂਫ਼ੀਆਂ ਦਾ ਕਲਮ ; ਲਾਹੌਰ ਬੁਕ ਸ਼ਾਪ, ਲਾਹੌਰ, 1945.

43. ਮੌਲਾ ਬਖਸ਼ ਕੁਸ਼ਤਾ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ; ਮੁਫੀਦ ਆਮ ਪ੍ਰੈਸ, ਲਾਹੌਰ, 1943.

44. ਰਤਨ ਸਿੰਘ ਜੱਗੀ, (ਡਾ.) ਵਿਚਾਰਧਾਰਾ ਪੰਜਾਬੀ ਕਿੱਸਾਕਾਰੀ, ਬਦਾਨ ਪਬਲਿਸ਼ਰਜ਼, ਪਟਿਆਲਾ, 1966.

45. ਰਾਮ ਸਿੰਘ; ਸੁਬਦ ਚਮਤਕਾਰ; ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1939.

46. ਰੋਸ਼ਨ ਲਾਲ, ਆਹੂਜਾ(ਡਾ.), ਸਾਹਿਤਸ਼ਾਸਤਰ, ਲਾਹੌਰ ਬੁਕ,ਸ਼ਾਪ, ਲੁਧਿਆਣਾ, 1973.

47. ਵੀਰ ਸਿੰਘ(ਭਾਈ) ; ਬਿਜਲੀਆਂ ਦੇ ਹਾਰ; ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ।

48. ਵੀਰ ਸਿੰਘ (ਭਾਈ), ਕੰਤ ਮਹੇਲੀ ; ਪੰਜਾਬ ਬੁਕ ਸਟੋਰ, ਨਵੀਂਦਿਲੀ1968.

ਹਿੰਦੀ ਪੁਸਤਕਾਂ

1. ਅਦਾਹਮਾਨ; ਸੰਨੇਹ ਰਾਸਇ ; . . . . . (ਦਸਵੀਂ ਸਦੀ ਵਿਚ)

2. ਅਜੁਧਿਆ ਸਿੰਹੁ, ਉਪਾਧਿਆਇ; ਰਿਤੂ ਮੁਕਰ . . . . .

3. ਅਗਰ ਚੰਦ, ਨਾਹਟਾ; ਧਰਮ ਸੂਰੀ ਸਤੁਤੀ; ਰਾਸ਼ਾਲਾ ਹਿੰਦੀ ਅਨੁਸ਼ੀਲਨ, ਪਰਯਾਗ।

4. ਹਫ਼ੀਜ਼ ਉੱਲਾ ਖਾਂ; ਖਟਰਿਤੂ ਕਾਵਿ ਸੰਗ੍ਰਹਿ : ਨਵਲ ਕਿਸ਼ੋਰ, ਕਾਨਪੁਰ, 1989, ਬਿਕਰਮੀ

5. ਹਜ਼ਾਰੀ ਪ੍ਰਸਾਦਿ ਦਵੇਦੀ, ਲੋਕ ਸਾਹਿਤ ਕੀ ਭੂਮਿਕਾ, ਜਨਪਦ; ਖੰਡ ਪਹਿਲਾ
ਅੰਕ ਪਹਿਲਾ, ਪੰਨਾ 66-67.

6. ਕਾਲੀਦਾਸ; ਰਿਤੂਸੰਹਾਰ . . . .

7. ਗਵਾਲ,; ਖਟ ਰਿਤੂ ਵਰਨਣ . . . . .

8. ਪਰਮਾ ਨੰਦ, ਸੁਹਾਨਾ . ਖਟਰਿਤੂ ਬਹਜ਼ਾਰਾ . . . .

9. ਰਾਮ ਨਾਥ ਸੁਮਨ; ਸਭਿਆਚਾਰ ਔਰ ਸੰਸਕ੍ਰਿਤੀ; ਸੁਮੇਲ ਪ੍ਰਤਿਕਾ, ਕਾਸ਼ੀ

10. ਰਾਹੁਲ ਸ਼ੰਕਰ ਤਾਇਨ, ਗੰਗਾ . .

11. ਵਿਨਯ ਚੰਦਰ, ਸੂਰੀ; ਨੇਮੀ ਨਾਥ ਚਤੁਸ਼ਪਾਦਿਕ; . . .

ਉਰਦੂ ਪੁਸਤਕਾਂ

1. ਮਸਊਦ ਸਾਅਦ ਸੁਲੇਮਾਨ; ਸ਼ਾਹ-ਹਾਏ-ਫਾਰਸੀ, 'ਸੁਹੂਰੀਆ', ਆਕਾ ਰਸ਼ੀਦ ਹਾਸ਼ਮੀ, ਤਹਿਰਾਨ, 1912.

2. ਮੁਹੰਮਦ ਅਫ਼ਜ਼ਲ ਪਾਣੀਪੱਤੀ; ਬਾਰਾਂਮਾਹ, . . . . .

3. ਹਾਫ਼ਜ਼ ਮੁਹੰਮਦ ਸ਼ੀਰਾਨੀ; ਪੰਜਾਬ ਮੇਂ ਉਰਦੂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

4. ਭਾਸ਼ਾ ਵਿਭਾਗ; ਤਾਰੀਖ਼-ਏ-ਅਦਬੇ ਉਰਦੂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

*****